# ਨਿਰੋਲ ਗਲਪ ਨੂੰ ਸਮਰਪਤ

# ਸੁਰ ਸਾਂਝ

ਜਨਵਰੀ-ਮਾਰਚ,2006, ਮੁੱਲ 20 ਰੁਪਏ



## ਭਗਵੰਤ ਰਸੂਲਪੁਰੀ

## ਦਾ ਨਵਾਂ ਕਹਾਣੀ

## ਸੰਗ੍ਰਹਿ

## ਤੀਜਾ ਨੇਤਰ

ਮੁੱਲ 50 ਰੁਪਏ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ -141001
ਫੋਨ : 0161-2413613, 2404928
ਮੋਬਾਇਲ : 98152-98459
E-mail chetnaparkashan@sify.com

ਭਗਵੰਤ ਕਹਾਣੀ-ਕਲਾ ਵਿੱਚ ਪੁਰਾਤਨ ਮਿੱਥਾਂ, ਇਤਿਹਾਸਕ/ ਮਿਥਿਹਾਸਕ ਪਾਤਰਾਂ ਨੂੰ ਅੱਜ ਦੇ ਕੰਪਿਊਟਰ ਦੇ ਸਕੈਚਾਂ, ਡਿਜ਼ਾਇਨਾ ਤੇ ਰੀਮੋਟ ਦੱਬਦੇ ਹੱਥਾਂ ਦੀ ਛੂੰਹਣ, ਮੋਬਾਇਲ ਦੇ ਚਿਹਨ, ਆਦਿ ਭਾਵਾਂ ਦੀ ਤਰਜ਼ਮਾਨੀ ਕਰਦੇ ਪ੍ਰਤੀਕਾਂ ਨੂੰ ਨਵੀਨ ਅਰਥ ਦੇ ਕੇ ਅਜਿਹੀਆਂ ਕਹਾਣੀਆਂ ਦੀ ਰਚਨਾ ਕਰਦਾ ਹੈ, ਜਿਨ੍ਹਾਂ ਵਿੱਚ ਮਰਦ ਤੇ ਔਰਤ ਦੇ ਅੰਤਰਮਨ ਦੀ ਪੀੜਾ ਤੇ ਉਸ ਦੇ ਪ੍ਰਗਟਾਵੇ ਵਿੱਚ ਕੋਈ ਅੰਤਰ ਨਹੀਂ। ਦੋਵੇਂ ਹੀ ਹੱਡ-ਮਾਸ ਦੇ ਪੁਤਲੇ, ਬੇਬਸ, ਦੱਬੇ-ਘੁੱਟੇ , ਆਪਣੀ ਮਾੜੀ ਹਾਲਤ ਲਈ ਜ਼ਿੰਮੇਵਾਰ ਨੂੰ ਕ੍ਰੋਧ ਦੀ ਅਗਨੀ ਵਿੱਚ ਭਸਮ ਕਰਨ ਲਈ ਤਤਪਰ ਕਿਤੇ ਖ਼ੂੰਖਾਰ, ਕਿਤੇ ਵਿਚਾਰੇ ਤੇ ਕਦੇ ਤਰਸਯੋਗ ਨਜ਼ਰ ਆਉਂਦੇ ਪਾਤਰ, ਬਿਨਾਂ ਕਿਸੇ ਦਾ ਪੱਖ ਪੂਰੇ ਸਿਰਫ ਹਾਲਾਤਾਂ ਤੇ ਦੁੱਖਾਂ-ਪੀੜਾਂ ਦਾ ਬਿਆਨ ਕਰ ਕਦੇ ਪਾਠਕ ਨੂੰ ਝੰਜੋੜ ਜਾਂਦੇ ਹਨ ਤੇ ਕਦੇ ਉਦਾਸ ਕਰ ਜਾਂਦੇ ਹਨ।

ਕਿਸੇ ਦੀ ਨਜ਼ਰੀਂ ਨਾ ਪੈਣ ਵਾਲਾ ਇਹ ਮਨ ਨਾ ਹੱਡ-ਮਾਸ ਦਾ ਹੈ, ਨਾ ਲਹੂ ਵੇਗ ਹੈ ਤੇ ਨਾ ਹੀ ਹੱਥ ਵਿੱਚ ਫੜਿਆ ਜਾ ਸਕਦਾ ਹੈ। ਪਰ ਫਿਰ ਵੀ ਇਹ ਦਬੋਚਿਆ ਜਾਂਦਾ ਹੈ, ਮਧੋਲਿਆ ਜਾਂਦਾ ਹੈ, ਟੁਕੜੇ-ਟੁਕੜੇ ਹੈ, ਮਨੁੱਖੀ ਸਰੀਰ, ਮਨੁੱਖੀ ਹੋਣ ਨੂੰ ਇੰਜ ਲੀਰੋ ਲੀਰ ਕਰ ਜਾਂਦਾ ਹੈ ਕਿ ਫਿਰ ਕਲੇਜੇ 'ਚੋਂ ਕਦੇ ਹੂਕ ਉਠਦੀ ਹੈ, ਕਦੇ ਤੜਪ ਉਠਦੀ ਹੈ। ਇਹ ਤੜਪ ਕਦੇ ਸ਼ਿਵ ਦੇ ਤੀਜੇ ਨੇਤਰ ਵਾਂਗ ਭਸਮ ਕਰਨਾ ਚਾਹੁੰਦੀ ਹੈ ਤੇ ਕਦੇ ਅੰਤਰਮਨ ਵਿੱਚ ਲਹਿ ਗਿਆਨ ਦਾ ਦਵਾਰ ਖੋਲ੍ਹ ਜਾਂਦੀ ਹੈ। ਕਹਾਣੀ ਜੁਗਤ ਦੇ ਨਵੇਂ ਪਸਾਰ ਖੋਲਦੀ ਹੈ ਇਹ ਕਿਤਾਬ 'ਤੀਜਾ ਨੇਤਰ'।

*- ਡਾ. ਜਸਵਿੰਦਰ ਕੌਰ ਬਿੰਦਰਾ*

*ਗਲਪ ਨੂੰ ਸਮਰਪਤ*

# ਸੁਰ ਸਾਂਝ

ਸਾਲ:8 ,ਅੰਕ: 1-3, ਜਨਵਰੀ-ਮਾਰਚ,06



ਮੁੱਖ ਸੰਪਾਦਕ
**ਭਗਵੰਤ ਰਸੂਲਪੁਰੀ**
**Mob.-94170 64350**
**e-mail :**
**sur_sanjh@yahoo.co.in**



ਚੰਦਾ
ਮੁੱਲ : 200 ਰੁਪਏ 10 ਅੰਕ
ਡਾਲਰ : 25, ਪੌਂਡ : 20



ਸਲਾਹਕਾਰ
ਸੁਰਜੀਤ ਸੁਮਨ (ਆਨ.)
98144-30874

ਰਚਨਾਵਾ ਦੇ ਚੰਦੇ ਭੇਜਣ ਦਾ ਪਤਾ
**Editor**
**SUR SANJH**
**Vill.-Dharampur,**
**P.O.- Khambra**
**Distt. Jalandhar-144026**
**PUNJAB**

**Ph. 0181-2791238**

ਕੋਰੀਅਰ ਰਾਹੀ ਮੈਟਰ ਭੇਜਣ ਲਈ ਪਤਾ
**Ed. Sur Sanjh**
**Near Octory No.11,**
**T. V. Tower, Nakodar Road,**
**Jalandhar**
**Mob. 94170-64350**


ਤਰਤੀਬ


*ਸੰਪਾਦਕੀ*

1. ਸਾਹਿਤ ਦੀ ਸਿਆਸਤ ........................ 4
2. ਆਤਮ ਕਥਨ / ਪਰਗਟ ਸਿੰਘ ਸਿੱਧੂ ..........5
3. ਕਾਲਮ-
ਦਿੱਸਦੇ 'ਚੋਂ ਅਣਦਿਸੱਦੇ ਦਾ ਪਾਸਾਰ-3 (ਡਾ. ਬਿੰਦਰਾ)
(ਗੁਰਬਚਨ ਭੁੱਲਰ ਦੀ ਕਹਾਣੀ ਮੈਂ ਗਜਨਵੀਂ ਨਹੀਂ) .. 22
4. ਸਮੇਂ ਉਤੇ ਵਿਜੈ ਦੀ ਗਾਥਾ / ਭੁੱਲਰ.......... 25
5. ਕਹਾਣੀ ਮੈਂ ਗ਼ਜ਼ਨਵੀ ਨਹੀਂ / ਭੁੱਲਰ ........... 27
6. ਮੁਲਾਕਾਤ-
ਬਲਜੀਤ ਕੌਰ ਬਲੀ ਨਾਲ ................... 32
7. ਦਲਿਤਾ ਦੇ ਰਾਜਸੀ ਅਧਿਕਾਰਾਂ ਦਾ ਦਸਤਾਵੇਜ਼ ਪੂਨਾ
ਪੈਕਟ / ਡਾ. ਗੁਰਮੀਤ ਕੱਲਰ ਮਾਜਰੀ ........ 40
8. ਪੰਜਾਬੀ ਕਹਾਣੀ ਵਿਚ ਦਲਿਤ ਚੇਤਨਾ
ਮਨਦੀਪ ਕੌਰ ................................ 50
9. ਨਾਵਲ ਕਾਂਡ-ਹੈਡਮਾਸਟਰ
ਕਰਨੈਲ ਸਿੰਘ ਨਿੱਝਰ ......................... 54
10. ਕਹਾਣੀ/ਬਸ ਇਕ ਖਾਲੀ ਖੁੱਲ੍ਹੀ ਬੰਦ
ਖਾਲਿਦ ਫਰਹਾਦ ਧਾਰੀਵਾਲ .................. 59
11. ਕਹਾਣੀ/ਸ਼ਨਾਖ਼ਤ/
ਦਵਿੰਦਰ ਸਿੰਘ ਮਲਹਾਂਸ .................... 65
12. ਆਖਰ ਕਦੋਂ ਤੱਕ / ਬਲਕਾਰ ਸਿੰਘ .........68
13. ਨਾਵਲ 'ਸਵਾਰੀ' ਡਾ. ਜਗਬੀਰ ਸਿੰਘ ....... 70


ਟਾਈਟਲ-ਸੁਬਾਚਨ ਯਾਦਵ


*ਐਡੀਟਰ, ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਭਗਵੰਤ ਰਸੂਲਪੁਰੀ ਨੇ ਰਚਨਾ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ ਦਫ਼ਤਰ 'ਸੁਰ ਸਾਂਝ' ਪਿੰਡ ਧਰਮ ਪੁਰ, ਡਾਕ.-ਖਾਂਬਰਾ , ਜ਼ਿਲ੍ਹਾਂ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ ਭਗਵੰਤ ਰਸੂਲਪੁਰੀ*




ਸੰਪਾਦਕੀ

## ਸਾਹਿਤ ਦੀ ਸਿਆਸਤ

ਪੰਜਾਬੀ ਸਾਹਿਤ ਵਿਚ ਸਿਆਸਤ ਤਾਂ ਕਾਫੀ ਦੇਰ ਤੋਂ ਚੱਲੀ ਆ ਰਹੀ ਹੈ। ਇਸ ਸਿਆਸਤ ਉਤੇ ਜਿੱਥੇ ਵਿਦੇਸ਼ੀ ਪ੍ਰਭਾਵ ਕਾਫੀ ਹੈ, ਉਥੇ ਯੂਨੀਵਰਸਿਟੀਆਂ ਦਾ ਪ੍ਰਭਾਵ ਵੀ ਕਾਫੀ ਸੰਘਣਾ ਹੈ। ਜੇ ਕੋਈ ਵਿਦਿਆਰਥੀ ਇਸ 'ਤੇ ਪੀ. ਐਚ. ਡੀ. ਦੀ ਡਿੱਗਰੀ ਕਰਨੀ ਚਾਹੇ ਤਾਂ ਉਸ ਨੂੰ ਕਾਫੀ ਸਮੱਗਰੀ ਅਸਾਨੀ ਨਾਲ ਮਿਲ ਸਕਦੀ ਹੈ। ਇਸ ਸਿਆਸਤ ਦੇ ਕਈ ਰੂਪ ਤੇ ਪੱਖ ਹਨ। ਅੱਜ ਦੇ ਸਮੇਂ 'ਚ ਵੱਡਾ ਸਾਹਿਤਕਾਰ ਉਹ ਹੀ ਕਹਾਉਂਦਾ ਹੈ ਜਿਹਦੇ ਕੋਲ ਵੱਡੀ ਕੁਰਸੀ ਹੈ, ਵੱਡਾ ਸਾਹਿਤਕ ਅਦਾਰਾ ਹੈ ਜਾਂ ਕਿਸ ਪੱਧਰ ਤੱਕ ਉਹਨੂੰ ਸਿਆਸਤ ਦੇ ਦਾਅ-ਪੇਚ ਆਉਂਦੇ ਹਨ, ਉਹ ਕਿਸ ਪੱਧਰ ਤੱਕ ਨੀਵਾਂ ਹੋ ਸਕਦਾ ਹੈ, ਜਿਹਨੂੰ ਜੀ-ਹਜੂਰੀ ਤੇ ਤਿਕੜਮਬਾਜ਼ੀ ਆਉਂਦੀ ਹੈ। ਜਿਹਦਾ ਜਿਨ੍ਹਾ ਵੱਡਾ ਗਰੁਪ ਹੋਵੇਗਾ, ਉਹ ਉਡਾ ਵੱਡਾ ਸਾਹਿਤਕਾਰ ਹੋਵੇਗਾ। ਜਿਹਦੇ ਕੋਲ ਜਿੱਡੇ ਵੱਡੇ ਸਾਹਿਤਕ ਅਦਾਰੇ ਦੀ ਚਾਬੀ ਹੈ, ਉਹ ਹਰ ਥਾਂ, ਹਰ ਸਮੇਂ ਸਤਿਕਾਰਯੋਗ ਲੇਖਕ ਹੈ। ਉਹਨੂੰ ਕਾਲਜਾਂ ਤੋਂ, ਯੂਨੀਵਰਸਿਟੀਆਂ ਤੋਂ , ਸਾਹਿਤਕ ਅਦਾਰਿਆਂ ਤੋਂ, ਵੱਡੇ ਵੱਡੇ ਦੇਸ਼-ਵਿਦੇਸ਼ ਦੇ ਸਮਾਗਮਾਂ ਤੋਂ ਸੱਦੇ ਆਉਂਦੇ ਹੀ ਰਹਿੰਦੇ ਹਨ, ਇਨਾਮ ਮਿਲਦੇ ਰਹਿੰਦੇ ਹਨ। ਭਲਾ ਫ਼ੱਕਰ ਦਵਿੰਦਰ ਸਥਿਆਰਥੀ ਤੋਂ ਕਿਸੇ ਨੇ ਕੀ ਲੈਣਾ , ਜਾਂ ਚਾਹ ਦਾ ਖੋਖਾ ਪਾ ਕੇ ਬੈਠੇ ਲਾਲ ਸਿੰਘ ਦਿਲ ਤੋਂ ਕਿਸੇ ਸਰਕਾਰੀ -ਅਰਧ ਸਰਕਾਰੀ ਅਦਾਰੇ ਨੇ ਕੀ ਲੈਣਾ ਹੈ।

ਇਨਾਮ ਲੈਣ ਲਈ ਆਪਣੀ ਕਿਤਾਬ 'ਤੇ ਲਿਖਵਾਉਣ ਲਈ ਸਾਡੇ ਸਾਹਿਤਕਾਰ ਦੂਜਿਆਂ ਦੇ ਦਰਾਂ 'ਤੇ ਚੱਕਰ ਲਗਾਉਂਦੇ ਨੇ, ਪਰਿਵਾਰਕ ਸਾਂਝ ਪਾਉਂਦੇ ਨੇ, ਹਫ਼ਤੇ ਦਸੀਂ ਦਿਨੀਂ ਮਿਲਦੇ ਹਨ ਜਾਂ ਫ਼ੋਨ ਜਰੂਰ ਕਰਦੇ ਹਨ। ਜੇ ਕੋਈ ਸੰਸਥਾ ਸਰਵੇਖਣ ਕਰਵਾ ਰਹੀ ਹੋਵੇ ਤਾਂ ਆਪਣੀ ਰਚਨਾ ਜਾਂ ਪੁਸਤਕ ਦਾ ਨਾਂ ਲਿਖਵਾਉਣ ਲਈ ਬੇ ਝਿਜਕ ਹੋ ਕੇ ਕਹਿੰਦੇ ਹਨ। ਸਾਡੇ ਸਾਹਿਤਕਾਰ ਇਹ ਭਰਮ ਪਾਲੀ ਬੈਠੇ ਹਨ ਕਿ ਉਤਮ ਰਚਨਾ ਆਉਣ ਨਾਲ ਸਾਡੀ ਰਚਨਾ ਵੱਡੀ ਹੋ ਜਾਂਦੀ ਹੈ ਤੇ ਅਸੀਂ ਵੱਡੇ ਕੱਦ ਦੇ ਲੇਖਕ ਬਣ ਜਾਂਦੇ ਹਾਂ। ਕਿਤਾਬਾਂ ਪਰਸ਼ਾਦ ਵਾਂਗ ਵੰਡ ਕੇ ਸਰਵਉਤਮ ਸਾਹਿਤਕਾਰ ਦੀ ਉਪਾਧੀ ਪ੍ਰਾਪਤ ਕਰਨ ਦਾ ਇਹ ਬੜਾ ਉਤਮ ਫ਼ਾਮੂਲਾ ਬਣ ਗਿਆ ਹੈ।

ਸਾਡੇ ਸਾਹਿਤਕਾਰ ਖਾਸ ਕਰਕੇ ਮੇਰੇ ਸਮਕਾਲੀ ਸਾਹਿਤਕਾਰ ਸਾਹਿਤ ਪੜ੍ਹਨ 'ਤੇ ਘੱਟ ਸਮਾਂ ਲਾਉਂਦੇ ਹਨ ਵੱਧ ਸਮਾਂ ਸਾਹਿਤਕ ਸੰਪਰਕ 'ਚ ਰਹਿਣ , ਮੇਲ ਮਿਲਾਪ ਵੱਲ ਵੱਧ ਸਮਾਂ ਲਾਉਂਦੇ ਹਨ।

ਸਾਡੇ ਪੰਜਾਬੀ ਲੇਖਕਾਂ ਵਿਚ ਪਾਕਿਸਤਾਨੀ ਸਾਹਿਤਕਾਰਾਂ ਪ੍ਰਤੀ ਬੜੀ ਭਾਵੁਕ ਪਹੁੰਚ ਰਹੀ ਹੈ। ਜਿਹਨੂੰ ਆਪਣੀ ਜ਼ੁਬਾਨ 'ਚ ਕੋਈ ਨ੍ਹੀਂ ਜਾਣਦਾ ਉਹਨੂੰ ਅਸੀਂ ਵੱਡਾ ਸਾਹਿਤਕਾਰ ਬਣਾ ਕੇ ਉਹਦੇ ਪਰਮੋਟਰ ਬਣ ਬੈਠਦੇ ਹਾਂ, ਉਹਦੇ ਰੂ ਬ ਰੂ ਕਰਵਾਉਂਦੇ ਹਾਂ, ਉਹਦੇ ਤੇ ਵੱਖ ਵੱਖ ਥਾਂਵਾ ਤੇ ਸਨਮਾਨ ਕਰਵਾਉਂਦੇ ਹਾਂ। ਪਿਛਲੇ ਦਿਨੀਂ ਇਕ ਮਾਂ ਬੋਲੀ ਦਾ 'ਸਕਾ ਤੇ ਸਭ ਤੋਂ ਪਿਆਰਾ' ਪੁੱਤ, ਉਰਦੂ ਜ਼ੁਬਾਨ ਦਾ ਇਕ ਲੇਖਕ ਆਇਆ, ਉਸ ਨੇ ਬੜੀਆਂ ਫ਼ਜ਼ੂਲ ਕਿਸਮ ਦੀਆਂ ਗੱਲਾਂ ਕੀਤੀਆਂ, ਉਹ ਸਟੇਜ ਤੇ ਚੜ੍ਹ ਕੇ ਨਾਟਕ ਕਰਦਾ ਰਿਹਾ, ਲਤੀਫ਼ੇ ਸੁਣਾਉਂਦਾ ਰਿਹਾ, ਪੰਜਾਬੀ ਮਾਂ ਬੋਲੀ ਦੇ ਨਾਂ ਉਤੇ ਭਾਵੁਕ ਕਰਦਾ ਰਿਹਾ, ਜਿਹਨੇ ਸਾਹਿਤ ਦੀ ਗੱਲ ਭੋਰਾ ਵੀ ਨਹੀਂ ਕੀਤੀ। ਤੇ ਕੁਰਸੀਆਂ ਤੋਂ 'ਵਾਹ ਵਾਹ' 'ਕਮਾਲ ਕਰ 'ਤੀ' ਹੁੰਦੀ ਰਹੀ। ਇਹ ਕੁਝ ਸਾਡੇ ਸਮਿਆਂ 'ਚ ਹੁੰਦਾ ਹੀ ਰਹਿਣਾ ਹੈ, ਕਿਉਂਕਿ ਇਹੋ ਜਿਹੇ ਬੰਦਿਆਂ ਨੂੰ ਪਰਮੋਟ ਕਰਨ ਦਾ ਟੈਂਡਰ ਭਰਨ ਵਾਲੇ ਸਾਡੇ ਏਥੇ ਬਹੁਤ ਬੈਠੇ ਹਨ।

**- ਭਗਵੰਤ ਰਸੂਲਪੁਰੀ**

## ਆਤਮ ਕਥਨ

## ਮੇਰਾ ਜੀਵਨ ਰੇਗਿਸਤਾਨ ਵਰਗਾ ਹੈ / ਪਰਗਟ ਸਿੰਘ ਸਿੱਧੂ

ਮੇਰੀਆਂ ਅੱਖਾਂ ਤਾਂ ਉਜਾੜ-ਬੀਆਬਾਨ ਦੇ ਖੂਹ ਵਾਂਗ ਹਨ, ਜਿਨ੍ਹਾਂ ਵਿੱਚੋਂ ਕੋਈ ਭੁੱਲਿਆ ਭਟਕਿਆ ਮੁਸਾਫ਼ਰ ਹੀ ਪਾਣੀ ਪੀਂਦਾ ਹੈ। ਭਰ ਜਵਾਨੀ ਦੀ ਉਮਰ ਫ਼ੌਜ਼ ਦੀ ਨੌਕਰੀ ਕਰਦਿਆਂ ਲੰਘ ਗਈ। ਮੇਰੀ ਜ਼ਿੰਦਗੀ ਤਾਂ ਰੇਗਿਸਤਾਨ ਦੀ ਤਰ੍ਹਾਂ ਹੈ। ਇਸ ਵਿੱਚ ਦੂਰ ਦੂਰ ਤੱਕ ਕਿਧਰੇ ਮੁਹੱਬਤ ਦੀ ਛਾਂ ਨਹੀਂ। ਮੇਰੀ ਜ਼ਿੰਦਗੀ ਵਿੱਚ ਕੋਈ ਕੁੜੀ ਜਾਂ ਔਰਤ ਨਹੀਂ ਆਈ। ਔਰਤ ਲਈ ਇੱਕ ਸਦੀਵੀਂ ਭੁੱਖ ਮੇਰੀਆਂ ਅੱਖਾਂ ਵਿੱਚ ਵਸ ਗਈ। ਹੁਣ ਵੀ ਖ਼ੂਬਸੂਰਤ, ਭੋਲੇ ਤੇ ਪਿਆਰੇ ਚਿਹਰੇ ਮੇਰੇ ਸਾਹਮਣੇ ਆ ਜਾਣ, ਮੈਂ ਦੇਖਦਾ ਰਹਿ ਜਾਂਦਾ ਹਾਂ। ਚਿਹਰੇ ਤੋਂ ਨਿਗਾਹ ਨਹੀਂ ਹਟਦੀ। ਜਦ ਹੁਣ ਤੱਕ ਕੋਈ ਹਮਸਫ਼ਰ ਜ਼ਿੰਦਗੀ ਦੇ ਸਫ਼ਰ ਵਿੱਚ ਨਹੀਂ ਮਿਲਿਆ, ਹੁਣ ਕਿੱਥੇ ਮਿਲਣਾ ਹੈ? ਹੁਣ ਤਾਂ ਜ਼ਿੰਦਗੀ ਦੇ ਰੁੱਖ ਦੇ ਪੱਤੇ ਇੱਕ-ਇੱਕ ਕਰ ਕੇ ਝੜ ਰਹੇ ਨੇ। ਇਸ ਦੀ ਛਾਂ ਮਾਨਣ ਲਈ ਕੋਈ ਕੀ ਆਵੇਗਾ? ਜ਼ਿੰਦਗੀ ਦੀ ਦੁਪਹਿਰ ਤਾਂ ਭਟਕਦਿਆਂ ਹੀ ਲੰਘ ਗਈ, ਸ਼ਾਮ ਦਾ ਕੀ ਹੈ ? ਇਹ ਤਾਂ ਬਹੁਤ ਜਲਦੀ ਮੁੱਕ ਜਾਂਦੀ ਹੈ। ਜਵਾਨੀ ਵੇਲੇ ਗੋਲਾ ਤੇ ਪੰਜਸੇਰੀ ਸੁਟਦਾ ਸਾਂ। ਮੈਂ ਪਿੰਡ ਵਿੱਚੋਂ ਪੰਜਸੇਰੀ ਸਭ ਤੋਂ ਅੱਗੇ ਸੁੱਟਦਾ ਸਾਂ, ਗੋਲਾ ਦੂਜੇ ਨੰਬਰ 'ਤੇ। ਕਬੱਡੀ ਵੀ ਖੇਡਦਾ ਰਿਹਾਂ ਹਾਂ।

ਮੇਰਾ ਬਚਪਨ ਇੱਕ ਦੁਸ੍ਵਪਨ ਦੀ ਤਰ੍ਹਾਂ ਹੈ। ਮੇਰਾ ਬਚਪਨ ਤੋਂ ਜਵਾਨੀ ਤੱਕ ਦਾ ਸਫ਼ਰ ਇੱਕ ਰੇਗਿਸਤਾਨ ਦਾ ਸਫ਼ਰ ਸੀ। ਦੂਰ ਦੂਰ ਤੱਕ ਪੈਰਾਂ ਹੇਠ ਤਪਦੀ ਰੇਤ। ਗਰਮ, ਤੇਜ ਹਵਾਵਾਂ ਸਨ। ਕਿਧਰੇ ਕੋਈ ਛਾਂ ਦਾਰ ਰੁੱਖ ਨਹੀਂ ਸੀ। ਪਰ ਵਕਤ ਕਦੀ ਰੁਕਦਾ ਨਹੀਂ। ਔਖੇ ਤੋਂ ਔਖਾ ਸਫ਼ਰ ਵੀ ਇੱਕ ਦਿਨ ਮੁੱਕ ਜਾਂਦਾ ਹੈ। ਮੇਰਾ ਪਿਤਾ ਇੱਕ ਛੋਟਾ ਕਿਸਾਨ ਸੀ। ਬੇਹੱਦ ਅੜਬ ਤੇ ਖਚਰੇ ਸੁਭਾਅ ਵਾਲਾ। ਮਾਂ ਨੂੰ ਗੁਰਬਤ ਨੇ ਰੁੱਖੀ ਤੇ ਬੜਬੋਲੀ ਬਣਾ ਦਿੱਤਾ ਸੀ। ਭਾਵੇਂ ਮੇਰੇ ਮਾਂ ਬਾਪ ਜੀਵਤ ਸਨ, ਪਰ ਇੰਨਾਂ ਦੇ ਹੁੰਦਿਆਂ ਵੀ ਮੈਂ ਅਨਾਥ ਸੀ। ਮੈਨੂੰ ਨਹੀਂ ਯਾਦ ਕਿ ਕਦੀ ਮੇਰੇ ਪਿਤਾ ਨੇ ਮੈਨੂੰ ਮੋਹ ਨਾਲ ਬੁਲਾਇਆ ਹੋਵੇ। ਗੋਦੀ ਵਿੱਚ ਬਿਠਾਉਣਾ ਤੇ ਪਿਆਰਨਾ ਪੁਚਕਾਰਨਾ ਤਾਂ ਬਹੁਤ ਦੂਰ ਦੀਆਂ ਗੱਲਾਂ ਨੇ। ਸ਼ਾਇਦ ਇਹੀ ਵਜ੍ਹਾ ਹੈ ਕਿ ਬਚਪਨ ਦੀਆਂ ਸਾਰੀਆਂ ਯਾਦਾਂ ਮੇਰੇ ਮਨ ਨੇ ਦਿਲ ਦੀ ਤਖ਼ਤੀ ਤੋਂ ਮੇਟ ਦਿੱਤੀਆਂ ਹਨ। ਜੇ ਮੈਂ ਸਵੈ-ਜੀਵਨੀ ਲਿਖਣੀ ਚਾਹਾਂ, ਤਾਂ ਮੈਂ ਆਪਣੇ ਬਚਪਨ ਬਾਰੇ ਕੁਝ ਨਹੀਂ ਦੱਸ ਸਕਾਂਗਾ। ਦੋਸਤ-ਮਿੱਤਰ ਜਦੋਂ ਬਚਪਨ ਦੀਆਂ ਗੱਲਾਂ ਦਸਦੇ ਨੇ ਤਾਂ ਮੈਂ ਸੁਣਕੇ ਹੈਰਾਨ ਹੁੰਦਾ ਹਾਂ ਕਿ ਇਹ ਘਟਨਾਵਾਂ ਮੇਰੇ ਨਾਲ ਵਾਪਰੀਆਂ ਨੇ। ਪਰ ਮੈਨੂੰ ਕੁਝ ਵੀ ਯਾਦ ਨਹੀਂ। ਬਚਪਨ ਦੇ ਇਸ ਨਰਕੀ ਜੀਵਨ ਵਿੱਚ ਸਿਰਫ ਦੋ ਹੀ ਚੀਜ਼ਾਂ ਸਨ, ਜਿੰਨਾਂ ਕਾਰਨ ਮੈਂ ਇਹ ਜੀਵਨ ਜੀਅ ਸਕਿਆ। ਮੇਰੇ ਦੋਸਤ ਤੇ ਕੁਝ ਕੁੜੀਆਂ ਜਿੰਨ੍ਹਾਂ ਦੀਆਂ ਮਿੱਠੀਆਂ ਮੁਸਕਾਨਾਂ ਜ਼ਿੰਦਗੀ ਵਿੱਚ ਰੰਗ ਭਰਦੀਆਂ ਸਨ। ਘਰੋਂ ਬਾਹਰ ਨਿੱਕਲ ਕੇ ਜਦੋਂ ਇੰਨ੍ਹਾਂ ਨੂੰ ਮਿਲਦਾ ਸਾਂ ਤਾਂ ਜਾਪਦਾ ਸੀ ਕਿ ਜ਼ਿੰਦਗੀ ਵਿੱਚ ਵੀ ਮਹਿਕ ਦੇ ਕਣ ਸਨ। ਦਸਵੀਂ ਜਮਾਤ ਤੱਕ ਕਿਸੇ ਨੇ ਮੈਨੂੰ ਪੱਗ ਨਹੀਂ ਸੀ ਖਰੀਦ ਕੇ ਦਿੱਤੀ। ਮਾਂ ਦੇ ਦੁਪੱਟੇ ਪੱਗ ਦੀ ਥਾਂ ਬੰਨ੍ਹਦਾ ਰਿਹਾ। ਦੋ ਭਰਾ ਹੋਰ ਸਨ। ਉਹ ਦੋਵੇਂ ਮਾਂ ਬਾਪ ਲਈ ਕਾਫੀ ਪਿਆਰੇ ਸਨ। ਪੜ੍ਹਨ ਵਿੱਚ ਵੀ ਮੈਂ ਇੱਕ ਨਲਾਇਕ ਵਿਦਿਆਰਥੀ ਸੀ, ਪਰ ਆਪਣੇ ਭਰਾਵਾਂ ਅਤੇ ਮਾਂ ਬਾਪ ਤੋਂ ਅਲੱਗ ਮੇਰੇ ਵਿੱਚ ਇੱਕ ਗੁਣ ਸੀ, ਉਹ ਇਹ ਕਿ ਔਖੇ ਤੋਂ ਔਖੇ ਸਮੇਂ ਵੀ ਹੌਸਲਾ ਨਾ ਛੱਡਣਾ। ਸੰਘਣੇ ਤੋਂ ਸੰਘਣੇ ਹਨੇਰੇ ਵਿੱਚ ਵੀ ਰਾਹ ਤਲਾਸ ਕਰਦੇ ਰਹਿਣਾ।

ਸਾਹਿਤ ਪੜ੍ਹਨਾ, ਗੋਲਾ ਤੇ ਪੰਜਸੇਰੀ ਸੁੱਟਣੀ, ਕਬੱਡੀ ਖੇਡਣਾ ਚੜ੍ਹਦੀ ਜਵਾਨੀ ਤੱਕ ਮੇਰੇ ਸ਼ੌਕ ਸਨ। ਆਰਥਿਕ ਤੰਗੀਆ ਦੇ ਬਾਵਜੂਦ ਨਰੋਆ ਤੇ ਤੰਦਰੁਸਤ ਮੇਰਾ ਸਰੀਰ ਸੀ। ਪਰ ਸਾਡਾ



ਘਰ ਨਰਕ ਦੇ ਸਮਾਨ ਸੀ। ਹਰ ਸਮੇਂ ਲੜਾਈ ਝਗੜਾ ਤੇ ਗਾਲਾਂ ਸੁਣਨ ਨੂੰ ਮਿਲਦੀਆਂ ਸਨ। ਫਿਰ ਚੀਨ ਨੇ 1962 ਵਿੱਚ ਭਾਰਤ ਉੱਤੇ ਹਮਲਾ ਕਰ ਦਿੱਤਾ। ਚੀਨੀ ਫ਼ੌਜ਼ ਭਾਰਤੀ ਫ਼ੌਜ਼ ਦੇ ਜਵਾਨਾਂ ਨੂੰ ਖੋਖਰੀਆਂ ਨਾਲ ਕਟਦੀ ਅਤੇ ਤੇਜੀ ਨਾਲ ਅੱਗੇ ਵਧਦੀ ਤੇਜਪੁਰ (ਆਸਾਮ) ਤੱਕ ਪੁੱਜ ਗਈ। ਜਵਾਹਰ ਲਾਲ ਨਹਿਰੂ ਦੇ ਆਦਰਸਕ ਸੁਪਨੇ ਇੱਕ ਝਟਕੇ ਨਾਲ ਬਿਖਰ ਕੇ ਟੁੱਟ ਗਏ। ਫੇਰ ਭਾਰਤ ਦੀ ਸੈਨਿਕ ਸ਼ਕਤੀ ਵਧਾਉਣ ਵੱਲ ਧਿਆਨ ਦਿੱਤਾ ਗਿਆ। ਫੌਜ ਵਿੱਚ ਭਰਤੀ ਬੜੇ ਜੋਰ ਸ਼ੋਰ ਨਾਲ ਹੋਣ ਲੱਗੀ। ਮੈਂ ਵੀ ਹੋਰ ਦੋਸਤਾਂ ਨਾਲ ਨਾਭੇ ਜਾ ਕੇ ਭਰਤੀ ਹੋ ਗਿਆ। ਇੱਕ ਅਸਲੋਂ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਹੋ ਗਈ।

ਘਰ ਦੀਆਂ ਆਰਥਿਕ ਤੰਗੀਆਂ ਤਾਂ ਖ਼ਤਮ ਹੋ ਗਈਆਂ ਪਰ ਸੈਨਿਕ ਜੀਵਨ ਦੇ ਅਨੁਸਾਸ਼ਨ ਨੇ ਤੇ ਸਮਾਜਿਕ ਜੀਵਨ ਤੋਂ ਅਲੱਗ ਹੋਣ ਨੇ ਇੱਕ ਓਪਰੀ ਦੁਨੀਆਂ ਦਾ ਵਾਸੀ ਬਣਾ ਦਿੱਤਾ। ਇੱਥੇ ਰਹਿੰਦਿਆ ਹੀ ਮੈਂ ਨਾਵਲਿਟ 'ਰੇਗਿਸਤਾਨ ਦਾ ਸਫ਼ਰ' ਤੇ 'ਪ੍ਰੀਤੋ' ਜਿਹੀਆਂ ਰਚਨਾਵਾਂ ਸੈਨਿਕ ਜੀਵਨ ਸੰਬੰਧੀ ਲਿਖੀਆਂ। ਇਹ ਜੀਵਨ ਵੀ ਮੈਨੂੰ ਰਾਸ ਨਾ ਆਇਆ। ਇਸ ਜੀਵਨ ਬਾਰੇ ਉਹੀ ਜਾਣ ਸਕਦਾ ਹੈ ਜਿਸਨੇ ਸੈਨਿਕ ਜੀਵਨ ਜੀਵਿਆ ਹੈ, ਦੂਜਾ ਨਹੀਂ। ਮਨ ਕਰਦਾ ਹੈ, ਇਸ ਜੀਵਨ ਸੰਬੰਧੀ ਪੂਰਾ ਨਾਵਲ ਲਿਖਾਂ। ਹਾਂ ਮੈਂ ਆਪਣੀ ਬੀ ਏ , ਐਮ ਏ ਅਤੇ ਬੀ ਐਡ ਵੀ ਫ਼ੌਜ਼ ਵਿੱਚ ਹੀ ਕੀਤੀ ਇਹ ਮੇਰੇ ਫ਼ੌਜ਼ੀ ਜੀਵਨ ਦੀ ਇੱਕ ਪ੍ਰਾਪਤੀ ਸਮਝ ਲਵੋ।

ਪੜ੍ਹਨ ਦਾ ਸ਼ੌਕ ਬਹੁਤ ਛੋਟੀ ਉਮਰ ਤੋਂ ਹੀ ਸੀ। ਮੈਂ ਸੱਤਵੀਂ ਜਮਾਤ ਵਿੱਚ ਪੜ੍ਹਦਾ ਸੀ ਜਦੋਂ ਨਾਨਕ ਸਿੰਘ ਦੇ ਕਈ ਨਾਵਲ ਪੜ੍ਹ ਲਏ ਸਨ। ਫੇਰ ਜਸਵੰਤ ਸਿੰਘ ਕੰਵਲ ਦਾ ਨਾਵਲ 'ਪੂਰਨਮਾਸੀ' ਕਈ ਵਾਰ ਪੜ੍ਹਿਆ । ਅੱਠਵੀਂ ਵਿੱਚ ਪੜ੍ਹਨ ਸਮੇਂ ਮੈਨੂੰ ਯਾਦ ਹੈ ਮੈਂ ਇੱਕ ਕਾਫੀ ਵੱਡਾ ਨਾਵਲ ਲਿਖਿਆ ਸੀ। ਇਹ ਨਾਨਕ ਸਿੰਘ ਦੇ ਨਾਵਲਾਂ ਨੂੰ ਮਾਡਲ ਮੰਨ ਕੇ ਲਿਖਿਆ ਸੀ। ਹੁਣ ਉਸਦੀ ਪਾਂਡੂ ਲਿੱਪੀ ਮੇਰੇ ਕੋਲ ਨਹੀਂ। ਮੈਂ ਇਹ ਨਾਵਲ ਜਸਵੰਤ ਸਿੰਘ ਕੰਵਲ ਨੂੰ ਪੜ੍ਹਨ ਲਈ ਦਿੱਤਾ। ਉਹ ਸੰਗਰੂਰ ਰਣਬੀਰ ਕਾਲਜ ਦਾ ਵਿਦਿਆਰਥੀ ਸੀ। ਉਹਨੇ ਨਾਵਲ ਪੜ੍ਹ ਕੇ ਕਿਹਾ ਤੂੰ ਇੱਕ ਵਧੀਆ ਲੇਖਕ ਬਣੇਂਗਾ। ਪਤਾ ਨਹੀਂ ਉਹਨੇ ਇਹ ਗੱਲ ਮੇਰਾ ਹੌਂਸਲਾ ਵਧਾਉਣ ਲਈ ਕਹੀ ਜਾਂ ਸੱਚਮੁੱਚ ਹੀ ਉਸਨੂੰ ਮੇਰੇ ਵਿੱਚੋਂ ਕੋਈ ਸੰਭਾਵਨਾ ਨਜ਼ਰ ਆਈ। ਖ਼ੈਰ, ਨਾਵਲ ਤਾਂ ਉਹ ਐਵੇਂ ਹੀ ਹੋਵੇਗਾ। ਅੱਠਵੀਂ ਜਮਾਤ ਦਾ ਵਿਦਿਆਰਥੀ ਨਾਵਲ ਕਿਵੇਂ ਲਿਖ ਸਕਦਾ ਹੈ ? ਉਹਨਾਂ ਹੀ ਦਿਨਾਂ ਵਿੱਚ ਮੈਂ ਕੁਝ ਕਵਿਤਾਵਾਂ ਤੇ ਗੀਤ ਵੀ ਲਿਖੇ ਫੇਰ ਹੌਲੀ ਹੌਲੀ ਮੈਂ ਕਹਾਣੀ ਲਿਖਣ ਲੱਗ ਪਿਆ। ਮੈਂ 1963 ਵਿੱਚ ਲਿਖਣਾ ਸ਼ੁਰੂ ਕੀਤਾ ਸੀ। ਉਦੋਂ ਮੈਂ ਬਾਈ ਤੇਈ ਸਾਲ ਦਾ ਸੀ। ਪਹਿਲਾਂ-ਪਹਿਲ ਮੈਂ 'ਫਿਲਮੀ ਸੰਸਾਰ' ਵਰਗੇ ਪਰਚਿਆ ਵਿੱਚ ਛਪਿਆ ਕਰਦਾ ਸੀ। ਫੇਰ ਮੇਰੀਆ ਕਹਾਣੀਆ ਸਾਹਿਤਕ ਪਰਚਿਆਂ ਵਿੱਚ ਛਪਣ ਲੱਗ ਪਈਆਂ, 'ਪ੍ਰੀਤਲੜੀ' , 'ਕਹਾਣੀ', 'ਕਵਿਤਾ' ਆਦਿ ਵਿੱਚ।

ਹਾਂ ਇੱਕ ਅਜਿਹੀ ਪਾਤਰ ਹੈ ਸੀ, ਜਿਸਨੂੰ ਮੈਂ ਆਪਣੀ ਪੁਸਤਕ 'ਹਵਾ ਵਿੱਚ ਲਟਕਦਾ ਆਦਮੀ' ਸਮਰਪਿਤ ਕੀਤੀ ਸੀ। ਇਹਦਾ ਜਿਕਰ ਮੈਂ ਆਪਣੇ ਆਤਮ ਕਥਨ ਵਿੱਚ ਕੀਤਾ ਹੈ। ਕੱਚੀ ਉਮਰ ਵਿੱਚ ਸਾਡੀਆਂ ਅੱਖਾਂ ਵਿੱਚ ਕੁਝ ਸੁਪਨੇ ਉੱਗਦੇ ਹਨ। ਉਹ ਖਿੜਦੇ ਵੀ ਨੇ, ਮਹਿਕਦੇ ਵੀ ਨੇ। ਇਸੇ ਤਰ੍ਹਾਂ ਉਹ ਮੇਰੀ ਕੱਚੀ ਉਮਰ ਸੀ। ਉਸ ਸਮੇਂ ਇੱਕ ਕੁੜੀ ਮੈਨੂੰ ਬਹੁਤ ਪਿਆਰੀ ਲਗਦੀ ਸੀ। ਪਰ ਮੈਂ ਉਹਨੂੰ ਛੋਹ ਕੇ ਕਦੇ ਵੀ ਨਹੀਂ ਸੀ ਦੇਖਿਆ। ਮੈਂ ਉਸਨੂੰ ਬੇਹੱਦ ਪਿਆਰ ਕਰਦਾ ਸੀ। ਜੇਕਰ ਉਹ ਭਾਰਾ ਬੱਠਲ ਚੁੱਕੀਂ ਜਾਂਦੀ ਹੁੰਦੀ ਤਾਂ ਮੇਰਾ ਦਿਲ ਕਰਦਾ ਉਤਾਰ ਦੇਵਾਂ। ਜੇ ਉਹ ਧੁੱਪੇ ਜਾਂਦੀ ਹੁੰਦੀ ਤਾਂ ਮੇਰਾ ਦਿਲ ਕਰਦਾ ਮੈਂ ਉਹਨੂੰ ਛਾਂ ਕਰ ਦੇਵਾਂ ਅਜਿਹੇ ਖਿਆਲ ਹਰ ਇੱਕ ਦੇ ਮਨ ਵਿੱਚ ਉੱਠਦੇ ਨੇ। ਸੋ ਮੈਂ ਜਦੋਂ ਕਿਸੇ ਕਹਾਣੀ ਵਿੱਚ ਕੋਈ ਪਿਆਰਾ ਜਿਹਾ ਪਾਤਰ ਚਿਤਰਨਾ ਹੁੰਦਾ ਹੈ ਤਾਂ ਮੈਂ ਆਪਣੀ ਕਲਪਨਾ ਵਿੱਚ ਉਹਦੇ ਨਕਸ਼ ਉਤਾਰ ਕੇ ਉਸਨੂੰ ਚਿਤਰਦਾ ਹਾਂ। ਇਸ ਤੋਂ ਵੱਧ

**ਪਰਗਟ ਸਿੰਘ ਸਿੱਧੂ**

**ਪ੍ਰਸਿੱਧ ਪੰਜਾਬੀ ਗਲਪਕਾਰ। ਸੈਨਿਕ ਜੀਵਨ ਨੂੰ ਬੜੀ ਬਰੀਕੀ ਨਾਲ ਆਪਣੇ ਨਾਵਲ ਤੇ ਕਹਾਣੀਆਂ ਵਿਚ ਚਿਤਰਿਆ।**

**ਪੁਸਤਕਾਂ- ਹਵਾ ਵਿਚ ਲਟਕਦਾ ਆਦਮੀ, ਕੁਕਨੂਸ, ਆਪਣੀ ਮਿੱਟੀ ਦੀ ਸਾਜ਼ਿਸ਼, ਪ੍ਰੀਤੋ, ਰੇਗਿਸਤਾਨ ਦਾ ਸਫ਼ਰ, ਬੱਤਖ ਦੇ ਖੰਭਾ ਜਿਹੇ ਸਫੈਦ ਦਿਨ। ਹਿੰਦੀ ਵਿਚ ਛਪ ਕੇ ਵੀ ਚਰਚਾ ਵਿਚ ਆਏ।**

**ਪਤਾ-ਪਿੰਡ ਤੇ ਡਾਕਘਰ ਸੇਖਾ, ਜ਼ਿਲ੍ਹਾ ਸੰਗਰੂਰ (ਪੰਜਾਬ) 148024**

ਮੇਰੀ ਜ਼ਿੰਦਗੀ ਵਿੱਚ ਉਹ ਬਹੁਤ ਅੰਦਰ ਤੱਕ ਨਹੀਂ ਆਈ।

ਹੁਣ ਸਮਾਂ ਬਹੁਤ ਦੂਰ ਲੰਘ ਗਿਆ ਹੈ। ਤੇ ਅਸੀਂ ਉਸ ਉਮਰ ਨੂੰ ਬਹੁਤ ਪਿੱਛੇ ਛੱਡ ਆਏ ਹਾਂ, ਜਦੋਂ ਅੱਖਾਂ ਨਾਲ ਹੀ ਅਸੀਂ ਕਿਸੇ ਕੁੜੀ ਦੇ ਰੂਪ ਨੂੰ ਪੀਂਦੇ ਸੀ। ਉਹ ਸਮਾਂ ਬਹੁਤ ਦੂਰ ਚਲਿਆ ਗਿਆ ਹੈ।

ਮੈਨੂੰ ਸ਼ੁਰੂ ਤੋਂ ਹੀ ਹਰ ਵਰਗ ਦੇ ਪਾਠਕਾਂ ਦੇ ਪੱਤਰ ਮਿਲਦੇ ਰਹੇ ਹਨ। ਬਹੁਤ ਸਾਰੇ ਉੱਭਰਦੇ ਲੇਖਕਾਂ ਨੇ ਵੀ ਖ਼ਤ ਲਿਖੇ। ਇਹਨਾਂ ਵਿੱਚੋਂ ਬਹੁਤ ਸਾਰੇ ਖ਼ਤ ਅਜੇ ਵੀ ਮੇਰੇ ਕੋਲ ਸਾਂਭੇ ਪਏ ਹਨ। ਬੀਬਾ ਕੁਲਵੰਤ ਨੇ, ਜਿਹੜੀ ਅੱਜ ਕੱਲ ਅਖ਼ਬਾਰਾਂ ਵਿੱਚ ਲੇਖਕਾਂ ਨਾਲ ਮੁਲਾਕਾਤਾਂ ਕਰ ਰਹੀ ਹੈ, ਇੱਕ ਵਾਰ ਕਾਰਡ ਉੱਤੇ ਮੈਨੂੰ ਲਿਖਿਆ, "ਤੁਸੀਂ ਬਹੁਤ ਵਧੀਆ ਲਿਖ ਰਹੇ ਹੋ। ਤੁਰਦੇ ਜਾਵੋ। ਜੇ ਕਦੇ ਲੋੜ ਪਵੇ ਤਾਂ ਮੈਨੂੰ ਆਵਾਜ਼ ਮਾਰ ਲੈਣੀ।" ਜੇ ਅਜਿਹਾ ਖ਼ਤ ਕੋਈ ਮੈਨੂੰ ਅੱਜ ਲਿਖੇ, ਮੈਂ ਇਸਨੂੰ ਇੱਕ ਪਾਠਕ ਦੀ ਸੁਹਿਰਦ ਪ੍ਰਤੀਕ੍ਰਿਆ ਹੀ ਕਹਾਂਗਾ। ਪਰ ਉਸ ਸਮੇਂ ਪਾਠਕਾਂ ਦੇ ਅਜਿਹੇ ਖ਼ਤ ਪ੍ਰੇਰਨਾ ਦਾਇਕ ਸਿੱਧ ਹੁੰਦੇ ਸਨ।

ਬੋਲੇ ਤਾਰਾ ਰਾਰਾ ਜਿਹੇ ਊਟ ਪਟਾਂਗ ਗੀਤ ਮੈਨੂੰ ਬਿਲਕੁਲ ਚੰਗੇ ਨਹੀਂ ਲੱਗਦੇ। ਇਸੇ ਕਾਰਨ ਦਲੇਰ ਮਹਿੰਦੀ ਮਲਕੀਤ ਆਦਿ ਨੂੰ ਸੁਣਨਾ ਮੈਨੂੰ ਬਿਲਕੁਲ ਪਸੰਦ ਨਹੀਂ। ਫਿਲਮੀ ਗੀਤ ਵੀ ਉਹੀ ਪਸੰਦ ਨੇ ਜਿੰਨਾਂ ਵਿੱਚ ਕਵਿਤਾ ਹੋਵੇ। ਮੈਨੂੰ ਗੁਲਾਮ ਅਲੀ ਖਾਨ, ਮਹਿੰਦੀ ਹਸਨ ਤੇ ਜਗਜੀਤ ਸਿੰਘ ਦੀਆਂ ਗਾਈਆਂ ਗ਼ਜ਼ਲਾਂ ਬਹੁਤ ਪਸੰਦ ਹਨ। ਜੇ ਕੋਲ ਹੋਰ ਦੋਸਤ ਹੋਣ, ਨਿੱਕੇ ਨਿੱਕੇ ਇੱਕ ਦੋ ਪੈਗ ਲੱਗੇ ਹੋਣ ਤਾਂ ਨਸ਼ਾ ਹੋਰ ਵਧ ਜਾਂਦਾ ਹੈ। ਸੁਰਿੰਦਰ ਕੌਰ, ਪ੍ਰਕਾਸ਼ ਕੌਰ ਦੀ ਆਵਾਜ਼ ਤਾਂ ਕਮਾਲ ਦੀ ਹੈ ਹੀ। ਮੈਨੂੰ ਜਸਵਿੰਦਰ ਬਰਾੜ ਦੇ ਅਦਾਕਾਰੀ ਨਾਲ ਗਾਏ ਗੀਤ ਵੀ ਬੜੇ ਚੰਗੇ ਲਗਦੇ ਹਨ। ਅੰਮ੍ਰਿਤ ਵੇਲੇ ਤਬਲੇ ਦੀ ਮੱਠੀ ਮੱਠੀ ਥਾਪ ਨਾਲ ਧੀਮੀ ਤੇ ਸੁਰੀਲੀ ਆਵਾਜ਼ ਵਿੱਚ ਕੀਤਾ ਕੀਰਤਨ ਵੀ ਚੰਗਾ ਲਗਦਾ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਏਡਾ ਵੱਡਾ ਲੇਖਕ ਨਹੀਂ ਕਿ ਲੋਕ ਮੈਨੂੰ ਆ ਆ ਮਿਲਣ। ਨਾਂ ਹੀ ਮੈਨੂੰ ਆਪਣੇ ਵੱਡੇ ਲੇਖਕ ਹੋਣ ਦਾ ਕੋਈ ਭਰਮ ਹੈ। ਜੇ ਤੁਸੀਂ ਮੇਰੇ ਉੱਤੇ ਵਿਸ਼ਵਾਸ਼ ਕਰੋ, ਸੱਚ ਤਾਂ ਇਹ ਹੈ ਕਿ ਮੈਂ ਆਪਣੇ ਆਪ ਨੂੰ ਲੇਖਕ ਸਮਝਿਆ ਹੀ ਨਹੀਂ। ਜਦੋਂ ਕਿਸੇ ਸਾਹਿਤਕ ਇਕੱਠ ਵਿੱਚ ਜਾਂਦਾ ਹਾਂ ਤੇ ਜਦੋਂ ਉੱਥੇ ਕਈ ਲੇਖਕ ਮਿੱਤਰ ਮੋਹ ਨਾਲ ਮਿਲਦੇ ਹਨ ਤਾਂ ਲਗਦਾ ਹੈ ਕਿ ਮੈਂ ਵੀ ਲੇਖਕ ਹਾਂ। ਭਾਵੇਂ ਸਾਹਿਤ ਸਿਰਜਣਾ ਨੂੰ ਮੈਂ ਇਕ ਗੰਭੀਰ ਕਾਰਜ ਮੰਨਦਾ ਹਾਂ ਜਿਸ ਕਰਕੇ ਮੈਂ ਦਸ ਦਸ ਸਾਲ ਤੱਕ ਇੱਕ ਵੀ ਕਹਾਣੀ ਨਹੀਂ ਲਿਖੀ ਤਾਂ ਵੀ ਮੈਂ ਬਹੁਤ ਘੱਟ ਸਾਹਿਤਕ ਇਕੱਠਾਂ ਵਿੱਚ ਗਿਆ ਹਾਂ। ਸਿਰਫ 15-20 ਲੇਖਕਾਂ ਨੂੰ ਹੀ ਵਿਅਕਤੀਗਤ ਤੌਰ ਤੇ ਜਾਣਦਾ ਹਾਂ। ਜਦੋਂ ਮੈਂ ਕਿਸੇ ਨੂੰ ਜਾਣਦਾ ਹੀ ਨਹੀਂ ਤਾਂ ਮਿਲਾਂ ਕਿਵੇਂ ? ਜੇ ਮੈਂ ਇੱਕਲੇ ਇਕੱਲੇ ਬੰਦੇ ਕੋਲ ਜਾ ਕੇ ਕਹਾਂ, "ਮੈਂ



ਪਰਗਟ ਸਿੰਘ ਸਿੱਧੂ ਹਾਂ" ਤਾਂ ਚੰਗਾ ਨਹੀਂ ਲੱਗਦਾ। ਇੱਕ ਕਿਨਾਰੇ ਖੜਨ ਤੋਂ ਸਿਵਾ ਹੋਰ ਮੇਰੇ ਕੋਲ ਕੋਈ ਚਾਰਾ ਵੀ ਨਹੀਂ। ਇਸ ਲਈ ਇੱਕ ਕਿਨਾਰੇ ਖੜਨਾ ਹਉਮੈਂ ਨਹੀਂ, ਮਜਬੂਰੀ ਹੈ। ਚੰਗੀ ਰਚਨਾ ਬਹੁਤੀ ਦੇਰ ਤੱਕ ਅਣਗੌਲੀ ਨਹੀਂ ਕੀਤੀ ਜਾ ਸਕਦੀ ਤੇ ਹਰ ਤਕੜੀ ਰਚਨਾ ਆਪਣੀ ਵਕਾਲਤ ਆਪ ਕਰਦੀ ਹੈ। ਇਸ ਅਧਾਰ ਉੱਤੇ ਮੈਂ ਕਹਿ ਸਕਦਾ ਹਾਂ ਕਿ ਜੇ ਮੇਰਾ ਬਹੁਤਾ ਜਿਕਰ ਨਹੀਂ ਹੋਇਆ ਤਾਂ ਸਾਇਦ ਮੈਂ ਵਧੀਆ ਸਾਹਿਤ ਨਹੀਂ ਰਚ ਸਕਿਆ । ਜੇ ਮੈਂ ਉੱਚੇ ਪੱਧਰ ਦਾ ਸਾਹਿਤ ਰਚਿਆ ਹੈ ਤਾਂ ਅਲੋਚਕਾਂ ਨੂੰ ਦੇਰ ਸਵੇਰ ਇਸਦਾ ਨੋਟਿਸ ਲੈਣਾ ਪਵੇਗਾ।

ਮੈਂ ਆਪਣੇ ਅਨੁਭਵ ਦੇ ਅਧਾਰ ਤੇ ਕਹਿ ਸਕਦਾ ਹਾਂ ਕਿ ਵਿਹਲ ਤੇ ਰਚਨਾ ਦਾ ਕੋਈ ਨਾਤਾ ਨਹੀਂ ਜਦੋਂ ਮੈਂ ਤੇਜ ਗਤੀ ਨਾਲ ਲਿਖਿਆ ਉਸ ਸਮੇਂ ਮੈਂ ਫ਼ੌਜ਼ ਵਿੱਚ ਸੀ। 'ਰੇਗਿਸਤਾਨ ਦਾ ਸਫ਼ਰ' ਮੈਂ ਊਧਮਪੁਰ ਦੀਆਂ ਪਹਾੜੀਆਂ ਉੱਤੇ ਬੈਠ ਕੇ ਲਿਖਿਆ ਤੇ 'ਬੱਤਖ ਦੇ ਖੰਭਾ ਜਿਹੇ ਸਫੈਦ ਦਿਨ' ਭੋਪਾਲ। ਉਸ ਸਮੇਂ ਮੈਂ ਸਿਪਾਹੀ ਸੀ। ਸਾਰਾ ਦਿਨ ਕੰਮ ਕਰਨਾ ਪੈਂਦਾ ਸੀ। ਸ਼ਾਮ ਨੂੰ ਦੋ ਤਿੰਨ ਘੰਟੇ ਵਿਹਲ ਮਿਲਦੀ ਸੀ। ਉਦੋਂ ਤਕ ਮੈਂ ਪੈੱਨ, ਕਾਪੀ, ਸਾਬਣ ਤੇ ਤੌਲੀਆ ਲੈ ਕੇ ਊਧਰਪੁਰ ਦੇ ਚਸਮੇਂ ਉੱਤੇ ਨਹਾਉਣ ਚਲਿਆ ਜਾਂਦਾ ਸੀ। ਪਗਡੰਡੀ ਤੋਂ ਰੱਤਾ ਹਟ ਕੇ ਕਿਸੇ ਪੱਥਰ ਦੀ ਓਟ ਵਿੱਚ ਬੈਠਾ ਲਿਖਦਾ ਸੀ। 1972-80 ਤੱਕ ਮੈਂ ਕਾਫੀ ਕੁਝ ਲਿਖਿਆ। ਜਦੋਂ ਅਧਿਆਪਨ ਕਿੱਤਾ ਅਪਨਾਇਆ ਤਾਂ ਵਿਹਲ ਤਾਂ ਬਹੁਤ ਸੀ ਪਰ ਲਿਖਿਆ ਐਵੇਂ ਨਾਂ ਮਾਤਰ ਹੀ ਗਿਆ ਫ਼ੌਜ਼ ਵਿਚ ਪੜ੍ਹਨ ਲਿਖਣ ਦਾ ਮੈਂ ਹਮੇਸ਼ਾਂ ਸਮਾਂ ਕੱਢ ਲੈਂਦਾ ਸੀ। ਜੇ ਦਿਨ ਨੂੰ ਸਮਾਂ ਨਹੀਂ ਸੀ ਮਿਲਦਾ , ਰਾਤ ਨੂੰ ਲਿਖਣ ਪੜ੍ਹਨ ਲਈ ਰੀਕ੍ਰੇਏਸ਼ਨ ਰੂਮ ਵਿਚ ਚਲਿਆ ਜਾਂਦਾ ਸੀ। ਰਾਤ ਸਮੇਂ ਉੱਥੇ ਕੋਈ ਨਹੀਂ ਸੀ ਹੁੰਦਾ। ਫ਼ੌਜ਼ੀ ਜੀਵਨ ਲਿਖਣ ਵਿੱਚ ਸਹਾਇਕ ਵੀ ਬਣਿਆ ਤੇ ਰੁਕਾਵਟ ਵੀ। ਰੁਕਾਵਟ ਇਸ ਲਈ ਕਿ ਮੇਰਾ ਸੰਪਰਕ ਪੰਜਾਬ ਤੇ ਪੰਜਾਬੀ ਲੇਖਕਾਂ ਤੋਂ ਟੁੱਟ ਗਿਆ ਤੇ ਮੈਂ ਅਜਿਹਾ ਜੀਵਨ (ਸੈਨਿਕ ਜੀਵਨ) ਆਪਣਾ ਲਿਆ ਜਿੱਥੇ ਸਾਹਿਤ ਤੇ ਕਲਾ ਲਈ ਕੋਈ ਥਾਂ ਨਹੀਂ। ਜੇ ਕੋਈ ਸੈਨਿਕ ਖਿਡਾਰੀ ਹੈ, ਉਸਨੂੰ ਹਰ ਪ੍ਰਕਾਰ ਦੀ ਸਹੂਲਤ ਤੇ ਉਤਸਾਹ ਦਿੱਤਾ ਜਾਂਦਾ ਹੈ ਪਰ ਲੇਖਕਾਂ ਲਈ ਸੈਨਾਂ ਵਿੱਚ ਕੋਈ ਥਾਂ ਨਹੀਂ। ਸੈਨਿਕ ਜੀਵਨ ਮੇਰੇ ਲਈ ਇਸ ਕਾਰਨ ਲਾਭਦਾਇਕ ਸਿੱਧ ਹੋਇਆ ਕਿਉਂਕਿ ਇਹ ਬਿਲਕੁਲ ਅਲੱਗ ਜੀਵਨ ਹੈ। ਇਸ ਜੀਵਨ ਦਾ ਯਥਾਰਤਕ ਚਿਤਰਨ ਇਹ ਜੀਵਨ ਜਿਉਂ ਕੇ ਹੀ ਕੀਤਾ ਜਾ ਸਕਦਾ ਹੈ। ਸੈਨਿਕ ਹੋਣ ਕਾਰਨ ਮੈਂ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਘੁੰਮਿਆਂ। ਲੋਕਾਂ ਦੀ ਅਲੱਗ ਅਲੱਗ ਜੀਵਨ ਸ਼ੈਲੀ, ਸਭਿਆਚਾਰ, ਰਹਿਣ-ਸ਼ਹਿਣ ਨੂੰ ਵੇਖਿਆ ਪਰਖਿਆ। ਇਸਨੇ ਮੇਰੇ ਅਨੁਭਵ ਨੂੰ ਅਮੀਰ ਕੀਤਾ। ਸੈਨਿਕ ਲਾਇਬਰੇਰੀਆਂ ਵਿੱਚ ਪੰਜਾਬੀ ਦੀਆਂ ਪੁਸਤਕਾਂ ਤਾਂ ਘੱਟ ਹੀ ਪ੍ਰਾਪਤ ਹੁੰਦੀਆਂ ਹਨ ਪਰ ਹਿੰਦੀ, ਅੰਗ੍ਰੇਜ਼ੀ ਦੀਆਂ ਚੰਗੀਆਂ ਸਾਹਿਤਕ ਪੁਸਤਕਾਂ ਪੜ੍ਹਨ ਦਾ ਮੌਕਾ ਮਿਲਿਆ। ਸੈਨਿਕ ਜੀਵਨ ਸੰਬੰਧੀ ਪ੍ਰਮਾਣਿਕ ਰਚਨਾ ਬਹੁਤ ਘੱਟ ਹੋਈ ਹੈ। ਪੰਜਾਬੀਆਂ ਦੇ ਜੀਵਨ ਵਿੱਚ ਸੈਨਿਕ ਜੀਵਨ ਦਾ ਬੜਾ ਮਹੱਤਵ ਹੈ ਖ਼ਾਸ ਕਰਕੇ ਅੱਜ-ਕੱਲ੍ਹ ਜਦੋਂ ਕਿ ਸਾਡੇ ਸਮਾਜਿਕ ਜੀਵਨ ਵਿੱਚ ਬਹੁਤ ਨਿਘਾਰ ਆ ਗਿਆ ਹੈ, ਸੈਨਿਕ ਜੀਵਨ ਇੱਕ ਆਦਰਸ਼ਕ ਜੀਵਨ ਹੈ। ਭਾਵੇਂ ਸਾਡੇ ਸਮਾਜ ਦੀਆਂ ਬਿਮਾਰੀਆਂ ਫੈਲ ਕੇ ਇਸ ਜੀਵਨ ਨੂੰ ਵੀ ਕਲੰਕਿਤ ਕਰਨ ਲੱਗੀਆਂ ਹਨ ਪਰ ਅਜੇ ਵੀ ਸੈਨਿਕ ਜੀਵਨ ਇੱਕ ਆਦਰਸ਼ਕ ਜੀਵਨ ਸ਼ੈਲੀ ਹੈ।

ਸਭ ਤੋਂ ਪਹਿਲਾਂ ਮੈਨੂੰ ਡਾ. ਰਘਬੀਰ ਸਿੰਘ (ਸਿਰਜਣਾ) ਨੇ ਸੈਨਿਕ ਜੀਵਨ ਨੂੰ ਚਿਤਰਨ ਵਾਲਾ ਲੇਖਕ ਕਿਹਾ। ਫੇਰ ਜਦੋਂ ਵੀ ਕਿਸੇ ਨੇ ਪੰਜਾਬੀ ਕਹਾਣੀ ਸੰਬੰਧੀ ਚਰਚਾ ਕੀਤੀ ਤਾਂ ਮੇਰਾ ਅਤੇ ਜਸਬੀਰ ਭੁੱਲਰ ਦਾ ਸੈਨਿਕ ਲੇਖਕਾਂ ਵਜੋਂ ਹੀ ਜ਼ਿਕਰ ਕੀਤਾ। ਜਸਬੀਰ ਭੁੱਲਰ ਮੂਲ ਰੂਪ ਵਿੱਚ ਸੈਨਿਕ ਜੀਵਨ ਸੰਬੰਧੀ ਲਿਖਦਾ ਹੈ। ਪਰ ਮੈਂ ਸੈਨਿਕ ਜੀਵਨ ਸੰਬੰਧੀ ਬਹੁਤ ਘੱਟ ਲਿਖਿਆ ਹੈ। ਕੇਵਲ ਦੋ ਨਾਵਲਿਟ 'ਰੇਗਿਸਤਾਨ ਦਾ ਸਫ਼ਰ' ਤੇ 'ਪ੍ਰੀਤੋ' ਲਿਖੇ ਹਨ। 'ਰੇਗਿਸਤਾਨ ਦਾ ਸਫ਼ਰ'

ਵਿੱਚ ਸੈਨਿਕ ਜੀਵਨ ਦਾ ਚਿੱਤਰ ਸਿੱਧੇ ਰੂਪ ਵਿੱਚ ਸ਼ਾਇਦ ਇਸਦਾ ਕਾਰਨ ਇਹ ਹੈ ਕਿ ਮੇਰੇ ਇਹ ਦੋਵੇਂ ਨਾਵਲਿਟ ਪਹਿਲਾਂ ਮਾਸਿਕ 'ਦ੍ਰਿਸ਼ਟੀ' ਰਾਹੀਂ ਤੇ ਫੇਰ ਦੋ ਵਾਰੀ ਕਿਤਾਬੀ ਰੂਪ ਵਿੱਚ ਪ੍ਰਕਾਸ਼ਿਤ ਹੋਣ ਕਾਰਨ ਵਿਆਪਕ ਪਾਠਕ ਵਰਗ ਤੱਕ ਪੁੱਜੇ। ਇਹ ਵੀ ਕਿਹਾ ਜਾ ਸਕਦਾ ਹੈ ਕਿ 'ਰੇਗਿਸਤਾਨ ਦਾ ਸਫ਼ਰ' ਹੀ ਮੇਰੀ ਪ੍ਰਤੀਨਿਧ ਰਚਨਾ ਮੰਨ ਲਈ ਗਈ। ਪਰ ਮੇਰਾ ਮਨ ਇਹ ਸਵੀਕਾਰ ਨਹੀਂ ਕਰਦਾ। ਮੈਨੂੰ ਜਾਪਦਾ ਹੈ ਕਿ ਮੈਂ ਅਸੈਨਿਕ ਜੀਵਨ ਸੰਬੰਧੀ ਅਜਿਹੀਆਂ ਅਨੇਕ ਕਹਾਣੀਆਂ ਲਿਖੀਆਂ ਹਨ ਜਿਹੜੀਆਂ ਮੈਨੂੰ 'ਰੇਗਿਸਤਾਨ ਦਾ ਸਫ਼ਰ' ਤੇ 'ਪ੍ਰੀਤੋ' ਤੋਂ ਕਿਸੇ ਵੀ ਤਰ੍ਹਾਂ ਨੀਵੇਂ ਪੱਧਰ ਦੀਆਂ ਨਹੀਂ ਜਾਪਦੀਆਂ । ਮੈਂ ਆਪਣੀਆ ਕਹਾਣੀਆਂ ਵਿੱਚ ਜੀਵਨ ਦੇ ਵਿਵਿਧ ਰੰਗਾਂ ਨੂੰ ਫੜਨ ਦਾ ਯਤਨ ਕੀਤਾ ਹੈ। ਰਿਸ਼ਤਿਆ ਦੀ ਟੁੱਟ-ਭੱਜ, ਵਿਆਕਤਤਿਵ ਦਾ ਵਿਖਰਾਓ, ਸਥਿਤੀਆ ਦੀ ਕਰੂਰਤਾ ਤੇ ਜ਼ਿੰਦਗੀ ਦੀਆਂ ਤਮਾਮ ਵਿਸੰਗਤੀਆਂ ਤੇ ਵਿਸ਼ਮਤਾਵਾਂ ਵਿੱਚੋਂ ਮਾਨਵੀ ਗੁਣਾ ਦੀ, ਸੁੰਦਰਤਾ ਦੀ ਤੇ ਸਾਤਵਿਕ ਮੁੱਲਾਂ ਦੀ ਤਲਾਸ਼ ਕੀਤੀ ਹੈ। ਮੈਂ ਵੀ ਮਹਿਸੂਸ ਕਰਦਾ ਹਾਂ ਕਿ ਸੈਨਿਕ ਜੀਵਨ ਸਬੰਧੀ ਵਿਸ਼ਾਲ ਅਨੁਭਵ ਉੱਤੇ ਅਧਾਰਿਤ ਇਸ ਜੀਵਨ ਦਾ ਸਰਬਾਂਗੀ ਸਰਵੇਖਣ ਤੇ ਵਿਸ਼ਲੇਸ਼ਣ ਅਜੇ ਪੰਜਾਬੀ ਸਾਹਿਤ ਵਿੱਚ ਪ੍ਰਾਪਤ ਨਹੀਂ ਜਦੋਂ ਕਿ ਸੈਨਿਕ ਜੀਵਨ ਦਾ ਪੰਜਾਬੀ ਕਲਚਰ ਵਿੱਚ ਬੇਹੱਦ ਮਹੱਤਵਪੂਰਨ ਸਥਾਨ ਹੈ। ਪੰਜਾਬੀ ਸ਼ੁਰੂ ਤੋਂ ਹੀ ਸੈਨਿਕ ਜੀਵਨ ਵੱਲ ਆਕ੍ਰਸ਼ਤ ਰਹੇ ਹਨ। ਸੈਨਿਕਾਂ ਦੀ ਦੁਨੀਆਂ ਇੱਕ ਅਲੱਗ ਹੀ ਦੁਨੀਆਂ ਹੈ। ਅਨੁਸ਼ਾਸ਼ਨ ਦੀ ਕਠੋਰਤਾ, ਸਮਾਜਿਕ ਜਾਵਨ ਤੋਂ ਅਲਗਾਵ, ਆਦਰਸ਼ਕ ਜੀਵਨ-ਮੁੱਲਾਂ ਦੀ ਪਾਲਣਾ, ਵਿਆਕਤੀਗਤ ਆਕਾਂਖਿਆਵਾਂ ਦਾ ਤਿਆਗ ਆਦਿ ਨਾਲ ਅਜਿਹੀਆ ਭੀਸ਼ਣ ਸਮੱਸਿਆਵਾਂ ਉਤਪੰਨ ਹੁੰਦੀਆਂ ਹਨ, ਜਿੰਨ੍ਹਾਂ ਦਾ ਚਿਤਰਣ ਸੈਨਿਕ ਜੀਵਨ ਸੰਬੰਧੀ ਲਿਖੀਆਂ ਰਚਨਾਵਾਂ ਵਿੱਚ ਘੱਟ ਹੀ ਪ੍ਰਾਪਤ ਹੈ।

ਸੈਨਿਕ ਜੀਵਨ ਸੰਬੰਧੀ ਮਿੱਠੇ ਅਨੁਭਵ ਤਾਂ ਘੱਟ ਹੀ ਹਨ, ਕੌੜੇ ਜਿਆਦਾ ਹਨ। ਪਰ ਮੇਰਾ ਦੁਖਾਂਤ ਇਹ ਹੈ ਮੈਂ ਜੋ ਵੀ ਜ਼ਿੰਦਗੀ ਵਿੱਚ ਕਰਨਾ ਚਾਹਿਆ, ਉਹੀ ਨਾ ਹੋਇਆ। ਜੋ ਨਾ ਕਰਨਾ ਚਾਹਿਆ ਉਹੀ ਮੈਨੂੰ ਕਰਨਾ ਪਿਆ। ਮੈਂ ਕੋਈ ਵੀ ਕੰਮ ਕਰਨ ਲਈ ਤਿਆਰ ਸੀ, ਪਰ ਫ਼ੌਜ਼ ਦੀ ਨੌਕਰੀ ਨਹੀਂ ਸੀ ਕਰਨਾ ਚਾਹੁੰਦਾ, ਤੇ ਫੇਰ ਮੈਨੂੰ ਨਾ ਚਾਹੁੰਦੇ ਹੋਏ ਵੀ ਇਹ ਨੌਕਰੀ ਕਰਨੀ ਪਈ। ਸਰੀਰਕ ਤੌਰ ਤੇ 16-17 ਸਾਲ ਫ਼ੌਜ਼ ਵਿੱਚ ਰਹਿ ਕੇ ਵੀ ਮੈਂ ਮਾਨਸਿਕ ਤੌਰ ਉਤੇ ਕਦੇ ਵੀ ਇਸ ਜੀਵਨ ਨਾਲ ਨਾਂ ਜੁੜ ਸਕਿਆ। ਮੈਂ ਦੋਸਤਾਂ-ਮਿੱਤਰਾਂ ਵਿੱਚ ਬੈਠ ਕੇ ਕਦੇ ਵੀ ਇਸ ਜੀਵਨ ਬਾਰੇ ਗੱਲਾਂ ਨਹੀਂ ਕੀਤੀਆਂ ਬੜੇ ਔਖੇ ਦਿਨ ਵੀ ਮੈਂ ਸੈਨਿਕ ਸੇਵਾ ਦੌਰਾਨ ਗੁਜਾਰੇ। ਨਵੰਬਰ ਦੀ ਠੰਢ ਵਿੱਚ ਸ੍ਰੀਨਗਰ ਵਿੱਚ ਆਪਣੀ ਗੱਡੀ ਧੋਂਦਾ ਸੀ। ਕਈ ਵਰੇ ਬਮਡੀਲਾ ਦੀਆਂ ਉੱਚੀਆਂ ਪਹਾੜੀਆਂ ਉੱਤੇ ਗੱਡੀ ਚਲਾਈ। ਪਰ ਤੀਜੀ ਰਾਤ ਪਹਿਰਾ ਦਿੱਤਾ। ਕਈ ਵਾਰ ਦੋਸਤ ਕਹਿੰਦੇ ਹਨ, "ਸਿੱਧੂ, ਲੋਕ ਫ਼ੌਜ਼ ਬਾਰੇ ਬਹੁਤ ਕੁਝ ਦਸਦੇ ਨੇ, ਪਰ ਯਾਰ ਤੂੰ ਕੋਈ ਗੱਲ ਨਹੀਂ ਕਰਦਾ।" ਉਸ ਜੀਵਨ ਸਬੰਧੀ ਮੈਂ ਤਾਂ ਬੱਸ ਐਨਾ ਹੀ ਕਹਾਂਗਾ ਕਿ ਸੈਨਿਕ ਜੀਵਨ ਘੋਰ ਤਪੱਸਿਆ ਦਾ ਜੀਵਨ ਹੈ, ਸ਼ਿਵਾਏ ਫੌਜ਼ੀ ਅਫਸਰਾਂ ਦੇ। ਫੇਰ ਵੀ ਮੈਂ ਇੰਨਾ ਸਾਰੇ ਵਰ੍ਹਿਆਂ ਨੂੰ ਆਪਣਾ ਕੈਰੀਅਰ ਬਣਾਉਣ ਲਈ ਵਰਤਿਆ। ਫ਼ੌਜ਼ ਵਿੱਚ ਰਹਿੰਦਿਆਂ ਮੈਂ ਬੀ ਏ ਤੇ ਐਮ ਏ ਕੀਤੀ। ਤੇ ਫੇਰ ਇੱਥੇ ਰਹਿੰਦਿਆ ਹੀ ਭੁਪਾਲ ਤੋਂ ਬੀ ਐਡ ਕੀਤੀ ਅਤੇ ਇਸ ਦੌਰਾਨ ਜੋ ਦਿਨ ਗੁਜਾਰੇ ਉਹ ਮੇਰੀ ਜ਼ਿੰਦਗੀ ਦੇ ਬਹੁਤ ਖ਼ੂਬਸੂਰਤ ਦਿਨ ਸਨ ਜਿੰਨਾ ਬਾਰੇ ਮੈਂ ਨਾਵਲ 'ਬੱਤਖ ਦੇ ਖੰਭਾ ਜਿਹੇ ਸਫੈਦ ਦਿਨ' ਲਿਖਿਆ।

ਮੇਰਾ ਨਾਵਲ 'ਰੇਗਿਸਤਾਨ ਦਾ ਸਫ਼ਰ' ਦਾ ਦੇਬਾ ਪਾਤਰ ਅਸਲ ਵਿੱਚ ਮੈਂ ਹੀ ਹਾਂ। ਇਸ ਨਾਵਲ ਨੂੰ ਪੰਜਾਬੀ ਤੇ ਹਿੰਦੀ ਵਿੱਚ ਚੰਗਾ ਹੁੰਗਾਰਾ ਮਿਲਿਆ। ਸੋ ਇਹ ਤਾਂ ਮੈਨੂੰ ਪਤਾ ਨਹੀਂ ਕਿ ਮੈਂ ਸੈਨਿਕ ਜੀਵਨ ਨੂੰ ਚਿਤਰਨ ਵਿੱਚ ਕਿੰਨਾ ਕੁ ਸਫਲ ਹੋਇਆ ਪਰ ਮੈਂ ਇਨਾਂ ਜ਼ਰੂਰ ਕਹਿੰਦਾ ਹਾਂ ਕਿ ਮੈਂ ਸੈਨਿਕਾ ਦੇ ਬਾਹਰਮੁਖੀ ਜੀਵਨ ਦੀ ਥਾਂ ਪਾਤਰ ਦੇ ਅੰਦਰ ਜੋ ਟੁੱਟ ਭੱਜ ਹੁੰਦੀ ਹੈ, ਉਸ ਸਾਰੇ



ਸ਼ਾਸ਼ਨ ਦੇ ਖਿਲਾਫ਼ ਉਹ ਜਿਹੜੀ ਘੁਟਨ ਮਹਿਸੂਸ ਕਰਦਾ ਹੈ, ਉਸਨੂੰ ਇਸ ਨਾਵਲ ਵਿੱਚ ਚਿਤਰਨ ਦਾ ਯਤਨ ਕੀਤਾ ਹੈ।

ਕਹਾਣੀ ਵਿੱਚ ਚਿਤਰਨ ਲਈ ਸਥਿਤੀਆਂ-ਪ੍ਰਸਥਿਤੀਆਂ, ਘਟਨਾਵਾਂ ਤੇ ਪਾਤਰਾਂ ਨੂੰ ਲੇਖਕ ਘੜਦਾ ਤੇ ਤਰਤੀਬ ਦਿੰਦਾ ਹੈ। ਜਦੋਂ ਤੱਕ ਮੈਂ ਕਹਾਣੀ ਸੰਪੂਰਨ ਨਹੀਂ ਕਰ ਲੈਂਦਾ, ਮਨ ਵਿੱਚ ਇਕ ਛਟਪਟਾਹਟ ਤੇ ਵਿਸ਼ਮਾਦ ਦੀ ਸਥਿਤੀ ਬਣੀ ਰਹਿੰਦੀ ਹੈ। ਲੇਖਕ ਕੁਝ ਸਮੇਂ ਲਈ ਸਮਾਜ ਤੇ ਪਰਿਵਾਰ ਨਾਲੋਂ ਟੁੱਟ ਜਾਂਦਾ ਹੈ। ਉਹ ਆਪਣੇ ਅੰਦਰ ਡੂੰਘਾ ਉੱਤਰ ਜਾਂਦਾ ਹੈ। ਮੈਂ ਰਚਨਾ ਕਰਨ ਸਮੇਂ ਇਕਾਂਤ ਚਾਹੁੰਦਾ ਹਾਂ। ਜਿਹੜੇ ਲੋਕ ਕਾਫ਼ੀ ਹਾਊਸ ਵਿੱਚ ਬੈਠ ਕੇ ਜਾਂ ਹੋਰ ਕਿਧਰੇ ਭੀੜ ਵਿੱਚ ਬੈਠ ਕੇ ਵੀ ਲਿਖ ਸਕਦੇ ਹਨ, ਇਹ ਗੱਲ ਮੇਰੀ ਸਮਝ ਵਿੱਚ ਕਿਤੇ ਨਹੀਂ ਆਈ। ਸਾਹਿਤ ਸਿਰਜਣਾ ਬਹੁਤ ਹੀ ਗੰਭੀਰ ਕਾਰਜ ਹੈ। ਬਾਰੀਕ ਤੋਂ ਬਾਰੀਕ ਵੇਰਵੇ ਦੇਣ ਲਈ ਸ਼ਾਂਤੀ ਤੇ ਇਕੱਲਤਾ ਜਰੂਰੀ ਹੈ। ਨਿੱਕੇ ਤੋਂ ਨਿੱਕੇ ਅਹਿਸਾਸ ਨੂੰ ਫੜਨ ਲਈ ਲੇਖਕ ਦਾ ਇਕਾਗਰ ਚਿੱਤ ਹੋਣਾ ਬਹੁਤ ਜਰੂਰੀ ਹੈ। ਮੈਂ ਦੋ ਜਾਂ ਤਿੰਨ ਬੈਠਕਾਂ ਵਿੱਚ ਕਹਾਣੀ ਮੁਕੰਮਲ ਕਰ ਲੈਂਦਾ ਹਾਂ। ਇਹ ਬੈਠਕਾਂ ਲਗਾਤਾਰ ਵੀ ਹੋ ਸਕਦੀਆਂ ਹਨ ਤੇ ਕਈ ਕਈ ਦਿਨਾਂ ਦੇ ਅੰਤਰਾਲ ਨਾਲ ਵੀ। ਮੇਰੇ ਮਨ ਉੱਤੇ ਇਸ ਸਮੇਂ ਹਲਕਾ ਹਲਕਾ ਨਸ਼ਾ ਜਿਹਾ ਛਾਇਆ ਰਹਿੰਦਾ ਹੈ। ਇਸ ਸਮੇਂ ਮੈਂ ਕਹਾਣੀ ਦੇ ਪਾਤਰਾਂ ਦੀ ਮਾਨਸਿਕਤਾ ਬਾਰੇ, ਘਟਨਾਵਾਂ ਤੇ ਨਿੱਕੇ ਨਿੱਕੇ ਵੇਰਵਿਆਂ ਬਾਰੇ ਬਹੁਤ ਬਰੀਕੀ ਨਾਲ ਸੋਚਦਾ ਹਾਂ। ਜਦੋਂ ਕਹਾਣੀ ਮੁਕੰਮਲ ਹੋ ਜਾਂਦੀ ਹੈ ਤਾਂ ਬੜੀ ਸੰਤੁਸ਼ਟੀ ਹੁੰਦੀ ਹੈ। ਮੈਂ ਚਾਹੁੰਦਾ ਹਾਂ ਕਿ ਮੇਰੀ ਕਹਾਣੀ ਜੀਵਨ ਤੇ ਪ੍ਰਕ੍ਰਿਤੀ ਵਾਂਗ ਸਹਿਜ ਹੋਵੇ। ਜਿੱਡਾ ਵੱਡਾ ਕੋਈ ਲੇਖਕ ਹੁੰਦਾ ਹੈ, ਉਨੀ ਹੀ ਸਹਿਜਤਾ ਉਸਦੀਆਂ ਰਚਨਾਵਾਂ ਵਿੱਚ ਮਿਲਦੀ ਹੈ।

ਕਹਾਣੀ ਲਿਖਣੀ ਸ਼ੁਰੂ ਕਰਨ ਸਮੇਂ ਪਾਤਰਾਂ, ਘਟਨਾਵਾਂ ਤੇ ਉਹਦਾ ਅੰਤ ਕੁਝ ਵੀ ਪੂਰੀ ਤਰ੍ਹਾਂ ਨਿਸਚਿਤ ਨਹੀਂ ਹੁੰਦਾ। ਜਿਵੇਂ ਚਿੱਤਰਕਾਰ ਦੇ ਹਰ ਬੁਰਸ਼ ਨਾਲ ਚਿੱਤਰ ਉਘੜਦਾ ਤੇ ਸਾਕਾਰ ਹੁੰਦਾ ਚਲਿਆ ਜਾਂਦਾ ਹੈ, ਇਸ ਤਰ੍ਹਾਂ ਕਹਾਣੀ ਵਿੱਚ ਵੀ ਸਭ ਕੁਝ ਸਹਿਜ ਹੀ ਉਘੜਦਾ ਤੇ ਸਾਕਾਰ ਹੁੰਦਾ ਚਲਿਆ ਜਾਂਦਾ ਹੈ। ਕਥਾ-ਰਚਨਾ ਬਹੁਤ ਹੀ ਜਟਿਲ ਪ੍ਰਕ੍ਰਿਆ ਹੈ। ਇਸਦੀ ਰਚਨਾ ਲਈ ਦੋ ਤੇ ਦੋ ਚਾਰ ਵਾਲਾ ਕੋਈ ਫਾਰਮੂਲਾ ਨਹੀਂ। ਰਚਨਾ ਜਿੰਨੀ ਸਹਿਜ, ਸਰਲ ਤੇ ਗਹਿਰੀ ਹੋਵੇਗੀ, ਉਨੀ ਹੀ ਡੂੰਘੀ ਉਸਦੀ ਸੰਵੇਦਨਾ ਹੁੰਦੀ ਹੈ, ਜਿਹੜੀ ਪਾਠਕ ਦੇ ਮਨ ਉੱਤੇ ਅਮਿੱਟ ਛਾਪ ਛੱਡ ਦਿੰਦੀ ਹੈ। ਫੇਰ ਕਹਾਣੀ ਲਿਖਣ ਸਮੇਂ ਕਿਸੇ ਪ੍ਰਭਾਵਸ਼ਾਲੀ ਘਟਨਾ , ਸਥਿਤੀ, ਅਨੁਭਵ ਜਾਂ ਪੀੜਾ ਦੀ ਕੋਈ ਤੰਦ ਲੇਖਕ ਕੋਲ ਹੋਣੀ ਚਾਹੀਦੀ ਹੈ ਜਿਸਦੇ ਸਹਾਰੇ ਉਹ ਕਹਾਣੀ ਦੀ ਬੁਣਤੀ ਕਰਦਾ ਹੈ। ਜੇ ਅਜਿਹਾ ਨਾ ਹੋਵੇ ਫਿਰ ਤਾਂ ਕੋਈ ਲੇਖਕ ਕਦੀ ਵੀ, ਜਦ ਜੀਅ ਚਾਹੇ ਬਿਨਾ ਕਿਸੇ ਕਠਿਨਾਈ ਦੇ ਕਹਾਣੀ ਜਾਂ ਨਾਵਲ ਲਿਖ ਸਕਦਾ ਹੈ।

ਕਈ ਲੇਖਕ ਮਿੱਤਰ ਵੱਡੇ ਵੱਡੇ ਲੇਖਕਾਂ ਦੀ ਉਦਾਹਰਣ ਦੇ ਕੇ ਕਹਿੰਦੇ ਹਨ, ਕਹਾਣੀ ਦਸ ਵਾਰ ਜਾਂ ਵੀਹ ਵਾਰ ਕੱਟ ਵੱਢ ਕਰ ਕੇ ਲਿਖੀ ਜਾਂਦੀ ਹੈ। ਕਈ ਇਸ ਤੋਂ ਵੀ ਵੱਧ। ਪਰ ਮੈਨੂੰ ਇਹ ਗੱਲ ਉੱਕਾ ਹੀ ਨਹੀਂ ਜਚਦੀ। ਜੱਟ ਵੀ ਖੇਤ ਨੂੰ ਬੇਲੋੜੀ ਵਾਹ ਨਹੀਂ ਪਾਉਂਦਾ ਤੇ ਸਿਰਜਣਾ ਤਾਂ ਦੂਜੇ ਕਿੱਤਿਆ ਨਾਲੋਂ ਬਿਲਕੁਲ ਭਿੰਨ ਹੈ। ਮੈਂ ਆਪਣੀ ਕਿਸੇ ਵੀ ਰਚਨਾਂ ਵਿੱਚ ਬੇਲੋੜੀ ਕੱਟ ਵੱਢ ਨਹੀਂ ਕਰਦਾ। ਹਾਂ ਕੋਈ ਕੋਈ ਵੇਰਵਾ ਜਾਂ ਘਟਨਾ ਦਾ ਵਿਸਥਾਰ ਜੇ ਕਹਾਣੀ ਦੀ ਤੋਰ ਵਿੱਚ ਰੁਕਾਵਟ ਪਾਉਂਦਾ ਹੈ ਤੇ ਉਸ ਵਾਧੂ ਵੇਰਵੇ ਨੂੰ ਕੱਟਣ ਨਾਲ ਰਚਨਾ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ ਅਜਿਹੀਆਂ ਦੋ ਚਾਰ ਸਤਰਾਂ ਮੈਂ ਕਦੀ ਕਦੀ ਕੱਟ ਦਿੰਦਾ ਹਾਂ, ਪਰ ਇਹ ਕਦੀ ਕਦਾਈਂ ਹੀ ਹੁੰਦਾ ਹੈ। ਮੈਂ ਪਹਿਲਾਂ ਕਹਾਣੀ ਰਫ਼ ਲਿਖਦਾ ਹਾਂ। ਫੇਰ ਫੇਅਰ ਕਰ ਕੇ। ਬੇਲੋੜੀ ਕਾਂਟ ਛਾਟ ਰਚਨਾ ਦੀ ਧਾਰ ਨੂੰ ਖੁੰਢੀ ਕਰ ਦਿੰਦੀ ਹੈ। ਜਿਸ ਕਰਕੇ ਰਚਨਾ ਪਾਠਕਾਂ ਦੇ ਮਨ ਅੰਦਰ ਆਸਾਨੀ ਨਾਲ

ਨਹੀਂ ਖੁਭਦੀ। ਕਹਾਣੀ ਫੇਅਰ ਕਰਕੇ ਲਿਖਣ ਨਾਲ ਦੋ ਚਾਰ ਸ਼ਬਦ ਜਾਂ ਇੱਕ ਦੋ ਲਾਈਨਾਂ ਕੱਟੀਆਂ ਜਾਂਦੀਆਂ ਹਨ। ਮੇਰੀ ਕਿਸੇ ਵੀ ਰਚਨਾ ਵਿੱਚ ਵੱਡੀ ਤਬਦੀਲੀ ਦੀ ਗੁੰਜਾਇਸ਼ ਨਹੀਂ ਹੁੰਦੀ।

ਸਾਡੇ ਕਈ ਲੇਖਕ ਦਾਵ੍ਹੇ ਕਰਦੇ ਹਨ ਕਿ ਉਹ ਹਰ ਰੋਜ ਲਿਖਦੇ ਹਨ। ਕੋਈ ਘਟਨਾ, ਅਨੁਭਵ ਜਾਂ ਖਿਆਲ ਮਨ ਉੱਤੇ ਅਸਰ ਪਾਉਂਦਾ ਹੈ ਤਾਂ ਕਈ ਵਾਰ ਉਹ ਕਹਾਣੀ ਜਿਹਾ ਧੁੰਦਲਾ ਅਕਾਰ ਗ੍ਰਹਿਣ ਕਰ ਲੈਂਦਾ ਹੈ ਤੇ ਜਦੋਂ ਮੈਂ ਕਹਾਣੀ ਲਿਖਣ ਲਗਦਾ ਹਾਂ ਤਾਂ ਇਸ ਵਿਚਾਰ, ਘਟਨਾ ਜਾਂ ਅਨੁਭਵ ਤੋਂ ਧੁੰਦ ਛਟਣ ਲਗਦੀ ਹੈ ਤੇ ਕਹਾਣੀ ਦੇ ਨਕਸ਼ ਉਘੜਨ ਲਗਦੇ ਹਨ। ਜੋ ਕੁਝ ਮੈਂ ਕਹਾਣੀ ਲਿਖਣ ਸਮੇਂ ਸੋਚਣਾ ਸ਼ੁਰੂ ਕੀਤਾ ਹੁੰਦਾ ਹੈ ਤੇ ਕਹਾਣੀ ਮੁਕੰਮਲ ਹੋਣ ਤੱਕ ਬਹੁਤ ਕੁਝ ਅਣਕਿਆਸਿਆ ਵੀ ਇਸ ਵਿੱਚ ਸ਼ਾਮਲ ਹੋ ਜਾਂਦਾ ਹੈ। ਹੌਲੀ ਹੌਲੀ ਪਾਤਰਾਂ ਤੇ ਘਟਨਾਵਾਂ ਦੀ ਤਰਤੀਬ ਬਣਨ ਲਗਦੀ ਹੈ ਤੇ ਕਹਾਣੀ ਵਿੱਚ ਸੰਵੇਦਨਾ ਉਭਰਨ ਲਗ ਪੈਂਦੀ ਹੈ ਜਿਹੜੀ ਪਾਠਕ ਦੇ ਮਨ ਉੱਤੇ ਪ੍ਰਭਾਵ ਪਾਉਂਦੀ ਹੈ। ਕਈ ਵਾਰ ਕਹਾਣੀ ਦਾ ਅੰਤ ਕੁਝ ਹੋਰ ਸੋਚਿਆ ਹੁੰਦਾ ਹੈ ਪਰ ਪਾਤਰਾਂ ਤੇ ਘਟਨਾਵਾਂ ਦੀ ਲੋੜ ਅਨੁਸਾਰ ਕਹਾਣੀ ਅਜਿਹਾ ਰੂਪ ਅਖ਼ਤਿਆਰ ਕਰ ਜਾਂਦੀ ਹੈ ਜਿਹੜਾ ਕਹਾਣੀ ਲਿਖਣੀ ਸ਼ੁਰੂ ਕਰਨ ਸਮੇਂ ਨਹੀਂ ਹੁੰਦਾ। ਪਾਤਰਾਂ, ਘਟਨਾਵਾਂ ਤੇ ਸਥਿਤੀਆਂ-ਪ੍ਰਸਥਿਤੀਆਂ ਕਹਾਣੀ ਦੀ ਲੋੜ ਅਨੁਸਾਰ ਬਦਲ ਜਾਂਦੀਆਂ ਹਨ। ਉਸ ਸਮੇਂ ਮੇਰੀ ਕਲਪਨਾ ਵਿੱਚ ਉੱਭਰੀ ਕਹਾਣੀ ਕਾਗਜ ਉੱਤੇ ਉੱਤਰੀ ਕਹਾਣੀ ਨਾਲੋਂ ਬਹੁਤ ਭਿੰਨ ਹੁੰਦੀ ਹੈ।

ਮੈਂ ਉਹਨਾ ਖ਼ੁਸਕਿਸਮਤ ਲੇਖਕਾਂ ਵਿੱਚੋਂ ਹਾਂ ਜਿਨਾਂ ਨੂੰ ਪਾਠਕਾਂ ਦਾ ਹੁੰਗਾਰਾ ਬਹੁਤ ਵੱਡੀ ਗਿਣਤੀ ਵਿੱਚ ਮਿਲਿਆ। ਅੱਜ ਤੱਕ ਸੈਂਕੜੇ ਪੱਤਰ ਹਿੰਦੀ ਪੰਜਾਬੀ ਪਾਠਕਾਂ ਦੇ ਮੈਨੂੰ ਮਿਲੇ ਹਨ ਤੇ ਅਖ਼ਬਾਰਾਂ ਰਸਾਲਿਆ ਵਿੱਚ ਪ੍ਰਕਾਸ਼ਿਤ ਹੋਏ ਹਨ। ਇੰਨਾਂ ਵਿੱਚ ਉਹ ਪੱਤਰ ਵੀ ਸਾਮਿਲ ਹਨ, ਜਿੰਨਾ ਵਿੱਚ ਮੇਰੀ ਆਲੋਚਨਾ ਕੀਤੀ ਗਈ ਹੈ। ਜੇ ਪਾਠਕਾਂ ਦਾ ਏਡਾ ਤਕੜਾ ਹੁੰਗਾਰਾ ਮੈਨੂੰ ਨਾ ਮਿਲਦਾ, ਸ਼ਾਇਦ ਮੈਂ ਜੋ ਕੁਝ ਲਿਖਿਆ ਹੈ, ਨਾਂ ਲਿਖ ਸਕਦਾ। ਇੰਨਾਂ ਪਾਠਕਾਂ ਵਿੱਚ ਬਹੁਤ ਘੱਟ ਪੜ੍ਹੇ ਲਿਖੇ ਬੰਦੇ , ਪੜੇ ਲਿਖੇ ਮੁੰਡੇ ਕੁੜੀਆਂ, ਯੂਨੀਵਰਸਿਟੀ ਦੇ ਵਿਦਵਾਨ ਪ੍ਰੋਫੈਸਰਾ ਤੇ ਲੇਖਕ ਸ਼ਾਮਲ ਹਨ। ਕਈ ਅਜਿਹੇ ਪਾਠਕ ਵੀ ਹਨ ਜਿਹੜੇ ਲਗਭਗ ਦੋ ਦਹਾਕਿਆਂ ਤੋਂ ਮੈਨੂੰ ਹੁਣ ਤੱਕ ਪੱਤਰ ਲਿਖਦੇ ਆ ਰਹੇ ਹਨ। ਮੈਂ ਲੰਮੇ ਸਮੇਂ ਤੱਕ ਕੁਝ ਨਾ ਲਿਖਾ ਤਾਂ ਪੁੱਛਦੇ ਹਨ, ਇਸ ਚੁੱਪ ਦਾ ਕੀ ਕਾਰਨ ਹੈ ? ਇਹ ਖ਼ਤ ਮੇਰਾ ਕੀਮਤੀ ਸਰਮਾਇਆ ਹਨ।

ਪੰਜਾਬੀ ਲੇਖਕਾਂ ਵਾਂਗ ਹੀ ਪੰਜਾਬੀ ਆਲੋਚਨਾ ਵੀ ਧੜੇਬੰਦੀ ਦਾ ਸ਼ਿਕਾਰ ਹੈ। ਜਿਹੜੇ ਥੋੜੇ ਬਹੁਤ ਨਿਰਪੱਖ ਅਲੋਚਕ ਨੇ, ਉਹਨਾਂ ਦੀ ਕਿਧਰੇ ਪੁੱਛ ਪੜਤਾਲ ਨਹੀਂ। ਇਸ ਲਈ ਕਿਸੇ ਵੀ ਆਲੋਚਕ ਨੂੰ ਕੋਈ ਗੰਭੀਰਤਾ ਨਾਲ ਨਹੀਂ ਲੈਂਦਾ। ਲੇਖਕ, ਆਲੋਚਕਾਂ ਨੂੰ ਕਿਤਾਬਾਂ ਦੇ ਕੇ ਲਿਖਣ ਲਈ ਕਹਿੰਦੇ ਹਨ ਤੇ ਕਈ ਤਾਂ ਉਹਨਾਂ ਦੇ ਘਰ ਚੱਕਰ ਵੀ ਕਢਦੇ ਹਨ। ਸਾਡੇ ਆਲੋਚਕ ਲੇਖਕਾਂ ਨੂੰ ਪੜ੍ਹਦੇ ਬਹੁਤ ਘੱਟ ਹਨ। ਡਾ. ਟੀ. ਆਰ. ਵਿਨੋਦ ਪੰਦਰਾ ਵੀਹ ਸਾਲ ਪਹਿਲਾਂ ਪੜ੍ਹੀਆ ਕਹਾਣੀਆਂ ਦਾ ਜਿਕਰ ਬੜਾ ਝੂਮ ਝੂਮ ਕੇ ਕਰਦਾ ਹੈ ਤੇ ਰਚਨਾਵਾਂ ਵੀ ਜਿੰਨਾਂ ਦਾ ਉਹ ਜਿਕਰ ਕਰਦਾ ਹੈ ਉਹਨੇ ਆਪ ਨਹੀਂ ਪੜ੍ਹੀਆਂ ਹੁੰਦੀਆਂ ਸਗੋਂ ਪੜ੍ਹਾਈਆ ਹੁੰਦੀਆਂ ਹਨ। ਅਜਿਹੀ ਸਥਿਤੀ ਵਿੱਚ ਚੰਗੀਆ ਰਚਨਾਵਾਂ ਦਾ ਜਿਕਰ ਘੱਟ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ। ਕੁਝ ਇਕ ਆਲੋਚਕਾਂ ਨੂੰ ਛੱਡ ਕੇ ਪੰਜਾਬੀ ਦੇ ਬਹੁਤੇ ਆਲੋਚਕਾਂ ਦਾ ਇਹੀ ਹਾਲ ਹੈ। ਰਚਨਾ ਦੇ ਸੂਖ਼ਮ ਅਹਿਸਾਸਾਂ ਨੂੰ ਫੜ੍ਹਨ ਵਾਲੇ ਆਲੋਚਕਾਂ ਦੀ ਪੰਜਾਬੀ ਵਿੱਚ ਅਜੇ ਵੀ ਬੜੀ ਘਾਟ ਹੈ। ਉਪਰੋਕਤ ਸਥਿਤੀ ਦੇ ਬਾਵਜੂਦ ਮੈਂ ਆਪਣੀਆਂ ਰਚਨਾਵਾਂ ਸੰਬੰਧੀ ਹੋਈ ਆਲੋਚਨਾ ਤੋਂ ਕਾਫ਼ੀ ਹੱਦ ਤੱਕ ਸੰਤੁਸ਼ਟ ਹਾਂ। ਇਹ ਠੀਕ ਹੈ ਕਿ ਬਹੁਤ ਸਾਰੇ ਆਲੋਚਕਾਂ ਨੇ ਮੇਰੀਆਂ ਰਚਨਾਵਾਂ ਦਾ ਜਿਕਰ ਤੱਕ



ਨਹੀਂ ਕੀਤਾ। ਇੱਥੋਂ ਤੱਕ ਕਿ 'ਰੇਗਿਸਤਾਨ ਦਾ ਸਫ਼ਰ' ਤੇ 'ਪ੍ਰੀਤੋ' ਜਦੋਂ 'ਦ੍ਰਿਸ਼ਟੀ' ਵਿੱਚ ਪ੍ਰਕਾਸ਼ਤ ਹੋਏ ਤਾਂ ਇੰਨਾਂ ਨਾਵਲਿਟਾਂ ਦੀ ਬੇਹੱਦ ਚਰਚਾ ਹੋਈ। ਬਰਜਿੰਦਰ ਸਿੰਘ ਹੁਰਾਂ ਵੀ ਚਿੱਠੀ ਲਿਖੀ ਸੀ ਕਿ ਰਚਨਾਵਾਂ ਬਹੁਤ ਚਰਚਿਤ ਰਹੀਆਂ ਪਰ ਡਾ. ਅਮਰਜੀਤ ਸਿੰਘ ਧੁੰਨੀ ਤੋਂ ਇਲਾਵਾ ਕਿਸੇ ਆਲੋਚਕ ਨੇ ਉਸ ਸਮੇਂ ਵੀ ਤੇ ਬਾਅਦ ਵਿਚ ਵੀ ਆਪਣੇ ਆਲੋਚਨਾਤਮਕ ਲੇਖਾਂ ਵਿੱਚ ਇਹਨਾਂ ਦਾ ਜ਼ਿਕਰ ਨਹੀਂ ਕੀਤਾ। ਫਿਰ ਵੀ ਜਿਸ ਕਿਸੇ ਨੇ ਮੇਰੀ ਰਚਨਾ ਬਾਰੇ ਲਿਖਿਆ ਮੇਰੀ ਉਮੀਦ ਤੋਂ ਕਿਤੇ ਵੱਧ ਚੰਗਾ ਲਿਖਿਆ। ਆਪਣੀਆਂ ਰਚਨਾਵਾਂ ਬਾਰੇ ਆਲੋਚਨਾ ਪੜ੍ਹ ਕੇ ਕਈ ਵਾਰ ਸੋਚਦਾ ਸਾਂ ਕਿ ਜੇ ਮੇਰੀਆ ਰਚਨਾਵਾਂ ਸੱਚਮੁੱਚ ਹੀ ਏਡੇ ਉੱਚੇ ਪੱਧਰ ਦੀਆਂ ਨੇ ਤਾਂ ਮੇਰਾ ਨਾਂ ਕਹਾਣੀਕਾਰਾਂ ਤੇ ਨਾਵਲਕਾਰਾਂ ਦੀ ਸੂਚੀ ਵਿੱਚ ਜਦੋਂ ਕੋਈ ਲਿਖਦਾ ਹੈ, ਉਸ ਤਰ੍ਹਾਂ ਕਿਉਂ ਨਹੀਂ ਆਉਂਦਾ ਜਿਵੇਂ ਚਾਰ ਪੰਜ ਕਹਾਣੀਕਾਰਾਂ ਤੇ ਉਪਨਿਆਸਕਾਰਾਂ ਦਾ ਆਉਂਦਾ ਹੈ। ਸ਼ਾਇਦ ਇਹਦਾ ਕਾਰਨ ਮੇਰਾ ਸੁਭਾਅ ਵੀ ਹੈ। ਮੈਂ ਵਿਆਕਤੀਗਤ ਤੌਰ ਉੱਤੇ ਨਾਂ ਤਾਂ ਕਦੇ ਕਿਸੇ ਆਲੋਚਕ ਨੂੰ ਮਿਲਦਾ ਹਾਂ, ਨਾ ਸੰਪਰਕ ਬਣਾਉਂਦਾ ਹਾਂ।

ਸ਼ਾਇਦ ਹੀ ਕੋਈ ਪੰਜਾਬੀ ਦਾ ਆਲੋਚਕ ਹੋਵੇਗਾ ਜੋ ਆਪ ਯਤਨ ਕਰਕੇ ਪੰਜਾਬੀ ਦੀ ਕਿਸੇ ਪੁਸਤਕ ਨੂੰ ਪੜ੍ਹਦਾ ਹੋਵੇਗਾ। ਹਾਂ ਜਿਹੜੇ ਲੇਖਕ ਅਧਿਕ ਚਰਚਾ ਵਿੱਚ ਆ ਜਾਂਦੇ ਹਨ, ਉਨ੍ਹਾਂ ਨੂੰ ਸਾਡੇ ਆਲੋਚਕ ਪੜ੍ਹ ਲੈਂਦੇ ਹੋਣਗੇ। ਇਹੀ ਵਜ੍ਹਾ ਹੈ ਕਿ ਸੋਹਣ ਸਿੰਘ ਸੀਤਲ ਦੀ ਇੱਕ ਨਾਵਲਕਾਰ ਦੇ ਤੌਰ ਤੇ ਅਤੇ ਵਿਰਕ ਦੀ ਇੱਕ ਪ੍ਰਤਿਭਾਸ਼ਾਲੀ ਕਹਾਣੀਕਾਰ ਵਜੋਂ ਪਛਾਣ ਬਹੁਤ ਦੇਰ ਬਾਅਦ ਹੋਈ।

ਆਲੋਚਕ ਦੀ ਸ਼ਕਤੀ ਦਾ ਸੋਮਾ ਦੋ ਚੀਜਾਂ ਹਨ। ਇੱਕ ਉਹਦੀ ਪ੍ਰਤਿਭਾ ਦੂਜੀ ਨਿਰਪੱਖਤਾ ਜਦੋਂ ਆਲੋਚਕ ਕੋਲ ਇੰਨਾਂ ਦੋਹਾਂ ਵਿੱਚੋਂ ਇੱਕ ਨਹੀਂ ਹੁੰਦੀ ਤਾਂ ਉਹ ਲੰਗੜਾ ਹੋ ਜਾਂਦਾ ਹੈ। ਲੇਖਕ ਨੂੰ ਦੇਖਕੇ ਕੀਤੀ ਆਲੋਚਨਾ ਲੰਗੜੀ ਹੁੰਦੀ ਹੈ। ਉਹ ਕਿਸੇ ਦਾ ਕੁਝ ਨਹੀਂ ਸੰਵਾਰਦੀ। ਹਾਂ, ਉਸ ਲੇਖਕ ਦਾ ਨੁਕਸਾਨ ਜਰੂਰ ਕਰ ਜਾਂਦੀ ਹੈ, ਜਿਸਦੀ ਆਲੋਚਕ ਪ੍ਰਸ਼ੰਸ਼ਾ ਕਰਦਾ ਹੈ। ਗੁੱਟਬੰਦੀ ਹਿੰਦੀ ਵਿੱਚ ਵੀ ਹੈ ਅਤੇ ਹੋਰ ਭਾਸ਼ਾਵਾਂ ਵਿੱਚ ਵੀ। ਮੈਨੂੰ ਇਸਦਾ ਹੋਰ ਤਾਂ ਕੋਈ ਲਾਭ ਨਜ਼ਰ ਨਹੀਂ ਆਉਂਦਾ। ਹਾਂ ਏਨਾ ਜਰੂਰ ਹੈ ਕਿ ਕਿਸੇ ਗੁੱਟ ਵਿਸ਼ੇਸ਼ ਨਾਲ ਜੁੜੇ ਲੇਖਕ ਦੀ ਚਰਚਾ ਖ਼ੂਬ ਹੋ ਜਾਂਦੀ ਹੈ ਬਾਕੀ ਇਸ ਦਾ ਨੁਕਸਾਨ ਹੀ ਨੁਕਸਾਨ ਹੈ।

ਮੇਰੇ ਜਿਹੇ ਮੂੰਹ ਫੱਟ ਤੇ ਬੇਲਿਹਾਜ਼ ਬੰਦੇ ਨੂੰ ਸਨਮਾਨਿਤ ਕੌਣ ਕਰਦਾ ਹੈ ? ਵੈਸੇ ਵੀ ਸਭਾਵਾਂ ਤੇ ਸੰਸਥਾਵਾਂ ਲੇਖਕਾਂ ਨੂੰ ਕਿਵੇਂ ਸਨਮਾਨਿਤ ਕਰਦੀਆਂ ਹਨ, ਤੁਸੀਂ ਭਲੀਭਾਂਤ ਜਾਣਦੇ ਹੋ। ਇਹ ਠੀਕ ਹੈ ਕਿ ਸਾਹਿਤ ਆਕਾਦਮੀ ਤੇ ਕਈ ਹੋਰ ਅਜਿਹੀਆਂ ਸੰਸਥਾਵਾਂ ਹਨ ਜਿਹੜੀਆਂ ਵਿਵਾਦਗ੍ਰਸਤ ਹੋਣ ਦੇ ਬਾਵਜੂਦ ਅਪਣਾ ਮਹੱਤਵ ਰੱਖਦੀਆਂ ਹਨ। ਮਿਸਾਲ ਦੇ ਤੌਰ ਤੇ ਹਿੰਦੀ ਵਿੱਚ ਗਿਆਨ ਰੰਜਨ ਵੱਲੋਂ 'ਪਹਿਲ' ਸਨਮਾਨ ਦਿੱਤਾ ਜਾਂਦਾ ਹੈ। ਇਸ ਸਨਮਾਨ ਦੀ ਰਾਸ਼ੀ ਘੱਟ ਹੋਣ ਦੇ ਬਾਵਜੂਦ ਇਹ ਬਹੁਤ ਪ੍ਰਤਿਸ਼ਠਾ ਵਾਲਾ ਸਨਮਾਨ ਹੈ। ਬਹੁਤ ਹੀ ਯੋਗ ਸਾਹਿਤਕਾਰਾਂ ਨੂੰ ਇਹ ਸਨਮਾਨ ਦਿੱਤਾ ਜਾਂਦਾ ਹੈ। ਅਜਿਹੇ ਕਈ ਹੋਰ ਵੀ ਪ੍ਰਤਿਸ਼ਠਾ ਵਾਲੇ ਸਨਮਾਨ ਹਨ। ਪਰ ਪੰਜਾਬੀ ਵਿਚ ਤਾਂ ਸਨਮਾਨਾਂ ਦਾ ਹੜ ਆ ਗਿਆ ਹੈ। ਮੈਂ ਜਦ ਵੀ ਆਪਣੇ ਕਿਸੇ ਸਮਕਾਲੀ ਲੇਖਕ ਦੇ ਘਰ ਜਾਂਦਾ ਹਾਂ। ਤਾਂ ਹੈਰਾਨ ਹੋ ਜਾਂਦਾ ਹਾਂ। ਕਿ ਉਸਦਾ ਡਰਾਇੰਗ ਰੂਮ ਸਨਮਾਨ ਪੱਤਰਾਂ ਤੇ ਮੋਮੈਂਟੋਆ ਨਾਲ ਭਰਿਆ ਹੁੰਦਾ ਹੈ। ਜਿਹੜੇ ਲੇਖਕ ਦੀ ਇੱਕ ਅੱਧ ਕਿਤਾਬ ਛਪੀ ਹੈ ਜਾਂ ਕੁਝ ਇੱਕ ਕਹਾਣੀਆਂ ਹੀ ਛਪੀਆਂ ਹਨ , ਉਹ ਵੀ ਕਈ ਕਈ ਸਨਮਾਨ ਲਈ ਬੈਠੇ ਹਨ। ਮੈਂ 1963 ਵਿੱਚ ਲਿਖਣਾ ਸ਼ੁਰੂ ਕੀਤਾ ਸੀ। ਅੱਜ ਤੱਕ ਮੈਨੂੰ ਕਿਸੇ ਸਭਾ ਸੰਸਥਾਂ ਵੱਲੋਂ ਕੋਈ ਸਨਮਾਨ ਨਹੀਂ ਮਿਲਿਆ। ਮੈਨੂੰ ਜਾਪਦਾ ਹੈ ਕਿ ਮੇਰੇ ਸਮਕਾਲੀ ਲੇਖਕਾਂ ਵਿੱਚ ਸ਼ਾਇਦ ਮੈਂ ਹੀ ਇੱਕ ਅਜਿਹਾ ਹਾਂ ਜਿਸ ਨੂੰ ਕਿਸੇ ਸੰਸਥਾ ਨੇ

ਸਨਮਾਨਤ ਨਹੀਂ ਕੀਤਾ। ਜੇ ਤੁਸੀਂ ਮੇਰੇ ਉੱਤੇ ਵਿਸ਼ਵਾਸ਼ ਕਰੋਂ ਤਾਂ ਮੈਂ ਕਹਿਣਾ ਚਾਹਾਂਗਾ ਕਿ ਮੈਨੂੰ ਇਹ ਗੱਲ ਬੜਾ ਸੰਤੋਖ ਦਿੰਦੀ ਹੈ ਕਿ ਮੈਨੂੰ ਕੋਈ ਮਾਨ ਸਨਮਾਨ ਨਹੀਂ ਮਿਲਿਆ। ਆਪਣੇ ਯਤਨਾ ਰਾਹੀਂ ਜਾਂ ਦੋਸਤ ਮਿੱਤਰਾਂ ਰਾਹੀਂ ਮਾਣ ਸਨਮਾਨ ਪ੍ਰਾਪਤ ਕਰਨਾ ਲੇਖਕ ਨੂੰ ਸ਼ੋਭਾ ਨਹੀਂ ਦਿੰਦਾ। ਹਾਂ ਜਿੰਨਾ ਪ੍ਰਤਿਸਿਠਤ ਸੰਸਥਾਵਾਂ ਦਾ ਮੈਂ ਉੱਪਰ ਜਿਕਰ ਕੀਤਾ ਹੈ, ਅਜਿਹੀਆਂ ਸੰਸਥਾਵਾਂ ਵੱਲੋਂ ਸਨਮਾਨ ਲੇਖਕ ਲਈ ਮਾਣ ਦਾ ਕਾਰਨ ਬਣਦਾ ਹੈ। ਸ਼ਾਇਦ ਅਜਿਹੀਆਂ ਉੱਚ ਪੱਧਰ ਦੀਆਂ ਰਚਨਾਵਾਂ ਮੈਂ ਹੀ ਨਹੀਂ ਲਿਖ ਸਕਿਆ।

ਲੇਖਕਾਂ ਨੂੰ ਇਨਾਮ ਲੈਣ ਲਈ ਕੁਝ ਨਹੀਂ ਕਰਨਾ ਚਾਹੀਦਾ। ਉਹਨੂੰ ਨਾ ਕਿਸੇ ਦੀ ਦੋਸਤੀ ਦਾ ਸਹਾਰਾ ਲੈਣਾ ਚਾਹੀਦਾ ਹੈ, ਨਾ ਕਿਸੇ ਗੁੱਟ ਨਾਲ ਜੁੜਕੇ ਅਨੁਚਿਤ ਲਾਭ ਲੈਣਾ ਚਾਹੀਦਾ ਹੈ। ਲੇਖਕ ਦਾ ਭਰੋਸਾ ਆਪਣੀ ਕਲਮ ਉੱਤੇ ਹੋਣਾ ਚਾਹੀਦਾ ਹੈ। ਉਪਰੋ ਦੇਖਿਆਂ ਇਹ ਦਲੀਲ ਭਾਵੇਂ ਬੜੀ ਆਦਰਸ਼ਕ ਜਿਹੀ ਜਾਪਦੀ ਹੈ ਪਰ ਇਹ ਸੱਚ ਹੈ। ਜਿਹੜੇ ਲੇਖਕ ਹਰ ਸਮੇਂ ਹਰ ਥਾਂ ਆਪਣੀ ਚਰਚਾ ਕਰਵਾਉਂਦੇ ਰਹਿੰਦੇ ਹਨ, ਕਈ ਤਰ੍ਹਾਂ ਦੇ ਹੱਥਕੰਡੇ ਵਰਤ ਕੇ ਇਨਾਮ ਪ੍ਰਾਪਤ ਕਰਕੇ ਹਨ , ਕੀ ਉਹ ਸੰਤੁਸ਼ਟ ਹਨ ? ਬਿਲਕੁਲ ਨਹੀਂ। ਭਾਵੇਂ ਕੋਈ ਕਿੰਨੇ ਪਾਪੜ ਵੇਲ ਲਵੇ, ਅੰਤ ਟਿਕਦੀ ਤਾਂ ਰਚਨਾ ਹੀ ਹੈ। ਅੰਮ੍ਰਿਤਾ ਜੀ ਨੇ ਇੱਕ ਵਾਰੀ ਕਿਹਾ ਸੀ ਕਿ ਸਾਹਿਤ ਦਾ ਕੋਈ 'ਸ਼ਾਰਟ ਕਟ' ਨਹੀਂ ਮੈਂ ਇਸ ਗੱਲ ਨਾਲ ਸਹਿਮਤ ਹਾਂ। ਆਪਣੇ ਅਜਿਹੇ ਯਤਨਾ ਸਕਦਾ ਤੁਸੀਂ ਵਕਤੀ ਤੌਰ ਤੇ ਤਾਂ ਸ਼ੁਹਰਤ ਪ੍ਰਾਪਤ ਕਰ ਸਕਦੇ ਹੋ ਪਰ ਲੇਖਕ ਨੂੰ ਸੱਚੀ ਪ੍ਰਤਿਸ਼ਠਾ ਉਸਦੀ ਰਚਨਾ ਹੀ ਪ੍ਰਦਾਨ ਕਰਦੀ ਹੈ। ਚੰਗੀ ਰਚਨਾ ਨੂੰ ਬਹੁਤ ਦੇਰ ਤੱਕ ਨਜ਼ਰ ਅੰਦਾਜ ਨਹੀਂ ਕੀਤਾ ਜਾ ਸਕਦਾ।

ਕਹਾਣੀ ਗੋਸ਼ਟੀਆ ਬਾਰੇ ਮੈਂ ਇਕ ਵਾਰ 'ਲੋਅ' ਵਿੱਚ ਲਿਖਿਆ ਸੀ। ਸੂਝਵਾਨ ਪਾਠਕ ਤੇ ਪ੍ਰਬੁੱਧ ਕਹਾਣੀਕਾਰ ਇੱਕ ਮੰਚ ਉੱਤੇ ਇਕੱਠੇ ਕਰ ਕੇ ਉਨ੍ਹਾਂ ਵਿਚਕਾਰ ਸਿੱਧਾ ਸੰਵਾਦ ਰਚਾਉਣਾ ਇੰਨਾ ਗੋਸ਼ਟੀਆਂ ਦਾ ਮੰਤਵ ਹੈ। ਸਾਹਿਤ ਸਭਾਵਾਂ ਵੱਲੋਂ ਕੀਤੀਆ ਜਾਂਦੀਆਂ ਗੋਸ਼ਟੀਆ ਤੇ ਸੈਮੀਨਾਰ ਤਾਂ ਮੈਨੂੰ ਬਹੁਤ ਪ੍ਰਭਾਵਿਤ ਨਹੀਂ ਕਰਦੇ। ਪਰ 'ਦੀਵਾ ਬਲੇ ਸਾਰੀ ਰਾਤ' ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ। ਕਿਸੇ ਵੀ ਪ੍ਰਕਾਰ ਦੇ ਪੂਰਵਗ੍ਰਹਿ ਤੋਂ ਮੁਕਤ ਇੱਥੇ ਪੜ੍ਹੀਆਂ ਕਹਾਣੀਆਂ ਬਾਰੇ ਬੜੇ ਸਾਰਥਿਕ ਤੇ ਸੰਤੁਲਤ ਵਿਚਾਰ ਪ੍ਰਸਤੁਤ ਕੀਤੇ ਜਾਂਦੇ ਸਨ। ਇਹ ਵਿਚਾਰ ਚਰਚਾ ਸਾਹਿਤ ਸਭਾਵਾਂ ਦੀਆਂ ਗੋਸ਼ਟੀਆ ਵਾਂਗ ਅਕਾਦਮਿਕ ਨਹੀਂ ਹੁੰਦੀ। ਖੁੱਲਾ ਸਮਾਂ ਹੁੰਦਾ ਹੈ, ਸਾਬਤ ਸਬੂਤ ਪੂਰੀ ਰਾਤ। ਹਰ ਕੋਈ ਖੁੱਲ੍ਹੇ ਦਿਲ ਨਾਲ ਆਪਣੇ ਵਿਚਾਰ ਰਖਦਾ ਹੈ। ਇੰਨਾ ਗੋਸ਼ਟੀਆ ਵਿੱਚ ਕੋਈ ਪ੍ਰਧਾਨ ਨਹੀਂ ਹੁੰਦਾ। ਕੋਈ ਉਪਚਾਰਕਿਤਾ ਨਹੀਂ ਹੁੰਦੀ। ਗੰਭੀਰ ਚਰਚਾ ਦੇ ਨਾਲ ਨਾਲ ਨਿੱਕਾ ਨਿੱਕਾ ਹਾਸਾ ਮਜਾਕ ਵੀ ਚਲਦਾ ਰਹਿੰਦਾ ਹੈ। ਇਨ੍ਹਾਂ ਗੋਸ਼ਟੀਆਂ ਦਾ ਸੰਚਾਲਕ ਹੀ  ਇੰਨਾ ਦੀ ਰਿਪੋਰਟਿੰਗ ਕਰਦਾ ਹੈ। ਸ਼ੁਰੂ ਵਿੱਚ ਪੰਜਾਬੀ ਦੇ ਪ੍ਰਸਿੱਧ ਲੇਖਕ ਇੰਨਾ ਵਿੱਚ ਸਾਮਲ ਹੁੰਦੇ ਸਨ, ਪਰ ਹੁਣ ਕਈ ਕਾਰਨਾ ਕਰਕੇ ਲੇਖਕਾਂ ਦੀ ਸ਼ਮੂਲੀਅਤ ਘਟ ਰਹੀ ਹੈ। ਦੂਜੇ ਪਾਸੇ ਕਹਾਣੀ ਦਰਬਾਰ ਜਾਂ ਨਾਵਲ ਵਰਕਸਾਪਾਂ ਅਸਲੋਂ ਨਿਰਾਰਥਕ ਨਹੀਂ ਸਾਰੇ ਲੇਖਕ ਇਕੱਠੇ ਹੁੰਦੇ ਹਨ। ਖੁੱਲ੍ਹੀਆਂ ਬਹਿਸਾਂ ਹੁੰਦੀਆਂ ਹਨ। ਇੱਥੇ ਦਾ ਅਨੁਭਵ ਸਾਹਿਤ ਸਿਰਜਣਾ ਨਾਲੋਂ ਵੱਖਰੀ ਕਿਸਮ ਦਾ ਹੁੰਦਾ ਹੈ। ਸਾਹਿਤ ਬਾਰੇ ਚਰਚਾ ਲੇਖਕਾਂ ਦੀ ਖੁਰਾਕ ਹੈ। ਇੱਥੇ ਇੱਕ ਤਾਜ਼ਗੀ ਮਿਲਦੀ ਹੈ। ਇਹ ਵੀ ਠੀਕ ਹੈ, ਅਜਿਹੀਆਂ ਵਰਕਸਾਪਾਂ ਦਾ ਸਭ ਕੁਝ ਸਾਰਥਕ ਨਹੀਂ ਹੁੰਦਾ। ਫਿਰ ਵੀ ਇੰਨਾ ਦਾ ਆਪਣਾ ਮਹੱਤਵ ਹੈ ਕਿਉਂਕਿ ਸਾਹਿਤ ਸਿਰਜਣਾ ਦੇ ਵਾਂਗ ਹੀ ਸੰਵਾਦ ਰਚਾਉਣਾ ਵੀ ਲਾਜ਼ਮੀ ਹੈ।

ਜਦੋਂ ਕੋਈ ਰਚਨਾ ਮੁਕੰਮਲ ਹੋ ਜਾਂਦੀ ਹੈ ਫੇਰ ਉਸਨੂੰ ਲੇਖਕ ਨਾਲੋਂ ਅਲੱਗ ਕਰਕੇ ਵੇਖਣਾ ਚਾਹੀਦਾ ਹੈ ਜਿਵੇਂ ਰੁੱਖ ਨਾਲੋਂ ਪੱਕ ਕੇ ਵੱਖ ਹੋਇਆ ਫ਼ਲ। ਰਚਨਾ ਵਿਚਕਾਰ ਵਿੱਥ ਰੱਖਣ ਵਾਲੇ ਲੇਖਕ ਤਾਂ ਘਟ ਹਨ ਹੀ, ਪੰਜਾਬੀ ਵਿੱਚ ਅਜਿਹਾ ਵਿਰਲਾ ਹੀ ਕੋਈ ਆਲੋਚਕ ਹੈ ਜਿਹੜਾ ਰਚਨਾ



ਨੂੰ ਲੇਖਕ ਨਾਲੋਂ ਨਿਖੇੜ ਕੇ ਉਹਦਾ ਮੁਲਾਂਕਣ ਕਰਦਾ ਹੈ। ਜੇ ਅਜਿਹਾ ਹੋ ਜਾਵੇ, ਤਦ ਹੀ ਸਾਹਿਤ ਦਾ ਸਹੀ ਤੇ ਨਿਰਪੱਖ ਮੁਲਾਂਕਣ ਕੀਤਾ ਜਾ ਸਕਦਾ ਹੈ, ਨਹੀਂ ਤਾਂ ਨਹੀਂ।

ਮੈਂ ਬਹੁਤ ਘੱਟ ਲਿਖਣ ਵਾਲਾ ਲੇਖਕ ਹਾਂ। ਮੈਂ ਪੈਤੀਂ ਵਰਿਆ ਵਿੱਚ ਸਿਰਫ ਪੈਂਤੀਂ-ਛੱਤੀ ਕਹਾਣੀਆਂ ਹੀ ਲਿਖੀਆਂ ਹਨ। ਮੈਨੂੰ ਇਹ ਸਵੀਕਾਰ ਕਰਨ ਵਿੱਚ ਕੋਈ ਸੰਕੋਚ ਨਹੀਂ ਕਿ ਮੈਂ ਵੱਡੀ ਸਮਰੱਥਾ ਵਾਲਾ ਲੇਖਕ ਨਹੀਂ। ਬਹੁਤਾ ਅਤੇ ਚੰਗਾ ਲਿਖਣ ਵਾਲੇ ਲੇਖਕ ਵਿਰਲੇ ਵਿਰਲੇ ਹੀ ਹੁੰਦੇ ਹਨ, ਜਿਹੜੇ ਬਹੁਤਾ ਵੀ ਲਿਖ ਸਕਦੇ ਹਨ ਅਤੇ ਚੰਗਾ ਵੀ। ਇਸ ਲਈ ਮੈਂ ਜੋ ਕੁਝ ਵੀ ਲਿਖਿਆ ਹੈ ਕਿਸੇ ਕਾਹਲ ਵਿੱਚ ਨਹੀਂ ਲਿਖਿਆ। ਜਦੋਂ ਮੈਂ ਕੋਈ ਪੁਰਾਣੀ ਕਹਾਣੀ ਪੜ੍ਹਦਾ ਹਾਂ, ਮੈਨੂੰ ਹੈਰਾਨੀ ਹੁੰਦੀ ਹੈ ਕਿ ਇਹ ਕਹਾਣੀ ਮੈਂ ਹੀ ਲਿਖੀ ਸੀ। ਕਈ ਆਲੋਚਕਾਂ ਅਨੁਸਾਰ ਮੇਰੀਆ ਮੁੱਢਲੀਆਂ ਕਹਾਣੀਆਂ ਜਿਵੇਂ 'ਸਾਂਝ', 'ਬਰਸਾਤ ਦਾ ਮੌਸਮ' , 'ਪਿੰਡ ਦੀ ਕੁੜੀ' ਵਧੇਰੇ ਪਸੰਦ ਕੀਤੀਆ ਗਈਆਂ। ਮੇਰੀਆਂ ਕਹਾਣੀਆਂ ਵਿੱਚ ਸਿਰਫ ਦੋ ਚਾਰ ਕਹਾਣੀਆਂ ਨੂੰ ਛੱਡਕੇ ਮੈਨੂੰ ਆਪਣੀ ਕੋਈ ਵੀ ਕਹਾਣੀ, ਭਾਵੇਂ ਉਹ ਕਿੰਨੀ ਹੀ ਪੁਰਾਣੀ ਹੋਵੇ, ਕਮਜ਼ੋਰ ਨਹੀਂ ਲਗਦੀ। ਸੱਚ ਪੁੱਛੋ ਤਾਂ ਕਈ ਵਾਰ ਪੁਰਾਣੀਆਂ ਕਹਾਣੀਆਂ ਪੜ੍ਹਕੇ ਇੰਜ ਲਗਦਾ ਹੈ ਜਿਵੇਂ ਜੇ ਮੈਂ ਹੁਣ ਉਹੀ ਕਹਾਣੀ ਲਿਖਣੀ ਚਾਹਾਂ ਸ਼ਾਇਦ ਨਾ ਹੀ ਲਿਖ ਸਕਾਂ। ਵੈਸੇ ਵੀ ਕਹਾਣੀ ਕਿਸੇ ਤਰਤੀਬ ਅਨੁਸਾਰ ਨਹੀਂ ਲਿਖੀ ਜਾ ਸਕਦੀ। ਕਈ ਵਾਰ ਮੁੱਢ ਵਿੱਚ ਹੀ ਕਹਾਣੀ ਚੰਗੀ ਲਿਖੀ ਜਾਂਦੀ ਹੈ। ਕਈ ਵਾਰ ਵਿਚਕਾਰ ਤੇ ਇਹ ਜਰੂਰੀ ਨਹੀਂ, ਤੁਹਾਡੀ ਕਿਸੇ ਪਹਿਲੀ ਤਕੜੀ ਕਹਾਣੀ ਨਾਲੋਂ ਬਾਅਦ ਵਿੱਚ ਹੋਰ ਵਧੇਰੇ ਤਕੜੀ ਕਹਾਣੀ ਲਿਖੀ ਜਾਵੇ।

ਪਿਛਲੇ ਦਿਨਾਂ ਵਿੱਚ ਲਿਖੀਆ ਤਿੰਨ-ਚਾਰ ਕਹਾਣੀਆਂ ਨੂੰ ਮਿਲਾਕੇ ਮੈਂ ਵੱਧ ਤੋਂ ਵੱਧ ਚਾਲੀ ਕਹਾਣੀਆਂ ਲਿਖੀਆਂ ਹੋਣਗੀਆ। ਇੰਨਾਂ ਵਿੱਚੋਂ ਚਾਰ ਪੰਜ ਕਹਾਣੀਆਂ ਮੇਰੀ ਦ੍ਰਿਸ਼ਟੀ ਵਿੱਚ ਕਮਜੋਰ ਹਨ। ਇਸ ਲਈ ਉਹੀ ਪੈਂਤੀਂ ਕਹਾਣੀਆਂ ਬਚਦੀਆਂ ਹਨ। ਪਿਛੇ ਜਿਹੇ ਛਪੀ ਮੇਰੀ ਪੁਸਤਕ 'ਮੇਰੀ ਕਥਾ ਯਾਤਰਾ' ਵਿੱਚ ਮੇਰੀਆ ਵੀਹ ਕਹਾਣੀਆਂ ਹਨ। ਜੇ ਇਸ ਵਿੱਚ 'ਹਵਾ ਵਿੱਚ ਲਟਕਦਾ ਆਦਮੀ ' ਦੀਆਂ ਕਹਾਣੀਆਂ ਜੋੜ ਲਈਆ ਜਾਣ ਤਾਂ ਤਿੰਨ-ਚਾਰ ਨਵੀਆਂ ਕਹਾਣੀਆਂ ਮਿਲਾ ਕੇ ਉਹੀ ਪੈਂਤੀਂ ਕੁ ਬਣਦੀਆਂ ਹਨ। ਇਸ ਲਈ ਪਹਿਲੇ ਕਹਾਣੀ ਸੰਗ੍ਰਹਿ 'ਹਵਾ ਵਿੱਚ ਲਟਕਦਾ ਆਦਮੀ' ਤੇ 'ਮੇਰੀ ਕਥਾ ਯਾਤਰਾ' ਦੀਆਂ ਕਹਾਣੀਆਂ ਮਿਲਾ ਕੇ ਮੇਰੀਆਂ ਸਾਰੀਆਂ ਕਹਾਣੀਆਂ ਬਣ ਜਾਂਦੀਆਂ ਹਨ।

ਮੈਂ 1963 ਵਿੱਚ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਸਨ। 1968 ਵਿੱਚ ਮੇਰੀ ਪਹਿਲੀ ਪੁਸਤਕ 'ਹਵਾ ਵਿੱਚ ਲਟਕਦਾ ਆਦਮੀ', ਜਿਹੜੀ ਮੈਂ ਖੁਦ ਛਾਪੀ ਸੀ, ਪ੍ਰਕਾਸ਼ਿਤ ਹੋਈ। ਇਹ ਕਹਾਣੀਆਂ ਪਾਠਕਾਂ ਕੋਲ ਘੱਟ ਹੀ ਪੁੱਜੀਆ । ਪੈਂਤੀ ਸਾਲ ਮੈਂ ਕਹਾਣੀਆਂ ਲਿਖਦਾ ਰਿਹਾ। ਹਾਂ, ਇਸ ਸਮੇਂ ਦੌਰਾਨ ਬਾਰਾ ਸਾਲ ਮੈਂ ਕੁਝ ਵੀ ਨਾ ਲਿਖਿਆ। ਫੇਰ ਵੀ ਮੈਨੂੰ 1968 ਤੱਕ ਦੀਆਂ ਕਹਾਣੀਆਂ ਹੁਣ ਦੀਆਂ ਕਹਾਣੀਆਂ ਤੋਂ ਕਲਾਤਮਿਤ ਦ੍ਰਿਸ਼ਟੀ ਤੋਂ ਕਿਸੇ ਪ੍ਰਕਾਰ ਵੀ ਘਟੀਆ ਨਹੀਂ ਲਗਦੀਆਂ। ਇਹੀ ਵਜ੍ਹਾ ਹੈ ਕਿ ਜਦੋਂ ਜਸਵੀਰ ਭੁੱਲਰ ਨੇ ਆਪਣੀ ਪੁਸਤਕ 'ਮੁਹੱਬਤ ਦੇ ਸ਼ਿਲਾਲੇਖ' ਲਈ ਮੇਰੇ ਕੋਲੋਂ ਪ੍ਰੇਮ ਕਹਾਣੀ ਮੰਗੀ, ਮੈਂ 'ਹਵਾ ਵਿੱਚ ਲਟਕਦਾ ਆਦਮੀ' ਪੁਸਤਕ ਵਿੱਚ ਛਪੀ ਕਹਾਣੀ 'ਮੇਰਾ ਉਦਾਸ ਕਮਰਾ' ਉਹਨੂੰ ਭੇਜੀ। ਜਸਵੀਰ ਜੀ ਨੂੰ ਵੀ ਇਹ ਕਹਾਣੀ ਬਹੁਤ ਪਸੰਦ ਆਈ। ਇਹ ਠੀਕ ਹੈ ਕਿ ਕੋਈ ਵੀ ਕਲਾ ਹੋਵੇ, ਸਹਿਜ ਨਾਲ ਉਸ ਵਿੱਚ ਨਿਖ਼ਾਰ ਆਉਂਦਾ ਹੈ। ਪਰ ਹਰ ਕਹਾਣੀ ਆਪਣੀ ਆਪਣੀ ਥਾਂ ਮਹੱਤਵਪੂਰਨ ਹੁੰਦੀ ਹੈ। ਲੇਖਕ ਹਰ ਨਵੀਂ ਕਹਾਣੀ ਵਿੱਚ ਨਵੀਂ ਤੇ ਪਹਿਲੀ ਨਾਲੋਂ ਅਲੱਗ ਗੱਲ ਕਰਦਾ ਹੈ। ਲੇਖਕ ਆਪਣੀ ਰਚਨਾ ਵਿੱਚ ਜ਼ਿੰਦਗੀ ਦੇ ਵਿਵਿਧ ਰੰਗਾ ਨੂੰ ਫੜਦਾ ਹੈ। ਇਕੋ ਤਰ੍ਹਾਂ ਦੀਆਂ ਕਹਾਣੀਆਂ ਲਿਖਣ ਵਾਲਾ ਤਾਂ ਕੋਈ

ਵਿਰਲਾ, ਪ੍ਰੀਤਮ ਬਰਾੜ ਲੰਡੇ ਜਿਹਾ ਕਥਾਕਾਰ ਹੀ ਹੋ ਸਕਦਾ ਹੈ। ਹਰ ਕੋਈ ਨਹੀਂ। ਫੇਰ ਵੀ ਕਲਾਤਮਕ ਦ੍ਰਿਸ਼ਟੀ ਤੋਂ ਭਾਵੇਂ ਨਾਂ ਹੋਵੇ ਪਰ ਮੇਰੀ ਪਸੰਦ ਵਜੋਂ 'ਘਰਾਂ ਨੂੰ ਪਰਤਣ ਦਾ ਸਮਾਂ' ਮੈਨੂੰ ਚੰਗੀ ਲਗਦੀ ਹੈ। ਸ਼ਾਇਦ ਇਸ ਕਹਾਣੀ ਨਾਲ ਮੈਂ ਭਾਵਨਾਤਮਕ ਤੌਰ 'ਤੇ ਜੁੜਿਆ ਹੋਇਆ ਹਾਂ।

ਮੈਂ ਇੰਜ ਕਦੇ ਨਹੀਂ ਸੋਚਿਆ। ਇੱਕ ਹੀ ਕਹਾਣੀ ਵਾਰ ਵਾਰ ਨਹੀਂ ਲਿਖੀ ਜਾ ਸਕਦੀ ਤੇ ਨਾ ਹੀ ਪਹਿਲੀ ਲਿਖੀ ਕਹਾਣੀ ਬਿਹਤਰ ਬਣਾਈ ਜਾ ਸਕਦੀ ਹੈ। ਬਲਕਿ ਇਸ ਤੱਥ ਦੀ ਪੁਸਟੀ ਲਈ ਬਹੁਤ ਸਾਰੀਆ ਮਿਸ਼ਾਲਾਂ ਦਿੱਤੀਆ ਜਾ ਸਕਦੀਆਂ ਹਨ ਕਿ ਬਹੁਤ ਸਾਰੇ ਵੱਡੇ ਵੱਡੇ ਲੇਖਕਾਂ ਦੀਆਂ ਪਹਿਲੀਆਂ ਰਚਨਾਵਾਂ ਵਧੇਰੇ ਮੁੱਲਵਾਨ ਹਨ ਤੇ ਇਹਨਾਂ ਹੀ ਰਚਨਾਵਾਂ ਕਰਕੇ ਲੇਖਕ ਚਰਚਿਤ ਤੇ ਸਥਾਪਿਤ ਹੋਏ। ਬਾਅਦ ਵਿੱਚ ਉਹ ਉਸ ਤੋਂ ਵੱਧ ਤਾਕਤਵਾਰ ਰਚਨਾ ਨਹੀਂ ਕਰ ਸਕੇ।

ਕੋਈ ਵੀ ਲੇਖਕ ਜਦੋਂ ਤੱਕ ਵਿਕਾਸ ਕਰਦਾ ਹੈ, ਲਿਖੇ ਤੋਂ ਸੰਤੁਸਟ ਨਹੀਂ ਹੋ ਸਕਦਾ। ਫੇਰ ਵੀ ਨਵਾਂ ਨਾਵਲ 'ਅਲਵਿਦਾ ਅਮੀਰਪੁਰ' ਲਿਖ ਕੇ ਮੈਨੂੰ ਬਹੁਤ ਸੰਤੋਖ ਹੋਇਆ ਹੈ। ਸਭ ਤੋਂ ਪਹਿਲਾਂ ਮੈਂ ਕਵਿਤਾ ਲਿਖਣੀ ਸ਼ੁਰੂ ਕੀਤੀ ਸੀ। ਹੁਣ ਵੀ ਕਦੀ ਕਦਾਈਂ ਕਵਿਤਾ ਲਿਖ ਲੈਂਦਾ ਹਾਂ। ਫੇਰ ਮੈਂ ਕਹਾਣੀਆਂ ਲਿਖਣ ਲੱਗ ਪਿਆ। ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕੋਈ 35-40 ਕਹਾਣੀਆਂ ਹੀ ਲਿਖੀਆ ਹਨ। ਮੈਂ ਕੁਝ ਨਾਵਲ-ਨਾਵਲਿਟ ਵੀ ਲਿਖੇ ਹਨ। ਮੈਂ ਭਾਵੇਂ ਬਹੁਤਾ ਲਿਖਣ ਵਾਲੇ ਲੇਖਕਾਂ ਵਿੱਚ ਸਾਮਲ ਨਹੀਂ, ਪਰ ਮੈਂ ਕਈ ਵਾਰ ਕਾਫੀ ਲਿਖਿਆ ਹੈ। ਕਹਾਣੀਆਂ , ਲੇਖ, ਨਾਵਲ ਆਦਿ। ਪੁਸਤਕ 'ਕਲਮ ਦੇ ਨਕਸ਼' ਦਾ ਖਰੜਾ ਤਿਆਰ ਕਰ ਰਿਹਾ ਹਾਂ। ਬਾਕੀ ਜੋ ਕੁਝ ਲਿਖਿਆ ਸੀ ਛਪ ਚੁੱਕਾ ਹੈ। ਸ਼ਾਇਦ ਹੀ ਪੰਜਾਬੀ ਤੇ ਹਿੰਦੀ ਦਾ ਕੋਈ ਉੱਚ ਪੱਧਰ ਦਾ ਪਰਚਾ ਹੋਵੇਗਾ ਜਿਸ ਵਿੱਚ ਮੈਂ ਨਹੀਂ ਛਪਿਆ। ਮੇਰੇ ਨਾਵਲ ਵੀ ਹਿੰਦੀ ਤੇ ਪੰਜਾਬੀ ਦੋਹਾਂ ਜ਼ੁਬਾਨਾ ਦੇ ਸਾਹਿਤਕ ਪਰਚਿਆਂ ਵਿੱਚ ਛਪੇ ਹਨ। ਸਭ ਤੋਂ ਪਹਿਲਾਂ 'ਪ੍ਰੀਤੋ' ਤੇ 'ਰੇਗਿਸਤਾਨ ਦਾ ਸਫ਼ਰ' ਪ੍ਰਸਿੱਧ ਹਿੰਦੀ ਸਾਹਿਤਕ ਪਰਚੇ 'ਕਲਪਨਾ' ਜੋ ਬੰਦ ਹੋ ਗਿਆ ਵਿੱਚ ਛਪਿਆ। ਫੇਰ ਇਹੀ ਨਾਵਲ ਹਿੰਦੀ ਦੇ 'ਜਨਸੱਤਾ' ਵਿੱਚ ਲੜੀਵਾਰ ਛਪਿਆ। 'ਆਪਣੀ ਮਿੱਟੀ ਦੀ ਸਾਜ਼ਿਸ ' ਪੂਰਾ ਨਾਵਲ 'ਅਕਸ' ਵਿੱਚ ਛਪਿਆ। 'ਬੱਤਖ ਦੇ ਖੰਭਾ ਜਿਹੇ ਸਫੈਦ ਦਿਨ' ਮਾਸਿਕ 'ਨੀਲਮਣੀ ' ਵਿਚ ਛਪਿਆ। ਲੱਗਭਗ ਸਾਰੀਆਂ ਕਹਾਣੀਆਂ ਹਿੰਦੀ ਵਿੱਚ ਵੀ ਛਪੀਆਂ। ਏਨੇ ਵਿਸਤਾਰ ਨਾਲ ਦੱਸਣ ਦਾ ਕਾਰਨ ਇਹ ਹੈ ਕਿ ਸ਼ੁਰੂ ਵਿੱਚ ਲੇਖਕ ਅੰਦਰ ਛਪਣ ਦੀ ਜੋ ਇੱਛਾ ਹੁੰਦੀ ਹੈ ਕਿ ਉਹ ਵੱਧ ਤੋਂ ਵੱਧ ਪਾਠਕਾਂ ਤੱਕ ਪੁੱਜੇ , ਉਹ ਮੇਰੀ ਇੱਛਾ ਪੂਰੀ ਹੋ ਚੁੱਕੀ ਹੈ। ਸ਼ਾਇਦ ਮੈਂ ਉੱਚ ਪਾਏ ਦੀ ਸਾਹਿਤਕ ਸਿਰਜਣਾ ਤਾਂ ਨਹੀਂ ਕਰ ਸਕਿਆ ਪਰ ਪੰਜਾਬੀ ਦੇ ਪਾਠਕਾਂ ਵਾਂਗ ਹੀ ਹਿੰਦੀ ਦੇ ਲੇਖਕਾਂ-ਪਾਠਕਾਂ ਵੱਲੋਂ ਮੈਨੂੰ ਬਹੁਤ ਹੁੰਗਾਰਾ ਮਿਲਿਆ। ਮੈਂ ਐਵੇਂ ਲਿਖੀ ਜਾਣ ਵਿੱਚ ਵਿਸ਼ਵਾਸ਼ ਨਹੀਂ ਕਰਦਾ। ਮੈਂ ਚਾਹੁੰਦਾ ਹਾਂ ਕਿ ਲੇਖਕ ਦੀ ਹਰ ਨਵੀਂ ਰਚਨਾ ਪਹਿਲੀ ਨਾਲੋਂ ਅੱਗੇ ਹੋਵੇ। ਚਾਹੁੰਦਾ ਹਾਂ ਬਹੁਤ ਲਿਖਣ ਦੀ ਬਜਾਏ ਕੁਝ ਚੰਗਾ ਲਿਖਾਂ। ਪਰ ਚੰਗਾ ਲਿਖਿਆ ਹੀ ਕਿੱਥੇ ਜਾਂਦਾ ਹੈ! ਸਾਇਦ ਕੋਈ ਚੰਗੀ ਕਹਾਣੀ ਜਾਂ ਨਾਵਲ ਲਿਖਣ ਦੀ ਦਸਰਤ ਏਦਾਂ ਹੀ ਦਿਲ ਵਿੱਚ ਲੈ ਕੇ ਚਲੇ ਜਾਈਏ। ਜਾਂ ਕੀ ਪਤਾ, ਸ਼ਾਇਦ ਕੋਈ ਵਧੀਆ ਰਚਨਾ ਲਿਖੀ ਹੀ ਜਾਵੇ। ਬੱਸ ਇਸ 'ਸ਼ਾਇਦ' ਦੇ ਸਹਾਰੇ ਹੀ ਗੁਜਰ ਰਹੀ ਹੈ ਜ਼ਿੰਦਗੀ !

ਮੈਂ ਸਵੇਰੇ ਸਵੇਰੇ ਲਿਖਦਾ ਹਾਂ। ਮੈਨੂੰ ਚਾਹ ਤੇ ਅਨਲਜੀਨ ਗੋਲੀ ਦੀ ਜਰੂਰਤ ਪੈਂਦੀ ਹੈ, ਫਿਰ ਥਕਾਵਟ ਨਹੀਂ ਹੁੰਦੀ। ਮੈਂ ਦੋ ਤਿੰਨ ਬੈਠਕਾਂ ਵਿੱਚ ਕਹਾਣੀ ਲਿਖ ਲੈਂਦਾ ਹਾਂ। ਤੇ ਉਸੇ ਵੇਲੇ ਹੀ ਹਿੰਦੀ ਵਿੱਚ ਅਨੁਵਾਦ ਕਰ ਦਿੰਦਾ ਹਾਂ।

ਅੱਜ ਜੋ ਕਹਾਣੀਆਂ ਲਿਖੀਆਂ ਜਾ ਰਹੀਆਂ ਹਨ ਜੇ ਇੰਨਾ ਦੇ ਪਰਿਪੇਖ ਵਿੱਚ ਪੁਰਾਣੀ ਕਹਾਣੀ ਨੂੰ ਵਿਚਾਰੀਏ ਤਾਂ ਪੰਜਾਬੀ ਦੀਆਂ ਕਈ ਕਹਾਣੀਆਂ ਜੋ ਕਿ ਮਹੱਤਵਪੂਰਨ ਹਨ ਜਿਵੇਂ 'ਕੁਲਫ਼ੀ', 'ਪੇਮੀ ਦੇ ਨਿਆਣੇ' , 'ਸਾਂਝੀ ਕੰਧ' ਆਦਿ ਬੜੀਆਂ ਸਧਾਰਨ ਜਾਪਦੀਆਂ ਹਨ। ਉਪਰੋਕਤ



ਕਹਾਣੀਆਂ ਦੇ ਨਾਮਵਾਰ ਲੇਖਕਾਂ ਦੇ ਨਾਂ ਕੱਟ ਕੇ ਜੇ ਇਹਨਾਂ ਕਹਾਣੀਆਂ ਨੂੰ ਕਿਸੇ ਚੰਗੇ ਸਾਹਿਤਕ ਪਰਚੇ ਨੂੰ ਭੇਜ ਦਿੱਤਾ ਜਾਵੇ ਤਾਂ ਇਹ ਹੈਰਾਨੀ ਦੀ ਗੱਲ ਨਹੀਂ ਕਿ ਇਹ 'ਧੰਨਵਾਦ-ਸਾਹਿਤ' ਵਾਪਸ ਆ ਜਾਣ! ਇਕਹਿਰੀ ਤੰਦ ਸੀਮਿਤ ਚੌਖਟਾ, ਸਮੱਸਿਆਵਾਂ ਦਾ ਸਰਲੀਕਰਮ ਆਦਿ ਇੰਨਾਂ ਕਹਾਣੀਆਂ ਦੇ ਮੁੱਖ ਲੱਛਣ ਹਨ। ਪਰ ਹਾਂ ਇਸ ਪੀੜ੍ਹੀ ਦਾ ਇੱਕੋ ਇੱਕ ਲੇਖਕ ਕੁਲਵੰਤ ਸਿੰਘ ਵਿਰਕ ਸਾਡੇ ਉਪਰੋਕਤ ਤਰਕ ਦਾ ਅਪਵਾਦ ਹੈ। ਵਿਰਕ ਦੀਆਂ ਕਹਾਣੀਆਂ ਵਿੱਚ ਜੀਵਨ ਦਾ ਡੂੰਘਾ ਅਨੁਭਵ ਹੈ, ਇਹਨਾਂ ਵਿੱਚ ਸੂਖ਼ਮ ਅਹਿਸਾਸ, ਮਨੁੱਖੀ ਮਨ ਅੰਦਰ ਡੂੰਘਾ ਉੱਤਰ ਜਾਣ ਵਾਲੀ ਤੀਖਣ ਦ੍ਰਿਸ਼ਟੀ, ਸਥਿਤੀਆਂ ਅਤੇ ਘਟਨਾਵਾਂ ਦੀ ਸਹਿਜ ਅਭੀਵਿਆਕਤੀ ਉਸਦੀ ਵਿਲੱਖਣ ਸ਼ਖ਼ਸੀਅਤ ਦਾ ਪ੍ਰਮਾਣ ਹਨ। ਪਰ ਮੇਰਾ ਇਹ ਭਾਵ ਕਦਾਚਿਤ ਨਹੀਂ ਕਿ ਉਪਰੋਕਤ ਲੇਖਕਾਂ ਦੀ ਦੇਣ ਕੋਈ ਘੱਟ ਹੈ। ਇਹ ਸਾਰੇ ਪੰਜਾਬੀ ਕਹਾਣੀ ਦੇ ਵਿਕਾਸ ਦੀ ਇਕ ਮਹੱਤਵਪੂਰਨ ਕੜੀ ਹਨ। ਅੱਜ ਦੀ ਕਹਾਣੀ ਵਿੱਚ ਸਧਾਰਨ ਮਨੁੱਖ ਦਾ ਪ੍ਰਵੇਸ਼ ਹੁੰਦਾ ਹੈ। ਜਿਸਨੂੰ ਅਸੀਂ 'ਆਮ ਆਦਮੀ' ਕਹਿੰਦੇ ਹਾਂ। ਅਧੁਨਿਕ ਪੰਜਾਬੀ ਕਹਾਣੀ ਆਮ ਮਨੁੱਖ ਦੀ ਸੰਵੇਦਨਾ ਉਸਦੀ ਤੜਪ ਤੇ ਪੀੜਾ ਦੀ ਦਾਸਤਾਨ ਯਥਾਰਤਕ ਪੱਧਰ ਉੱਤੇ ਬਿਆਨ ਕਰਦੀ ਹੈ। ਅੱਜ ਦੀ ਕਹਾਣੀ ਪਰਤ ਦਰ ਪਰਤ ਮਨੁੱਖ ਦੇ ਅੰਦਰਲੀ ਦੁਨੀਆਂ ਵਿੱਚ ਉੱਤਰਦੀ ਹੈ ਕਿਉਂਕਿ ਮਨੁੱਖ ਬਾਹਰੋਂ ਕੁਝ ਹੋਰ ਅਤੇ ਅੰਦਰੋਂ ਕੁਝ ਹੋਰ ਹੈ। ਗੰਢੇ ਦੀਆਂ ਛਿਲਕਾਂ ਵਾਂਗ ਉਸਦੀਆਂ ਕਈ ਪਰਤਾਂ ਹਨ। ਅੱਜ ਕਹਾਣੀ ਵਿੱਚ ਮਨੁੱਖ ਦੇ ਕਿੰਨੇ ਹੀ ਰੂਪ ਪਾਠਕਾਂ ਨੂੰ ਦ੍ਰਿਸ਼ਟੀ ਗੋਚਰ ਹੁੰਦੇ ਹਨ।

ਸਾਡੀ ਪਹਿਲੀ ਪੀੜ੍ਹੀ ਦੇ ਬਹੁਤੇ ਕਥਾਕਾਰ ਕਹਾਣੀ ਦਾ ਸੰਕਲਪ ਸਮਾਜਿਕ ਪਰਿਵਰਤਨ ਦਸਦੇ ਸਨ। ਇਸ ਕਾਰਨ ਕਹਾਣੀਆਂ ਦੇ ਚੌਖਟੇ ਪੂਰਵ-ਨਿਯੋਜਤ ਸਨ। ਪਰ ਨਵੀਂ ਕਹਾਣੀ ਉੱਤੇ ਇਹ ਗੱਲ ਨਹੀਂ ਢੁਕਦੀ। ਅੱਜ ਲੇਖਕ ਕਲਮ ਨਾਲ ਸਮਾਜ ਨੂੰ ਬਦਲਣ ਦੀ ਭਰਾਂਤੀ ਤੋਂ ਮੁਕਤ ਹੈ। ਸਾਹਿਤ ਤਾਂ ਮਨੁੱਖ ਦੇ ਦੁੱਖ ਸੁੱਖ ਨੂੰ ਸੰਵੇਦਨਾਤਮਕ ਪੱਧਰ ਉੱਤੇ ਚਿਤਰਤ ਕਰਦਾ ਹੈ। ਉਸਦਾ ਰੋਲ ਮਨੁੱਖ ਨੂੰ ਵਧੇਰੇ ਸੰਵੇਦਨਸ਼ੀਲ ਬਣਾਉਣਾ ਹੈ। ਉਹ ਇਸ ਭਰਮ ਤੋਂ ਮੁਕਤ ਹੈ ਕਿ ਲੇਖਕ ਇਕੱਲਾ ਇਸ ਸਮਾਜ ਨੂੰ ਬਦਲ ਦੇਵੇਗਾ। ਉਹ ਤਾਂ ਸਮਾਜ ਦੀਆਂ ਉਨ੍ਹਾਂ ਉਸਾਰੂ ਸ਼ਕਤੀਆਂ ਦੀ ਸਹਾਇਤਾ ਕਰਦਾ ਹੈ ਜਿਹੜੀਆਂ ਸਮਾਜ ਨੂੰ ਖ਼ੂਬਸੂਰਤ ਬਣਾਉਣ ਲਈ ਯਤਨਸ਼ੀਲ ਹਨ ਤੇ ਸਾਹਿਤ ਦਾ ਇਹ ਰੋਲ ਵੀ ਕੋਈ ਘੱਟ ਮਹੱਤਵਪੂਰਨ ਨਹੀਂ। ਇਹੋ ਸੰਕਲਪ ਨਵੀਂ ਕਹਾਣੀ ਉੱਤੇ ਵੀ ਢੁੱਕਦਾ ਹੈ। ਨਵੀਂ ਕਹਾਣੀ 'ਕੁਲਫ਼ੀ' ਵਾਂਗ ਪਾਠਕਾਂ ਨੂੰ ਕੋਈ ਦਿਸ਼ਾ ਨਿਰਦੇਸ਼ ਨਹੀਂ ਦਿੰਦੀ।

ਬਹੁਤ ਸਾਰੇ ਕਹਾਣੀਕਾਰ ਸਫ਼ਲ ਨਾਵਲਕਾਰ ਵੀ ਬਣੇ ਹਨ। ਜਿਹੜੇ ਲੇਖਕ ਮੂਲ ਰੂਪ ਵਿੱਚ ਕਹਾਣੀਕਾਰ ਹੁੰਦੇ ਹਨ ਪਰ ਅਚਾਨਕ ਨਾਵਲ ਰਚਨਾ ਵੱਲ ਰੁਚਿਤ ਹੋ ਜਾਂਦੇ ਹਨ, ਉਨ੍ਹਾਂ ਸਬੰਧੀ ਤੁਹਾਡੀ ਗੱਲ ਇੱਕ ਸੀਮਾ ਤੱਕ ਠੀਕ ਜਾਪਦੀ ਹੈ ਚੰਗੀ ਕਹਾਣੀ ਲਿਖਣ ਲਈ ਵੀ ਕਥਾ-ਜੁਗਤ, ਸ਼ਿਲਪ ਤੇ ਪ੍ਰਮਾਣਿਕ ਅਨੁਭਵ ਦੀ ਲੋੜ ਹੁੰਦੀ ਹੈ। ਪਰ ਨਾਵਲ ਰਚਣ ਲਈ ਜੀਵਨ ਦਾ ਵਿਸ਼ਾਲ ਅਨੁਭਵ, ਤੀਖਣ ਦ੍ਰਿਸ਼ਟੀ, ਗਹਿਨ ਅਨੁਭੂਤੀ ਵੱਖ ਵੱਖ ਸਥਿਤੀਆਂ ਤੇ ਘਟਨਾਵਾਂ ਦੀ ਚੌਣ-ਜੁਗਤ ਕਥਾ ਵਿਧੀ ਆਦਿ ਵਿੱਚ ਪਰਿਪੱਕ ਹੋਣਾ ਜਰੂਰੀ ਹੈ। ਕਹਾਣੀ ਇੱਕ ਅਜਿਹਾ ਪੋਰਟਰੇਟ ਹੈ ਜਿਸ ਵਿੱਚ ਜ਼ਿੰਦਗੀ ਦੇ ਇੱਕ ਦੋ ਪ੍ਰਮੁੱਖ ਰੰਗਾਂ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ ਪਰ ਨਾਵਲ ਵਿੱਚ ਵਿਵਿਧ ਰੰਗਾਂ ਨਾਲ ਇੱਕ ਵਿਸ਼ਾਲ ਦ੍ਰਿਸ਼ ਨੂੰ ਸਾਕਾਰ ਕੀਤਾ ਜਾਂਦਾ ਹੈ। ਜਿਹੜੇ ਕਹਾਣੀਕਾਰ ਪ੍ਰੋਢ ਹੋ ਕੇ ਬਹੁਤ ਸਾਰੀਆਂ ਕਹਾਣੀਆਂ ਲਿਖਣ ਪਿੱਛੋਂ ਨਾਵਲ ਵੱਲ ਰੁਚਿਤ ਹੁੰਦੇ ਹਨ, ਉਹ ਵਧੇਰੇ ਸਫਲ ਰਹਿੰਦੇ ਹਨ। ਪਰ ਅਜਿਹੇ ਲੇਖਕ ਵੀ ਹਨ ਜਿੰਨ੍ਹਾਂ ਨੇ ਪਹਿਲਾਂ ਕਹਾਣੀ ਲਿਖੀ ਹੀ ਨਹੀਂ ਤੇ ਆਪਣੀ ਸਾਹਿਤਕ ਯਾਤਰਾਂ ਦਾ ਅਰੰਭ ਹੀ ਨਾਵਲ ਨਾਲ ਕੀਤਾ ਤੇ ਸਫਲ ਵੀ ਹੋਏ। ਮੈਂ ਕਈ ਨਾਵਲਿਟ ਲਿਖੇ ਹਨ। ਜਿਨਾਂ ਨੂੰ ਲੰਮੀਆਂ ਕਹਾਣੀਆਂ ਵੀ ਕਿਹਾ ਜਾ ਸਕਦਾ ਹੈ ਪਰ ਪਿੱਛੇ ਜਿਹੇ

ਮੈਂ ਇੱਕ ਪੂਰਾ ਨਾਵਲ ਵੀ ਲਿਖਿਆ ਹੈ।

ਸਾਹਿਤਕ ਪਰਚੇ ਹਮੇਸ਼ਾਂ ਸੰਕਟਗ੍ਰਸਤ ਰਹਿੰਦੇ ਹਨ। ਵੱਡੇ ਅਦਾਰਿਆਂ ਦੇ 'ਸਾਰਿਕਾ', 'ਕਲਪਨਾ' ਹਿੰਦੀ ਦੇ ਪਰਚੇ ਬੰਦ ਹੋ ਗਏ। 'ਦ੍ਰਿਸ਼ਟੀ' ਜੋ ਪਾਠਕਾਂ ਤੇ ਛਾਪ ਛੱਡ ਗਿਆ ਸੀ ਬੰਦ ਹੋ ਗਿਆ। 'ਲੋਅ' ਬੰਦ ਹੋ ਗਿਆ। ਇਹ ਲੇਖਕਾਂ ਦਾ ਸਿਰੜ ਕਿਹਾ ਜਾ ਸਕਦਾ ਹੈ ਕਿ ਉਹ ਪਰਚਿਆਂ ਨੂੰ ਚਲਾਉਂਦੇ ਰਹਿੰਦੇ ਹਨ। ਲੇਖਕ ਚੰਗੇ ਪਰਚਿਆਂ ਦੀ ਉਡੀਕ ਕਰਦੇ ਹਨ। ਹੁਣ ਦੇ ਪਰਚਿਆਂ ਵਿੱਚ ਜਿਵੇਂ 'ਲੀਕਰ' ਹੈ, ਮੇਰਾ ਖਿਆਲ ਹੈ ਕਿ ਹਰ ਪਾਠਕ, ਲੇਖਕ ਇਸਨੂੰ ਪੜ੍ਹਨਾ ਪਸੰਦ ਕਰਦਾ ਹੈ। ਇਸੇ ਤਰ੍ਹਾਂ 'ਸਿਰਜਣਾ' ਹੈ । ਉਸ ਨੂੰ ਰੁਚੀ ਵਾਲੇ ਪ੍ਰਤਿਭਾ ਵਾਲੇ ਸਿਆਣੇ ਪਾਠਕ ਪੜ੍ਹਦੇ ਹਨ। ਬਾਕੀ 'ਅਕਸ' ਜੋ ਪਹਿਲਾ ਸਾਹਿਤਕ ਪਰਚਾ ਸੀ ਨੂੰ ਆਰਥਿਕ ਕਾਰਨਾ ਕਰਕੇ ਥੋੜਾ ਜਿਹਾ ਧਾਰਮਿਕ , ਫਿਲਮੀ ਰੰਗ ਲਿਆਉਣਾ ਪਿਆ। 'ਮਹਿਰਮ' ਵੀ ਸੰਘਰਸ ਕਰ ਰਿਹਾ ਹੈ, ਭਾਵੇਂ ਉਸਦਾ ਮਿਆਰ ਬਹੁਤਾ ਉਚਾ ਨਹੀਂ ਉਠ ਸਕਿਆ। ਸ਼ਬਦ, ਸੰਖ ਤੇ ਕਲਾ ਸਿਰਜਕ ਹੋਰ ਨਵੇਂ ਪਰਚੇ ਆਏ ਹਨ। 'ਸੁਰ ਸਾਂਝ ਤੋਂ ਵੀ ਉਮੀਦਾਂ ਹਨ। ਚੰਗੇ ਪਰਚਿਆਂ ਨੂੰ ਸਿਰਫ ਆਰਥਿਕਤਾ ਦਾ ਹੀ ਨਹੀਂ ਸਾਹਮਣਾ ਕਰਨਾ ਪੈਦਾ ਬਲਕਿ ਉਨ੍ਹਾਂ ਨੂੰ ਚੰਗੇ ਪੱਧਰ ਦੀਆਂ ਰਚਨਾਵਾਂ ਇਕੱਤਰ ਕਰਨ ਵਿੱਚ ਵੀ ਮੁਸ਼ਕਲਾ ਆਉਂਦੀਆਂ ਹਨ। ਚੰਗਾ ਪਰਚਾ, ਇਹ ਤਾਂ ਠੀਕ ਹੈ ਕਿ ਰਚਨਾ ਨੂੰ ਆਪਣੇ ਵੱਲ ਖਿੱਚਦਾ ਹੈ। 'ਆਰਸੀ' ਤੇ 'ਨਾਗਮਣੀ' ਦੋ ਅਜਿਹੇ ਪਰਚੇ ਸਨ ਜਿਨ੍ਹਾਂ ਵਿੱਚ ਕੁਝ ਕੁ ਲੇਖਕ ਵਾਰ ਵਾਰ ਛਪਣ ਕਾਰਨ ਉਹ ਇੱਕ ਟਾਈਪ ਜਿਹੇ ਪਰਚੇ ਬਣ ਗਏ। ਹੁਣ ਤਾਂ ਦੋਵੇਂ ਬੰਦ ਹੋ ਗਏ ਹਨ। ਇਸ ਦ੍ਰਿਸ਼ਟੀ ਤੋਂ ਅਸੀਂ 'ਲਕੀਰ', 'ਸਿਰਜਣਾ' ਨੂੰ ਖੁੱਲ੍ਹੇ ਮੰਚ ਵਾਲੇ ਪਰਚੇ ਕਹਿ ਸਕਦੇ ਹਾਂ। ਹੋਰ ਵਿਸ਼ੇਸ਼ਤਾ ਇਹ ਹੈ ਕਿ ਸਾਹਿਤਕ ਮੁੱਦਿਆ ਉੱਤੇ ਇਨ੍ਹਾਂ ਵਿੱਚ ਸੰਵਾਦ ਹੁੰਦਾ ਹੈ।

ਜਦੋਂ ਮੈਂ ਮਹਿਰਮ ਵਿਚ 'ਕਲਮ ਦੇ ਨਕਸ਼' ਕਾਲਮ ਸ਼ੁਰੂ ਕੀਤਾ ਬਹੁਤ ਸਾਰੇ ਲੇਖਕ ਇਸ ਪਰਚੇ ਦੇ ਨਾਂ ਤੋਂ ਵੀ ਜਾਣੂ ਨਹੀਂ ਸਨ। ਪ੍ਰੇਮ ਪ੍ਰਕਾਸ਼ ਨੇ ਕਿਹਾ ਕਿ ਉਹ ਇਸ ਪਰਚੇ ਨੂੰ ਨਹੀਂ ਸਨ ਜਾਣਦਾ। ਪਰ ਜਲਦੀ ਹੀ 'ਮਹਿਰਮ' ਨੂੰ ਸਾਹਿਤਕ ਹਲਕਿਆਂ ਵਿੱਚ ਜਾਣਿਆ ਜਾਣ ਲੱਗਾ। ਬਹੁਤ ਸਾਰੇ ਲੇਖਕਾਂ ਨੇ ਇੱਛਾ ਜ਼ਾਹਿਰ ਕੀਤੀ ਕਿ ਮੈਂ ਉਨ੍ਹਾਂ ਦੀ ਕਹਾਣੀ ਬਾਰੇ ਵੀ ਲਿਖਾਂ । ਪਰਚੇ ਦੇ ਮੁੱਖ ਸੰਪਾਦਕ ਇਸ ਕਾਲਮ ਨੂੰ ਸੁੰਦਰ ਢੰਗ ਨਾਲ ਛਾਪਦੇ ਸਨ। ਇਸ ਵਿੱਚ ਛਪੀਆਂ ਕਹਾਣੀਆਂ ਦੀ ਆਲੋਚਨਾ ਸੰਬੰਧੀ ਮਤਭੇਦ ਵੀ ਹੋ ਸਕਦੇ ਹਨ। ਪਰ ਇਸਨੂੰ ਪਸੰਦ ਬਹੁਤ ਕੀਤਾ ਗਿਆ। ਸ਼ਾਇਦ ਇਸ ਦੀ ਵਜ੍ਹਾ ਇਹ ਸੀ ਕਿ ਮੇਰੀ ਆਲੋਚਨਾ ਅਕਾਦਮਿਕ ਤੇ ਭਾਰੇ ਸ਼ਬਦਾਂ ਵਾਲੀ ਆਲੋਚਨਾ ਤੋਂ ਭਿੰਨ ਸੀ। ਮੇਰਾ ਵਿਸ਼ਵਾਸ਼ ਹੈ, ਅਕਾਦਮਿਕ ਆਲੋਚਨਾ ਦੀ ਨਿਸਬਤ ਸਿਰਜਾਣਤਮਿਕ ਆਲੋਚਨਾ ਰਚਨਾਵਾਂ ਦੇ ਮੁਲਾਂਕਣ ਕਰਨ ਲਈ ਵਧੀਕ ਪ੍ਰਭਾਵਸਾਲੀ ਹੈ, ਤੇ ਇਹੀ ਆਲੋਚਨਾ ਕਾਫੀ ਹੱਦ ਤੱਕ ਰਚਨਾ ਨਾਲ ਇਨਸਾਫ ਕਰ ਸਕਦੀ ਹੈ ਪਰ ਜੇ ਆਲੋਚਕ ਇਮਾਨਦਾਰ ਹੋਵੇ। ਪਰ ਇਸ ਕਾਲਮ ਦਾ ਨੁਕਸਾਨ ਸ਼ਾਇਦ ਮੈਨੂੰ ਇਹ ਹੋਇਆ ਕਿ ਕੁਝ ਮਿੱਤਰ ਨਰਾਜ਼ ਹੋ ਗਏ। ਮਹਿਰਮ ਵਾਲੇ ਕਾਲਮ ਨੂੰ ਮੈਂ ਇੱਕ ਸਾਲ ਤੱਕ ਚਲਾਇਆ। ਮੈਂ ਘੌਲੀ ਤੇ ਸੁਸਤ ਬੰਦਾ ਹਾਂ। ਮੈਂ ਹਰ ਕਹਾਣੀ ਸੰਬੰਧੀ ਲਿਖਣ ਵੇਲੇ ਕਾਫੀ ਮਿਹਨਤ ਕਰਦਾ ਸਾਂ। ਇਹ ਤਾਂ ਸਭ ਕਹਿੰਦੇ ਸਨ ਕਿ ਕਾਲਮ ਚੰਗਾ ਹੈ ਜਾਰੀ ਰਹਿਣਾ ਚਾਹੀਦਾ ਹੈ ਪਰ ਲੇਖਕਾਂ ਆਲੋਚਕਾਂ ਨੇ ਇਸ ਬਹਿਸ ਵਿੱਚ ਨਾ ਮਾਤਰ ਹੀ ਹਿੱਸਾ ਲਿਆ। ਕੇਵਲ ਪੰਜ ਚਾਰ ਲੇਖਕਾਂ ਨੇ ਹੀ ਇਸ ਬਾਰੇ ਮਹਿਰਮ ਨੂੰ ਲਿਖਿਆ ਫੇਰ ਮੈਂ ਇਹ ਕਾਲਮ ਬੰਦ ਕਰ ਦਿੱਤਾ। ਮੁੱਖ ਸੰਪਾਦਕ ਨੇ ਬੜਾ ਜ਼ੋਰ ਦਿੱਤਾ ਕਿ ਮੈਂ ਕਾਲਮ ਜਾਰੀ ਰੱਖਾਂ, ਪਰ ਮੈਂ ਅਜਿਹਾ ਨਾ ਕਰ ਸਕਿਆ।

ਸਾਡੇ ਕੋਲ ਸ਼ਹਿਰੀ ਜੀਵਨ ਨੂੰ ਚਿਤਰਨ ਵਾਲੇ ਕਹਾਣੀਕਾਰ ਵੀ ਹਨ ਅਤੇ ਪੇਂਡੂ ਜੀਵਨ ਦੇ ਚਿਤੇਰੇ ਵੀ। ਮਾਨਵ ਜੀਵਨ ਦੀਆਂ ਵਿਸੰਗਤੀਆਂ , ਵਿਆਕਤੀਤਵ ਦਾ ਵਿਖਰਾਓ, ਮਾਨਸਿਕ



ਕਲੇਸ਼ ਇਹ ਸਭ ਪੇਂਡੂ ਪਾਤਰਾਂ ਰਾਹੀਂ ਵੀ ਚਿੱਤਰਿਆ ਜਾ ਸਕਦਾ ਹੈ। ਮਹਾਂਨਗਰਾਂ ਸੰਬੰਧੀ ਲਿਖੀਆਂ ਕਹਾਣੀਆਂ ਜਾਂ ਪੇਂਡੂ ਜੀਵਨ ਸੰਬੰਧੀ ਲਿਖੀਆਂ ਕਹਾਣੀਆਂ ਵਿਚਕਾਰ ਅੰਤਰ ਭਾਸ਼ਾਗਤ ਰੂੜੀਆਂ ਤੱਕ ਹੀ ਸੀਮਿਤ ਰਹਿ ਗਿਆ ਹੈ। ਪੇਂਡੂ ਕਹਾਣੀਆਂ ਵਿੱਚ ਆਂਚਲਿਕਤਾ ਦਾ ਰੰਗ ਗੂੜਾ ਹੁੰਦਾ ਹੈ। ਵੈਸੇ ਵੀ ਪੇਂਡੂ ਤੇ ਸ਼ਹਿਰੀ ਜੀਵਨ ਵਿਚਕਾਰ ਟੈਕਨਾਲੋਜੀ ਦੇ ਵਿਕਾਸ ਕਰਨ ਵਿਸ਼ੇਸ਼ ਅੰਤਰ ਨਹੀਂ ਰਹਿ ਗਿਆ। ਪੇਂਡੂ ਕਿਰਦਾਰਾਂ ਵਿੱਚ ਵੀ ਸ਼ਹਿਰੀ ਲੋਕਾਂ ਵਾਲਾ ਮਾਨਸਿਕ ਦਵੰਦ ਤੇ ਜਟਿਲਤਾ ਹੈ। ਇਸ ਵਿੱਚ ਸ਼ੰਦੇਹ ਨਹੀਂ ਕਿ ਪੰਜਾਬੀ ਕਹਾਣੀ ਕਿਸੇ ਵੀ ਭਾਰਤੀ ਭਾਸ਼ਾ ਦੀ ਕਹਾਣੀ ਤੋਂ ਪਿੱਛੇ ਨਹੀਂ। ਪੰਜਾਬੀ ਦੇ ਕਿੰਨੇ ਹੀ ਕਥਾਕਾਰ ਹਿੰਦੀ ਤੇ ਹੋਰ ਦੂਸਰੀਆਂ ਭਾਸ਼ਾਵਾਂ ਵਿੱਚ ਛਪੇ ਤੇ ਇਹਨਾ ਨੇ ਇੰਨਾ ਬੋਲੀਆਂ ਦੇ ਪਾਠਕਾਂ ਨੂੰ ਪ੍ਰਭਾਵਿਤ ਕੀਤਾ। ਅੰਮ੍ਰਿਤਾ ਪ੍ਰੀਤਮ , ਦੁੱਗਲ, ਰਾਮ ਸਰੂਪ ਅਣਖੀ, ਜਸਵੰਤ ਸਿੰਘ ਵਿਰਦੀ, ਦਰਸ਼ਨ ਮਿਤਵਾ ਆਦਿ ਅਜਿਹੇ ਕਹਾਣੀਕਾਰ ਹਨ ਜਿਨ੍ਹਾਂ ਤੋਂ ਹਿੰਦੀ ਦਾ ਵਿਸ਼ਾਲ ਪਾਠਕ ਵਰਗ ਭਲੀਭਾਂਤ ਪਰਿਚਿਤ ਹੈ। ਹੋਰ ਵੀ ਬਹੁਤ ਸਾਰੇ ਕਹਾਣੀਕਾਰ ਹਿੰਦੀ ਵਿੱਚ ਛਪਦੇ ਰਹੇ ਹਨ। ਹਿੰਦੀ ਵਿੱਚ ਜਿਹੜੀਆਂ ਕਹਾਣੀਆਂ ਛਪਦੀਆਂ ਹਨ, ਮੇਰੀਆਂ ਵੀ ਛਪਦੀਆ ਸਨ ਉਨ੍ਹਾਂ ਦੀ ਚਰਚਾ ਵੀ ਹੁੰਦੀ ਹੈ ਪਰ ਉਨ੍ਹਾਂ ਦੀ ਚਰਚਾ ਉਸ ਤਰ੍ਹਾਂ ਨਹੀਂ ਹੁੰਦੀ ਜਿਵੇਂ ਹਿੰਦੀ ਦੇ ਕੁਝ ਇੱਕ ਲੇਖਕਾਂ ਦੀ ਹੁੰਦੀ ਹੈ। ਇਹ ਵੀ ਵੱਡੀ ਪ੍ਰਾਪਤੀ ਹੈ ਕਿ ਸਾਡੇ ਕਹਾਣੀਕਾਰ ਹਿੰਦੀ ਦੇ ਕਹਾਣੀਕਾਰਾਂ ਦੇ ਬਰਾਬਰ ਖੜਨ ਦੇ ਯੋਗ ਹੋ ਗਏ। ਸਾਡੀ ਪਹਿਲੀ ਪੀੜ੍ਹੀ ਦੇ ਕਥਾਕਾਰਾਂ ਵਿੱਚ ਇਹ ਸੰਭਾਵਨਾ ਬਹੁਤ ਘੱਟ ਸੀ, ਸਿਵਾਏ ਕੁਲਵੰਤ ਸਿੰਘ ਵਿਰਕ ਦੇ। ਪਰ ਇਹ ਗੱਲ ਦਿਲਚਸਪ ਹੈ ਕਿ ਜਿਹੜੇ ਲੇਖਕ ਹਿੰਦੀ ਵਿੱਚ ਕਾਫੀ ਸਥਾਨ ਬਣਾ ਚੁੱਕੇ ਹਨ ਉਨ੍ਹਾਂ ਦਾ ਪੰਜਾਬੀ ਵਿੱਚ ਉਸੇ ਤਰ੍ਹਾਂ ਦਾ ਸਥਾਨ ਨਹੀਂ ਬਣਦਾ। ਪੰਜਾਬੀ ਵਿਚ ਜਿਨ੍ਹਾਂ ਦਾ ਆਪਣਾ ਗਰੁੱਪ ਹੈ, ਉਨ੍ਹਾਂ ਕੁਝ ਕੁ ਬੰਦਿਆ ਦੀ ਚਰਚਾ ਹੁੰਦੀ ਹੈ, ਚਾਹੇ ਬਾਕੀ ਹਿੰਦੀ ਵਿੱਚ ਕਿੰਨੇ ਵੀ ਪ੍ਰਤਿਸ਼ਠਾ ਵਾਲੇ ਹੋਣ। ਉਂਜ ਮੈਨੂੰ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਕਿ ਪੰਜਾਬੀ ਕਹਾਣੀ ਦਾ ਭਵਿੱਖ ਬਹੁਮਤ ਤਕੜਾ ਹੈ।

ਨਾਵਲ ਨੂੰ ਛੱਡ ਕੇ ਮੇਰੀਆ ਸਾਰੀਆਂ ਰਚਨਾਵਾਂ ਹਿੰਦੀ ਦੇ ਸਾਹਿਤਕ ਪਰਚਿਆ ਤੇ ਅਖਬਾਰਾਂ ਵਿੱਚ ਛਪਦੀਆਂ ਰਹੀਆਂ ਹਨ। ਹਿੰਦੀ ਦੇ ਲੇਖਕਾਂ ਤੇ ਸੰਪਾਦਕਾਂ ਵੱਲੋਂ ਪੰਜਾਬੀ ਨਾਲੋਂ ਰਚਨਾਵਾਂ ਦੀ ਮੰਗ ਵੀ ਵਧੇਰੇ ਹੁੰਦੀ ਰਹਿੰਦੀ ਹੈ। ਮੈਂ ਮਹਿਸੂਸ ਕਰਦਾ ਹਾਂ, ਸਾਡੇ ਪੰਜਾਬੀ ਦੇ ਪਾਠਕ ਵੀ ਹਿੰਦੀ ਦੇ ਪਾਠਕਾ ਵਾਂਗ ਹੀ ਸੂਝਵਾਨ ਹਨ। ਪਰ ਜਦੋਂ ਰਚਨਾ ਛਪਦੀ ਹੈ ਤਾਂ ਹਿੰਦੀ ਦੇ ਪਾਠਕਾਂ ਦੇ ਪੱਤਰ ਪੰਜਾਬੀ ਦੇ ਪਾਠਕਾਂ ਨਾਲੋਂ ਕਿਤੇ ਵੱਧ ਆਉਂਦੇ ਹਨ। ਸ਼ਾਇਦ ਇਸਦੀ ਵਜ੍ਹਾ ਹਿੰਦੀ ਦਾ ਦਾਇਰਾ ਪੰਜਾਬੀ ਨਾਲੋਂ ਵਿਸ਼ਾਲ ਹੋਣਾ ਹੈ। ਇੱਕ ਫਰਕ ਹਿੰਦੀ ਵਿੱਚ ਜਰੂਰ ਮਹਿਸੂਸ ਹੋਇਆ ਹੈ ਕਿ ਹਿੰਦੀ ਦੇ ਵੱਡੇ ਵੱਡੇ ਲੇਖਕ ਵੀ ਰਚਨਾਵਾਂ ਸੰਬੰਧੀ ਰਾਇ ਦੇਣ ਤੋਂ ਸੰਕੋਚ ਨਹੀਂ ਕਰਦੇ ਜਿਵੇਂ ਅਸ਼ਕ ਜੀ, ਰਜਿੰਦਰ ਯਾਦਵ, ਗਿਆਨ ਰੰਜਨ, ਆਦਿ ਵੱਡੇ ਲੇਖਕਾਂ ਨੇ ਵੀ ਮੇਰੀਆਂ ਕਹਾਣੀਆਂ ਸੰਬੰਧੀ ਖ਼ਤ ਲਿਖੇ ਪਰ ਪੰਜਾਬੀ ਵਿੱਚ ਇਹ ਪਿਰਤ ਨਹੀਂ।

ਸਾਡੇ ਪੰਜਾਬੀ ਸਾਹਿਤ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਜੇ ਪਾਠਕ ਲੇਖਕ ਨੂੰ ਘੱਟ ਪੜ੍ਹਦਾ ਹੈ, ਉਹਦਾ ਬਹੁਤਾ ਬੁਰਾ ਅਸਰ ਨਹੀਂ ਪੈਦਾਂ ਪਰ ਜਦੋਂ ਆਲੋਚਕ ਲੇਖਕ ਨੂੰ ਘੱਟ ਪੜ੍ਹਦਾ ਹੈ ਤਾਂ ਉਹ ਬਹੁਤ ਹੀ ਮੰਦਭਾਗੀ ਸਥਿਤੀ ਹੁੰਦੀ ਹੈ। ਇੱਕ ਵਾਰ ਬਰਨਾਲੇ ਇੱਕ ਸਮਾਗਮ ਉੱਤੇ ਡਾ. ਟੀ. ਆਰ ਵਿਨੋਦ ਆਏ। ਬਹੁਤ ਸਾਰੇ ਲੇਖਕ ਉਨ੍ਹਾਂ ਨੂੰ ਕਿਤਾਬਾਂ ਭੇਂਟ ਕਰ ਰਹੇ ਸਨ। ਉਨ੍ਹਾਂ ਕੋਲ ਮੇਰਾ ਖਿਆਲ ਹੈ ਦਰਜਨ ਤੋਂ ਵੱਧ ਕਿਤਾਬਾਂ ਸਨ। ਮੈਂ ਉਨ੍ਹਾਂ ਨੂੰ ਪੁੱਛਿਆ ਵਿਨੋਦ ਜੀ ਕੀ ਤੁਸੀਂ ਇਹ ਸਾਰੀਆਂ ਪੁਸਤਕਾਂ ਪੜ੍ਹੋਗੇ ? ਉਹ ਹੱਸ ਕੇ ਕਹਿਣ ਲੱਗੇ ਨਹੀਂ ਸਾਡੇ ਕੋਲ ਵਕਤ ਹੀ ਨਹੀਂ। ਇਹੀ ਵਜ਼ਾ ਹੈ ਕਿ ਮੈਂ ਦੋ ਚਾਰ ਆਲੋਚਕਾਂ ਤੋਂ ਬਿਨਾਂ ਕਦੇ ਕਿਸੇ ਨੂੰ ਕਿਤਾਬ ਭੇਂਟ ਨਹੀਂ ਕੀਤੀ। ਇਹ ਗੱਲ ਸਥਾਪਤ ਲੇਖਕਾਂ ਦੇ ਹੱਕ ਵਿੱਚ ਵੀ ਨਹੀਂ ਜਾਂਦੀ ਕਿ ਉਹ ਸਮਕਾਲੀ ਲੇਖਕਾਂ ਨੂੰ ਨਹੀਂ

ਪੜ੍ਹਦੇ। ਨਵੇਂ ਲੇਖਕ ਜੋ ਕਹਾਣੀ ਜਾਂ ਗਲਪ ਵਿਧਾ ਵਿੱਚ ਵਾਧਾ ਕਰਦੇ ਹਨ ਤਾਂ ਉਨ੍ਹਾਂ ਦੀਆਂ ਰਚਨਾਵਾਂ ਨੂੰ ਥਾਂ ਮਿਲ ਜਾਂਦੀ ਹੈ। ਨਵਿਆਂ ਲੇਖਕਾਂ ਤੋਂ ਲੇਖਕ ਨੂੰ ਚਾਹੇ ਉਹ ਸਾਹਿਤ ਅਕਾਦਮੀ ਵਿਜੇਤਾ ਹੈ ਕੁਝ ਨਾ ਕੁਝ ਮਿਲਦਾ ਰਹਿੰਦਾ ਹੈ। ਹਿੰਦੀ ਵਿੱਚ ਸੋਇਮ ਪ੍ਰਕਾਸ਼ ਹੈ। ਉਹ ਨਵਾਂ ਹੈ। ਜਦੋਂ ਅਸੀਂ ਪੜ੍ਹਦੇ ਹਾਂ ਤਾਂ ਉਸ ਵਿੱਚ ਅਣਗਿਣਤ ਸੰਭਾਵਨਾਵਾਂ ਹਨ। ਇਸੇ ਤਰ੍ਹਾਂ ਸਾਡਾ ਵੀ ਇੱਕ ਪੋਚ ਉੱਭਰਿਆ ਹੈ ਨਵੇਂ ਕਥਾਕਾਰਾਂ ਦਾ।

ਸਮਕਾਲੀ ਲੇਖਕ ਮਿੱਤਰ ਦੋਸਤ ਹਨ ਪਰ ਇੰਨ੍ਹਾਂ ਵਿੱਚ ਬਹੁਤ ਵੱਡਾ ਦੋਸ਼ ਇਹ ਰਿਹਾ ਹੈ ਕਿ ਇਹ ਹੋਰਨਾਂ ਸਮਕਾਲੀਆਂ ਦਾ ਜ਼ਿਕਰ ਨਹੀਂ ਕਰਦੇ। ਹਿੰਦੀ ਵਿੱਚ ਇੱਕ ਦੂਜੇ ਦੀ ਗੱਲ ਹੁੰਦੀ ਹੈ, ਚੰਗੀ ਰਚਨਾ ਦੀ ਚਰਚਾ ਹੁੰਦੀ ਹੈ ਚਾਹੇ ਉਹ ਦੋਸਤ ਦੀ ਹੋਵੇ ਜਾਂ ਦੁਸ਼ਮਣ ਦੀ। ਪੰਜਾਬੀ ਵਿੱਚ ਕੁਝ ਕੁ ਲੇਖਕਾਂ ਨੇ ਅਜਿਹਾ ਕੀਤਾ ਹੈ। ਸਮੁੱਚੇ ਤੌਰ ਉੱਤੇ ਪੰਜਾਬੀ ਸਾਹਿਤ ਵਿੱਚ 'ਚੁੱਪ ਦੀ ਸਾਜ਼ਿਸ ' ਦਾ ਮਾਹੌਲ ਹੈ। ਚਾਰ ਕੁ ਬੰਦੇ ਹੀ ਇੱਕ ਦੂਜੇ ਦੀ ਪਿੱਠ ਖੁਰਕੀ ਜਾਂਦੇ ਹਨ।

ਅਜੀਤ ਕੌਰ, ਗੁਰਬਚਨ ਸਿੰਘ ਭੁੱਲਰ, ਗੁਰਦੇਵ ਸਿੰਘ ਰੁਪਾਣਾ, ਰਾਮ ਸਰੂਪ ਅਣਖੀ, ਮੋਹਨ ਭੰਡਾਰੀ, ਪ੍ਰੇਮ ਪ੍ਰਕਾਸ਼ ਆਦਿ ਕਥਾਕਾਰਾਂ ਨੂੰ ਮੈਂ ਦੂਜੀ ਪੀੜੀ ਦੇ ਕਥਾਕਾਰ ਮੰਨਦਾ ਹਾਂ। ਤੀਜੀ ਪੀੜੀ ਵਿੱਚ ਜਸਬੀਰ ਭੁੱਲਰ, ਦਲਬੀਰ ਚੇਤਨ, ਬਲਦੇਵ ਸਿੰਘ, ਪ੍ਰੇਮ ਗੋਰਖੀ, ਮਨਮੋਹਨ ਬਾਵਾ, ਮੈਂ ਖੁਦ ਵੀ ਸਾਮਲ ਹਾਂ। ਹੋਰ ਵੀ ਕਈ ਚੰਗੇ ਲੇਖਕ ਹਨ। ਮੈਨੂੰ ਜਸਬੀਰ ਭੁੱਲਰ ਦੀਆਂ ਕਹਾਣੀਆਂ ਬਹੁਤ ਪਸੰਦ ਹਨ। ਮੈਂ ਲੱਗਭਗ ਉਹਦੀਆਂ ਸਾਰੀਆਂ ਕਹਾਣੀਆਂ ਪੜ੍ਹੀਆ ਹਨ। ਭਾਸ਼ਾ ਦੀ ਅਜਿਹੀ ਨਫ਼ਾਸਤ ਬਹੁਤ ਘੱਟ ਕਲਮਕਾਰਾਂ ਨੂੰ ਨਸੀਬ ਹੁੰਦੀ ਹੈ। ਗੱਲ ਕਹਿਣ ਦਾ ਉਸਦਾ ਅੰਦਾਜ ਬਹੁਤ ਪਿਆਰਾ ਹੈ। ਬਲਦੇਵ ਸਿੰਘ , ਪ੍ਰੇਮ ਗੋਰਖੀ ਆਦਿ ਕਥਾਕਾਰ ਇੱਕੋ ਜਿਹੇ ਮਸਲਿਆ ਉੱਤੇ ਇਕੋ ਜਿਹੇ ਢੰਗ ਨਾਲ ਲਿਖਣ ਵਾਲੇ ਲੇਖਕ ਹਨ। ਪ੍ਰਗਤੀਸ਼ੀਲ ਲਹਿਰ ਦੇ ਉਭਾਰ ਸਮੇਂ ਅਜਿਹੇ ਲੇਖਕਾਂ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਸੀ। ਇਨ੍ਹਾਂ ਕਹਾਣੀਆ ਉੱਤੇ ਉਨ੍ਹਾਂ ਦਾ ਰਾਜਨੀਤਿਕ ਦ੍ਰਿਸਟੀਕੋਣ ਹਾਵੀ ਸੀ। ਉਪਰੋਕਤ ਕਹਾਣੀਕਾਰਾਂ ਵਾਂਗ ਕਜ਼ਾਕ ਦੀਆਂ ਕਹਾਣੀਆਂ ਵਿੱਚ ਵੀ ਰਾਜਨੀਤਕ ਸੁਰ ਉੱਭਰਵਾ ਹੈ। ਪਰ ਅੱਜ ਕੱਲ ਉਹ ਕੁਝ ਨਹੀਂ ਲਿਖ ਰਿਹਾ ਪ੍ਰਧਾਨਗੀਆਂ ਕਰ ਰਿਹਾ ਹੈ। ਇਨ੍ਹਾਂ ਕਹਾਣੀਕਾਰਾਂ ਦੀ ਉੱਚੇ ਸੁਰ ਵਾਲੀਆ ਕਹਾਣੀਆ ਦੀ ਖੂਬ ਚਰਚਾ ਹੋਈ। ਕਜ਼ਾਕ ਦੀਆਂ ਕਹਾਣੀਆਂ 'ਹੁੰਮਸ' ਅਤੇ 'ਜਿੱਥੇ ਸੂਰਜ ਉੱਗਦਾ ਹੈ' ਕਜਾਕ ਦੀਆਂ ਕਹਾਣੀਆਂ ਦੀ ਵੀ ਅਧਾਰਹੀਣ ਪ੍ਰਸ਼ੰਸ਼ਾ ਕੀਤੀ ਗਈ। ਏਦਾਂ ਹੀ ਪ੍ਰੇਮ ਗੋਰਖੀ ਤੇ ਬਲਦੇਵ ਸਿੰਘ ਦੀਆਂ ਕਹਾਣੀਆਂ ਦੀ ਬਹੁਤ ਪ੍ਰਸੰਸਾ ਹੋਈ। ਇਸ ਤਰ੍ਹਾਂ ਪ੍ਰੇਮ ਪ੍ਰਕਾਸ਼ ਸੰਬੰਧੀ ਵੀ ਕਈ ਵਾਰੀ ਜ਼ਜ਼ਬਾਤੀ ਪਹੁੰਚ ਅਪਣਾਈ ਗਈ ਹੈ। ਜਦੋਂ ਕੋਈ ਆਲੋਚਕ ਇਹ ਕਹਿੰਦਾ ਹੈ ਕਿ ਪ੍ਰੇਮ ਪ੍ਰਕਾਸ਼ ਨਾਲ ਕਹਾਣੀ ਨਵਾਂ ਮੋੜ ਕਟਦੀ ਹੈ, ਤਾਂ ਠੀਕ ਨਹੀਂ। ਇਹ ਠੀਕ ਹੈ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਕਿਸੇ ਵਿਚਾਰਧਾਰਾ ਦੇ ਗਲਬੇ ਤੋਂ ਮੁਕਤ ਹੈ। ਉਹ ਆਪਣੇ ਅਤੇ ਰਚਨਾ ਵਿਚਕਾਰ ਵਿੱਥ ਬਣਾਉਣ ਵਿੱਚ ਵੀ ਸਫਲ ਹੈ ਸਾਨੂੰ ਉਸਦੀਆਂ ਕਹਾਣੀਆਂ ਇਸ ਲਈ ਵਧੇਰੇ ਆਕਰਸ਼ਕ ਕਰਦੀਆਂ ਹਨ ਕਿ ਪੰਜਾਬੀ ਕਹਾਣੀ ਦੇ ਰਵਾਇਤੀ ਚੌਖਟੇ ਤੋਂ ਬਾਹਰ ਵਿਚਾਰਧਾਰਕ ਸੰਕੀਰਣਤਾ ਤੋਂ ਮੁਕਤ ਹੋ ਕੇ ਉਹਨੇ ਕਹਾਣੀਆਂ ਲਿਖੀਆਂ ਹਨ ਤੇ ਉਹਦੀਆਂ ਕਹਾਣੀਆਂ ਉਪਰੋਕਤ ਕਥਾਕਾਰਾਂ ਤੋਂ ਭਿੰਨ ਜਾਪਦੀਆਂ ਹਨ।

ਪ੍ਰੇਮ ਪ੍ਰਕਾਸ਼ ਮੇਰਾ ਪਸੰਦੀਦਾ ਕਹਾਣੀਕਾਰ ਹੈ। ਪਰ ਇੱਕ ਪ੍ਰਸ਼ਨ ਓਹਦੀਆਂ ਸਾਰੀਆਂ ਕਹਾਣੀਆਂ ਪੜ੍ਹਨ ਪਿੱਛੋਂ ਮੇਰੇ ਮਨ ਵਿੱਚ ਉੱਠਦਾ ਹੈ ਕਿ ਉਹ ਆਪਣੇ ਕਥਾ ਯਾਤਰਾ ਵਿੱਚ ਜਿੱਥੇ ਜਾਕੇ ਪਾਤਰਾਂ ਨੂੰ ਖੜੇ ਕਰਦਾ ਹੈ, ਉੱਥੇ ਕਿਧਰੇ ਵੀ ਰੌਸ਼ਨੀ ਦੀ ਕਿਰਨ ਵਿਖਾਈ ਨਹੀਂ ਦਿੰਦੀ। ਉਹਦੇ ਪਾਤਰ ਆਪਣਾ ਸਫ਼ਰ ਹਨੇਰੇ ਵਿੱਚ ਹੀ ਖਤਮ ਕਰ ਦਿੰਦੇ ਹਨ ਪਾਠਕ ਨੂੰ ਸਾਹਿਤ ਤੋਂ ਜ਼ਿੰਦਗੀ ਦੀ ਡੂੰਘੀ ਸਮਝ ਦੇ ਨਾਲ ਨਾਲ ਇਕ ਰੌਸ਼ਨੀ ਦੀ ਕਿਰਨ ਵੀ ਲੇਖਕ ਕੋਲੋ ਤਵੱਕੋ ਹੁੰਦੀ



ਹੈ। ਮਨਮੋਹਨ ਬਾਵਾ ਨੇ ਇਤਹਾਸ ਅਤੇ ਮਿਥਿਹਾਸ ਨੂੰ ਆਪਣੀਆਂ ਕਹਾਣੀਆਂ ਵਿੱਚ ਬਹੁਤ ਕਲਾਤਮਿਕ ਢੰਗ ਨਾਲ ਪੇਸ਼ ਕੀਤਾ ਹੈ. ਉਹਦੀਆਂ ਕਹਾਣੀਆਂ ਪੰਜਾਬੀ ਕਥਾ ਸਾਹਿਤ ਵਿੱਚ ਨਵਾਂ ਰੰਗ ਭਰਦੀਆਂ ਹਨ। ਜਿੰਦਰ ਆਪਣੀਆਂ ਕਹਾਣੀਆ ਨੂੰ ਆਪਣੀ ਜ਼ਮੀਨ ਨਾਲ ਤਾਂ ਜੋੜੀ ਰੱਖਦਾ ਹੈ ਪਰ ਸ਼ਿਲਪ ਦੀ ਦ੍ਰਿਸ਼ਟੀ ਤੋਂ ਅਜੇ ਉਹਦੀਆਂ ਕਹਾਣੀਆਂ ਕਮਜ਼ੋਰ ਹਨ। ਦਰਅਸਲ ਕਥਿਤ ਚੌਥੀ ਪੀੜ੍ਹੀ ਦੇ ਸਾਰੇ ਹੀ ਕਥਾਕਾਰ ਅਜੇ ਆਪਣੀ ਯਾਤਰਾ ਦੇ ਪਹਿਲੇ ਪੜਾਅ ਤੇ ਹਨ। ਉਹਨਾਂ ਬਾਰੇ ਕੋਈ ਪੇਸ਼ੀਨਗੋਈ ਕਰਨੀ ਉੱਚਿੱਤ ਨਹੀਂ। ਅਜੇ ਉਹਨਾਂ ਦੇ ਨਕਸ਼ ਉੱਘੜਨੇ ਹਨ। ਕਹਾਵਤ ਹੈ, ਵਧਦੇ ਹੋਏ ਪੌਦੇ ਨੂੰ ਨਹੀਂ ਮਾਪਣਾ ਚਾਹੀਦਾ, ਨਹੀਂ ਤਾਂ ਉਹਦਾ ਵਾਧਾ ਰੁਕ ਜਾਂਦਾ ਹੈ। ਅਤਰਜੀਤ ਦੀਆਂ ਕਹਾਣੀਆਂ ਨੇ ਮੈਨੂੰ ਕਦੀ ਵੀ ਬਹੁਤਾ ਪ੍ਰਭਾਵਿਤ ਨਹੀਂ ਕੀਤਾ। ਉਂਜ ਉਹਦੀ ਗਿਣਤੀ ਪੰਜਾਬੀ ਦੇ ਉੱਘੇ ਕਹਾਣੀਕਾਰਾਂ ਵਿੱਚ ਕੀਤੀ ਜਾਂਦੀ ਹੈ। ਸ਼ਾਇਦ ਇੱਕ ਦਲਿਤ ਲੇਖਕ ਵਜੋਂ ਉਹਦੀ ਪ੍ਰਸਿੱਧੀ ਬਣੀ ਹੋਵੇ। ਰਾਜਨੀਤਿਕ ਲੋਕ ਦਲਿਤਾਂ ਦੀ ਭਲਾਈ ਦੇ ਨਾਂ ਤੇ ਵੋਟਾਂ ਪ੍ਰਾਪਤ ਕਰਦੇ ਰਹੇ ਹਨ ਤੇ ਦੇਸ਼ ਉੱਤੇ ਰਾਜ ਕਰਦੇ ਰਹੇ ਹਨ। ਹੁਣ ਬਹੁਤ ਸਾਰੇ ਲੇਖਕ ਅਤੇ ਸੰਸਥਾਵਾਂ ਇਸ ਰਾਹ ਪੈ ਗਈਆਂ ਹਨ। ਗਰੀਬ ਹੋਣਾ ਹੀਣ ਭਾਵਨਾ ਦਾ ਸ਼ਿਕਾਰ ਹੋਣਾ ਨਹੀਂ। ਮੈਂ ਅਤਿ ਦੀ ਗਰੀਬੀ ਵਿੱਚੋਂ ਗੁਜ਼ਰਿਆ ਹਾਂ। ਪਰ ਜਦੋਂ ਅਸੀਂ ਅਨੁਸੂਚਿਤ ਜਾਤੀਆਂ ਨੂੰ ਦਲਿਤ ਕਹਿੰਦੇ ਹਾਂ, ਗਰੀਬਾਂ ਨੂੰ ਨਹੀਂ ਤਾਂ ਉਨ੍ਹਾਂ ਵਿੱਚ ਹੀਣ ਭਾਵਨਾ ਤੇ ਦੂਜੀਆਂ ਜਾਤਾਂ ਪ੍ਰਤੀ ਰੋਹ ਵੀ ਉਤਪੰਨ ਕਰਦੇ ਹਾਂ। ਆਰਥਿਕ ਅਧਾਰ ਨੂੰ ਮੰਨਿਆ ਜਾਵੇ ਤਾਂ ਸਵਰਨ ਜਾਤਾਂ ਵਿੱਚ ਵੀ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਹਨ। ਦਲਿਤ ਤਾਂ ਸਾਡੇ ਸਮਾਜ ਵਿੱਚ ਇਸਤਰੀ ਵੀ ਹੈ। ਅੰਗਰੇਜਾਂ ਦੇ ਸਮੇਂ ਸਾਰਾ ਹਿੰਦੋਸਤਾਨ ਹੀ ਦਲਿਤ ਸੀ। ਜੇ ਕੋਈ ਅੱਜ ਦਲਿਤ ਹੈ, ਉਹ ਕੱਲ ਨੂੰ ਸੋਸ਼ਕ ਵੀ ਬਣ ਸਕਦਾ ਹੈ। ਕੀ ਇੱਕ ਰਾਮਦਾਸੀਏ ਦਾ ਮੁੰਡਾ ਅਫ਼ਸਰ ਬਣਨ ਪਿੱਛੋਂ ਵੀ ਦਲਿਤ ਰਹਿ ਜਾਂਦਾ ਹੈ? ਕੀ ਉਹਦੇ ਬੱਚੇ ਵੀ ਦਲਿਤ ਹੁੰਦੇ ਹਨ? ਜੇ ਨਹੀਂ ਤਾਂ ਫਿਰ ਉਹ ਉਹਨਾਂ ਲਈ ਰਿਆਇਤ ਕਿਸ ਅਧਾਰ ਉੱਤੇ ਮੰਗਦਾ ਹੈ ? ਦਿਲਚਸਪ ਗੱਲ ਤਾਂ ਇਹ ਹੈ ਜਦੋਂ ਕੋਈ ਦਲਿਤ ਵੱਡਾ ਅਫ਼ਸਰ ਬਣ ਜਾਂਦਾ ਹੈ ਤਾਂ ਆਪਣਾ ਨਾਤਾ ਆਪਣੀ ਹੀ ਜਾਤ ਬਰਾਦਰੀ ਨਾਲੋਂ ਤੋੜ ਲੈਂਦਾ ਹੈ। ਦਲਿਤਾਂ ਦੇ ਕਈ ਵੱਡੇ ਅਫ਼ਸਰ ਆਪਣੇ ਨਾਵਾਂ ਨਾਲ ਸੰਧੂ, ਸਿੱਧੂ, ਗਿੱਲ ਆਦਿ ਲਿਖਾਦੇ ਹਨ। ਇੱਥੋਂ ਤੱਕ ਕਿ ਕਈ ਇੱਕ ਤਾਂ ਰਿਸ਼ਤੇ ਨਾਤੇ ਵੀ ਉੱਚੀਆ ਜਾਤਾਂ ਨਾਲ ਜੋੜ ਲੈਂਦੇ ਹਨ। ਇਸ ਲਈ ਦਲਿਤ ਕੋਈ ਜਾਤ ਨਹੀਂ, ਇਹ ਇੱਕ ਮਾਨਸਿਕਤਾ ਹੈ, ਜਿਸਨੂੰ ਖਤਮ ਕਰਨ ਦੀ ਲੋੜ ਹੈ। ਇਹ ਖਤਮ ਤਦ ਹੀ ਹੋ ਸਕਦੀ ਹੈ ਜੇ ਹਰ ਪੱਧਰ ਉੱਤੇ ਜਾਤ ਪਾਤ ਖਤਮ ਕੀਤਾ ਜਾਵੇ, ਦਲਿਤ ਨਹੀਂ ਤਾਂ ਦਲਿਤ ਦੀ ਰਹਿਣਗੇ। ਦਲਿਤਾਂ ਪ੍ਰਤੀ ਦਿਖਾਈ ਜਾ ਰਹੀ ਹਮਦਰਦੀ ਬਨਾਵਟੀ ਅਤੇ ਸ਼ਰਾਰਤਪੂਰਣ ਹੈ।

ਅੱਜ ਕੱਲ੍ਹ ਪਰਵਾਸੀ ਸਾਹਿਤ ਦਾ ਏਨੇ ਵੱਡੇ ਪੱਧਰ ਉੱਤੇ ਜਿਕਰ ਹੋ ਰਿਹਾ ਹੈ ਇੰਜ ਜਾਪਦਾ ਹੈ ਜਿਵੇਂ ਪੰਜਾਬੀ ਸਾਹਿਤ ਦੀ ਅਸਲ ਸਿਰਜਣਾ ਪੰਜਾਬ ਤੋਂ ਬਾਹਰ ਹੀ ਹੋ ਰਹੀ ਹੈ। ਅਖ਼ਬਾਰ ਮਾਸਿਕ ਪੱਤਰ ਤੇ ਬਹੁਤ ਸਾਰੀਆਂ ਪੁਸਤਕਾਂ ਪਰਵਾਸੀ ਲੇਖਕਾਂ ਦੀਆਂ ਰਚਨਾਵਾਂ ਦੇ ਮੁਲੰਕਮ ਨਾਲ ਭਰੀਆਂ ਪਈਆਂ ਹਨ। ਰਘੁਵੀਰ ਢੰਡ ਤੋਂ ਬਾਅਦ ਇਹ ਸਭ ਨਵੇਂ ਹਨ। ਮੈਂ ਇਹਨਾਂ ਨਵੇਂ ਲੇਖਕਾਂ ਵਿੱਚੋਂ ਬਹੁਤੇ ਨਹੀਂ ਪੜ੍ਹੇ। ਸਵਰਨ ਚੰਦਨ ਦਾ ਨਾਵਲ 'ਕੰਜਕਾਂ' ਦਾ ਜਿਕਰ ਸੁਣਿਆ ਹੈ, ਉਸ ਦੀਆਂ ਇੱਕਾ ਦੁੱਕਾ ਰਚਨਾਵਾਂ ਪੜ੍ਹੀਆ ਹਨ। ਕਥਾਕਾਰਾਂ ਵਿੱਚੋਂ ਹਰਜੀਤ ਅਟਵਾਲ , ਵੀਨਾ ਵਰਮਾ, ਜਰਨੈਲ ਸਿੰਘ , ਪਰਵੇਜ ਸੰਧੂ ਦੇ ਨਾਂ ਉੱਭਰ ਕੇ ਸਾਹਮਣੇ ਆਏ ਹਨ। ਹਰਜੀਤ ਅਟਵਾਲ ਨੇ ਕਲਾਤਮਕ ਦ੍ਰਿਸ਼ਟੀ ਤੋਂ ਵਧੀਆ ਕਹਾਣੀਆਂ ਲਿਖੀਆਂ ਹਨ। ਵੀਨਾ ਵਰਮਾ ਨੇ ਵੀ ਰੌਚਕ ਤੇ ਚੰਗੀਆ ਕਹਾਣੀਆਂ ਲਿਖੀਆਂ ਹਨ। ਜਿਹੜੀ ਤੁਸੀਂ ਪੱਛਮ ਦੀ ਗੱਲ ਕੀਤੀ ਹੈ, ਉੱਥੇ ਜ਼ਿੰਦਗੀ ਸਾਡੇ ਤੋਂ ਕਾਫੀ ਭਿੰਨ ਹੈ। ਉੱਥੇ ਮਨੁੱਖ ਸੰਵੇਦਨਸ਼ੀਲ ਮਨੁੱਖ ਦੀ ਥਾਂ ਮਕੈਨੀਕਲ ਮਨੁੱਖ ਬਣਦਾ ਜਾ

ਰਿਹਾ ਹੈ ਤੇ ਜਿਹੜੇ ਸਾਡੇ ਪੰਜਾਬ ਵਿੱਚ ਰਿਸ਼ਤੇ ਹਨ, ਮਾਂ ਭੈਣ, ਭਰਾ ਆਦਿ ਉਹ ਰਿਸ਼ਤੇ ਉਨ੍ਹਾਂ ਦੇ ਅਰਥਾਂ ਤੋਂ ਬਾਹਰ ਹਨ। ਉੱਥੇ ਇਸ ਤਰ੍ਹਾਂ ਦੀ ਜ਼ਿੰਦਗੀ ਨਹੀਂ ਹੈ। ਸੋ ਜਿਹੜੀਆਂ ਉਹ ਕਹਾਣੀਆਂ ਲਿਖੀਆਂ ਜਾ ਰਹੀਆਂ ਹਨ, ਉਸੇ ਮਾਨਸਿਕ ਪ੍ਰਵਿਤੀ ਨੂੰ ਚਿਤਰਦੀਆਂ ਹੋਈਆ ਉਹ ਲੇਖਕਾਂ ਕੋਲੋ ਧੁੰਦਲੀਆ ਰਹਿੰਦੀਆ ਹਨ। ਬਾਕੀ ਜੋ ਕਿਸੇ ਨੇ ਉਸ ਚੀਜ਼ ਨੂੰ ਚੰਗੀ ਤਰ੍ਹਾਂ ਫੜ ਕੇ ਆਪਣੀ ਇੱਥੋ ਦੀ ਜ਼ਿੰਦਗੀ ਅਨੁਸਾਰ ਢਾਲਿਆ ਤਾਂ ਉਹ ਕਹਾਣੀ ਸਫਲ ਹੋ ਜਾਂਦੀ ਹੈ। ਪਰ ਮੇਰੀ ਧਾਰਨਾ ਹੈ ਕਹਾਣੀ ਉਹੀ ਹੈ ਜਿਹੜੀ ਮਨ ਉਪਰ ਪ੍ਰਭਾਵ ਪਾਉਂਦੀ ਹੈ। ਚੰਗੀ ਰਚਨਾ ਪੜ੍ਹਕੇ ਖ਼ਤਮ ਨਹੀਂ ਹੁੰਦੀ ਬਲਕਿ ਸਾਡੇ ਮਾਨਸਿਕ ਮੰਚ ਉਤੇ ਤੁਰਦੀ ਰਹਿੰਦੀ ਹੈ

ਮੈਂ ਕਈ ਵਾਰ ਸੋਚਦਾ ਹਾਂ ਜੇ ਮੈਂ ਕਜ਼ਾਕ ਵਾਂਗ ਮਿੱਠੇ ਸੁਭਾਅ ਵਾਲਾ ਹੁੰਦਾ, ਮੈਂ ਸਾਹਿਤਕ ਸਫ਼ਰ ਵਿੱਚ ਬਹੁਤ ਅੱਗੇ ਲੰਘ ਜਾਣਾ ਸੀ। ਨਾ ਮੈਨੂੰ ਮਿੱਠਾ ਬੋਲਣਾ ਆਉਂਦਾ ਹੈ, ਨਾ ਕਿਸੇ ਦੀ ਮਿੰਨਤ-ਖੁਸ਼ਾਮਦ ਕਰਨੀ ਆਉਂਦੀ ਹੈ ਨਾਂ ਕਿਸੇ ਦੀ ਝੂਠੀ ਪ੍ਰਸ਼ੰਸ਼ਾ ਤੇ ਨਾਂ ਹੀ ਜ਼ਿੰਦਗੀ ਵਿੱਚ ਸਮਝੌਤੇ ਕਰਨ ਦੀ ਆਦਤ ਹੈ। ਕਜ਼ਾਕ ਨੇ ਬਹੁਤ ਲਾਭ ਆਪਣੇ ਮਿੱਠ ਬੋਲੜੇ ਸੁਭਾਅ ਕਾਰਨ ਪ੍ਰਾਪਤ ਕੀਤੇ ਤੇ ਕਰ ਰਿਹਾ ਹੈ। ਜੇਕਰ ਰੱਬ ਨੇ ਉਹਨੂੰ ਕਦੇ ਕਦੇ ਝੂਠ ਬੋਲਣ ਦਾ ਸਰਾਪ ਨਾ ਦਿਤਾ ਹੁੰਦਾ ਤਾਂ ਪਤਾ ਨਹੀਂ ਉਹ ਕਿਥੇ ਦਾ ਕਿਥੇ ਪਹੁੰਚ ਜਾਂਦਾ। ਇਸੇ ਤਰ੍ਹਾਂ ਰਾਮ ਸਰੂਪ ਅਣਖੀ ਵੀ ਨਿੱਘੇ ਸੁਭਾਅ ਵਾਲਾ ਲੇਖਕ ਹੈ। ਹੁਣ ਤਾਂ ਮੈਂ ਵੀ ਸੋਚਦਾ ਹਾਂ ਸੱਚ ਬੋਲਣ ਦਾ ਠੇਕਾ ਮੈਨੂੰ ਇਕੱਲੇ ਨੂੰ ਹੀ ਨਹੀਂ ਸੀ ਲੈਣਾ ਚਾਹੀਦਾ। ਸੱਚ ਬੋਲਣ ਦੀ ਵੀ ਇਕ ਸੀਮਾ ਹੁੰਦੀ ਹੈ। ਮੈਂ ਵਾਰ ਵਾਰ ਇਸ ਸੀਮਾ ਨੂੰ ਪਾਰ ਕਰਿਆ ਤੇ ਆਪਣਾ ਨੁਕਸਾਰ ਕੀਤਾ। ਦੂਜਾ ਮੇਰੇ ਸੁਭਾਅ ਦਾ ਨੁਕਸ ਮਿਲਾਪੜਾ ਨਾ ਹੋਣਾ ਹੈ, ਮੈਂ ਲੇਖਕ ਮਿੱਤਰਾਂ ਨੂੰ ਮਿਲਣ, ਸਾਹਿਤਕ ਇਕੱਠਾਂ ਵਿੱਚ ਜਾਣ ਤੋਂ ਮੇਲ ਮਿਲਾਪ ਵਧਾਉਣ ਤੋਂ ਹਮੇਸ਼ਾ ਸੰਕੋਚ ਕੀਤਾ ਹੈ। ਇਕ ਲੇਖਕ ਵਜੋਂ ਇਸਦਾ ਵੀ ਮੈਨੂੰ ਬਹੁਤ ਨੁਕਸਾਨ ਹੋਇਆ। ਸਾਹਿਤਕ ਸਮਾਗਮਾਂ ਵਿਚ ਮੈਂ ਸ਼ਿਰਕਤ ਨਹੀਂ ਕਰਦਾ। ਇਸ ਲਈ ਮੇਰੇ ਕਈ ਸਮਕਾਲੀ ਕਈ ਝੂਠੀਆਂ ਤੇ ਨਿਰਾਧਾਰ ਗੱਲਾਂ ਮੇਰੇ ਬਾਰੇ ਕਹਿੰਦੇ ਰਹਿੰਦੇ ਹਨ ਜਿਨ੍ਹਾਂ ਬਾਰੇ ਸੁਣਕੇ ਮੈਂ ਹੈਰਾਨ ਰਹਿ ਜਾਂਦਾ ਹਾਂ। ਮੇਰਾ ਕੋਈ ਸਮਕਾਲੀ ਇਹ ਪ੍ਰਚਾਰ ਕਰਨ ਵਿਚ ਸਫ਼ਲ ਹੋ ਗਿਆ ਕਿ ਮੈਂ ਬਹੁਤ ਝਗੜਾਲੂ ਹਾਂ। ਕਹਾਣੀਕਾਰ ਹਰਜੀਤ ਅਟਵਾਲ ਨੇ ਦੱਸਿਆ ਕਿ ਇੰਗਲੈਂਡ ਵਿੱਚ ਪੰਜਾਬੀ ਲੇਖਕ ਕਹਿੰਦੇ ਹਨ ਕਿ ਸਿੱਧੂ ਬੜਾ ਝਗੜਾਲੂ ਆਦਮੀ ਹੈ ਜਦ ਕਿ ਉਹ ਖ਼ੁਦ ਮੈਨੂੰ ਕਦੀ ਨਹੀਂ ਮਿਲੇ।

ਗਿਲੇ ਸ਼ਿਕਵੇ ਹਰ ਇੱਕ ਨੂੰ ਹੁੰਦੇ ਹਨ। ਪਰ ਮੇਰਾ ਵਿਸ਼ਵਾਸ ਹੈ ਆਮ ਤੌਰ ਉਤੇ ਗਿਲੇ ਸ਼ਿਕਵੇ ਵਕਤੀ ਤੇ ਆਧਾਰਹੀਣ ਹੁੰਦੇ ਹਨ। ਜੋ ਵਿਅਕਤੀ ਜੀਵਨ ਵਿੱਚ ਜਿੰਨਾ ਅਧਿਕ ਨਿਰਾਸ ਹੁੰਦਾ ਹੈ। ਉਨੇ ਹੀ ਵੱਡੇ ਉਹਦੇ ਗਿਲੇ ਸ਼ਿਕਵੇ ਹੁੰਦੇ ਹਨ। ਜੇ ਇਨਸਾਨ ਦ੍ਰਿੜ ਹੈ ਤਾਂ ਉਸ ਅੱਗੇ ਕੁੱਝ ਨਹੀਂ ਟਿਕਦਾ। ਇਹ ਅਸਫਲਤਾ ਤੇ ਨਿਰਾਸਤਾ ਵਿੱਚੋਂ ਉਪਜਦੇ ਹਨ। ਇੱਕ ਨੌਜਵਾਨ ਸ਼ਾਇਰ ਬੂਟਾ ਸਿੰਘ ਚੌਹਾਨ ਦਾ ਸ਼ਿਅਰ ਹੈ-

ਜਿਸਨੇ ਸੁਕਣੈ ਸ਼ੁੱਕ ਜਾਂਦਾ ਹੈ
ਬਿਨ ਧੁੱਪ ਦੇ, ਬਿਨ ਲੋਅ ਦੇ
ਜਿਸਨੇ ਉਗਣੇ ਉੱਗ ਪੈਂਦਾ ਹੈ
ਪੱਥਰਾਂ ਦੇ ਵਿਚਕਾਰ।

ਮੇਰੀ ਰੀਝ ਹੈ ਇਕ ਯਾਦਗਾਰੀ ਨਾਵਲ ਲਿਖ ਜਾਵਾਂ ਜਿਹੜਾ ਪੰਜਾਬੀ ਵਿੱਚ ਲਿਖੇ ਸਾਰੇ ਨਾਵਲਾਂ ਤੋਂ ਅਲੱਗ ਹੋਵੇ ਤੇ ਨਵੀਂ ਜ਼ਮੀਨ ਪਾੜੇ। ਵੈਸੇ ਇਹ ਰੀਝ ਸਾਰੇ ਲੇਖਕਾਂ ਦੀ ਹੀ ਹੁੰਦੀ ਹੈ ਜਾਂ ਇਹ ਵੀ ਰੀਝ ਹੈ, ਕਿ ਮੇਰੇ 'ਬੱਤਖ ਦੇ ਖੰਭਾਂ ਜਿਹੇ ਸਫੈਦ ਦਿਨ" ਨਾਵਲ ਉਤੇ ਕੋਈ ਬਹੁਤ ਹੀ ਵਧੀਆ ਕਲਾਤਮਿਕ ਫਿਲਮ ਜਾਂ ਸੀਰੀਅਲ ਬਣੇ ਤਾਂ ਜੋ ਮੈਂ ਭੁਪਾਲ ਐਜੂਕੇਸ਼ਨ ਕਾਲਜ ਦੀਆਂ ਯਾਦਾਂ ਤਾਜ਼ੀਆਂ ਹੁੰਦੀਆਂ ਦੇਖ ਸਕਾਂ। o



## ਕਾਲਮ

## ਦਿੱਸਦੇ 'ਚੋਂ ਅਣਦਿਸੱਦੇ ਦਾ ਪਾਸਾਰ-3/ਡਾ. ਜਸਵਿੰਦਰ ਕੌਰ ਬਿੰਦਰਾ

## ਮੈਂ ਗਜਨਵੀਂ ਨਹੀਂ : ਅਸਾਧਾਰਣ ਬਿਰਤਾਂਤ ਦੀ ਕਹਾਣੀ

ਗੁਰਬਚਨ ਸਿੰਘ ਭੁੱਲਰ ਅਜਿਹਾ ਕਹਾਣੀਕਾਰ ਹੈ ਜੋ ਸਾਧਾਰਣ ਤੇ ਮਾਮੂਲੀ ਜਿਹੀ ਘਟਨਾ ਨੂੰ ਆਧਾਰ ਬਣਾ ਕੇ ਅਜਿਹੀ ਗੋਂਦ ਗੁੰਦਦਾ ਹੈ ਕਿ ਪਾਠਕਾਂ ਸਾਹਵੇਂ ਉਹ ਸਾਧਾਰਣ ਘਟਨਾ ਅਸਾਧਾਰਣ ਬਣ ਕੇ ਸਾਹਮਣੇ ਆ ਖਲੋਂਦੀ ਹੈ। ਜਿਵੇਂ ਕਿਹਾ ਵੀ ਜਾਂਦਾ ਹੈ ਕਿ ਛੋਟੀ ਤੋਂ ਛੋਟੀ ਘਟਨਾ ਵਿੱਚ ਵੱਡੀਆਂ-ਵੱਡੀਆਂ ਸੰਭਾਵਨਾਵਾਂ ਛੁਪੀਆਂ ਹੋਈਆਂ ਹੁੰਦੀਆਂ ਹਨ। ਲੋੜ ਉਸ ਨਜ਼ਰੀਏ ਤੋਂ ਵੇਖਣ ਦੀ ਹੁੰਦੀ ਹੈ।

ਗੁਰਬਚਨ ਭੁੱਲਰ ਦੀ ਕਹਾਣੀ ' ਮੈਂ ਗਜਨਵੀਂ ਨਹੀਂ' ਪੜ੍ਹਦਿਆਂ ਇਸੇ ਤਰ੍ਹਾਂ ਦਾ ਅਨੁਭਵ ਹੁੰਦਾ ਹੈ। ਕਹਾਣੀ ਸਾਧਾਰਣ ਬਿਰਤੀ ਵਾਲੀ ਹੈ। ਕਾਲਜ ਇਕੱਠੇ ਪੜ੍ਹਦਿਆਂ ਮੁੰਡੇ-ਕੁੜੀਆਂ ਦੀ ਦੋਸਤੀ ਆਮ ਜਿਹੀ ਗੱਲ ਹੋ ਗਈ ਹੈ। ਕਾਲਜੀਏਟਾਂ ਦੇ ਇਹ ਰਿਸ਼ਤੇ ਬਹੁਤ ਹੀ ਘੱਟ ਸਿਰੇ ਚੜ੍ਹਦੇ ਹਨ। ਇਹ ਦੋਸਤੀਆਂ ਜਿਨ੍ਹਾਂ ਵਿੱਚ ਪਿਆਰ ਦਾ ਦਖ਼ਲ ਵੱਧ ਹੁੰਦਾ ਹੈ, ਯੂਨੀਵਰਸਿਟੀ ਕੈਂਪਸ ਦੇ ਖੁੱਲ੍ਹੇ ਮੈਦਾਨਾਂ ਵਿੱਚ ਹੀ ਅਰੰਭ ਹੁੰਦਾ, ਵੱਧਦਾ ਤੇ ਪਰਵਾਨ ਹੁੰਦਾ ਹੈ ਤੇ ਅਕਸਰ ਪੜ੍ਹਾਈ ਮੁੱਕਣ ਦੇ ਨਾਲ ਹੀ ਕਿਸੇ ਨਾ ਕਿਸੇ ਕਾਰਣ ਪਖੋਂ ਦਮ ਤੋੜ ਜਾਂਦਾ ਹੈ। ਇਨ੍ਹਾਂ ਕਾਰਣਾਂ ਵਿੱਚ ਪ੍ਰਮੁੱਖ ਹੁੰਦਾ ਹੈ-ਕੁੜੀ ਦਾ ਕਿਸੇ ਹੋਰ ਥਾਂ 'ਤੇ ਰਿਸ਼ਤਾ ਪੱਕਾ ਹੋ ਜਾਣਾ ਤੇ ਮੁੰਡੇ ਦਾ ਆਪਣੇ ਪੈਰਾਂ ਤੇ ਖੜੇ ਹੋਣ ਲਈ ਜਦੋ-ਜਹਿਦ ਕਰਨਾ। ਦੋਵੇਂ ਹੀ ਕਾਰਣ ਅਤਿ ਸੁਭਾਵਿਕ ਤੇ ਸਹਿਜ ਹੁੰਦੇ ਹਨ।

ਇਸ ਕਾਲਜ ਵਿੱਚ ਵੀ 'ਮੈਂ' ਪਾਤਰ ਕਾਲਜ ਵੇਲੇ ਦੀ ਆਪਣੀ ਪ੍ਰੇਮਿਕਾ ਨਾਲ ਗੁਜ਼ਾਰੇ ਦਿਨਾਂ ਨੂੰ ਯਾਦ ਕਰਦਾ ਹੈ। ਪ੍ਰੇਮਿਕਾ ਬਾਰੇ ਵਿਸਥਾਰ ਤੇ ਮਿਲਨ-ਵਿਛੜਨ ਦੀ ਗੱਲ ਉਹ ਫਲੈਸ਼ ਬੈਕ ਰਾਹੀਂ ਕਰਦਾ ਹੈ।

ਕਹਾਣੀ ਦਾ ਅਰੰਭ ਇਸ ਤਰ੍ਹਾਂ ਹੈ ਕਿ ਮੈਂ ਪਾਤਰ ਆਪਣੇ ਮਿੱਤਰ ਰਾਜੂ ਦੀ ਚਿੱਠੀ ਆਉਣ ਮਗਰੋਂ ਆਪਣੀ ਪ੍ਰੇਮਿਕਾ ਜੱਸੀ ਨੂੰ ਮਿਲਣ ਜਾਣ ਬਾਰੇ ਆਪਣੇ ਮਨ ਵਿੱਚ ਵਿਚਾਰ ਕਰ ਰਿਹਾ ਹੈ। ਪੜ੍ਹਾਈ ਮੁੱਕਣ ਮਗਰੋਂ ਜੱਸੀ ਦੇ ਕਿੱਧਰੇ ਹੋਰ ਵਿਆਹੇ ਜਾਣ ਨੂੰ ਕਈ ਸਾਲ ਬੀਤ ਗਏ, ਪਰ ਉਹ ਤੇ ਜੱਸੀ ਮੁੜ ਕਦੇ ਨਾ ਮਿਲੇ। ਭਾਵੇਂ ਉਹ ਉਸ ਨੂੰ ਕਦੇ ਮਿਲਿਆ ਨਹੀਂ, ਪਰ ਇਹ ਵੀ ਸੱਚ ਹੈ ਕਿ ਉਹ ਉਸ ਨੂੰ ਕਦੇ ਭੁੱਲ ਵੀ ਨਹੀਂ ਸਕਿਆ। ਐਮ. ਏ. ਪੜ੍ਹਦਿਆਂ ਜਦੋਂ ਉਨ੍ਹਾਂ ਵਿਚਕਾਰ ਦੋਸਤੀ ਹੋਈ ਤੇ ਆਪਸੀ ਪਿਆਰ ਪਨਪਿਆ , 'ਮੈਂ ਪਾਤਰ ਵਿਆਹਿਆ ਹੋਇਆ ਸੀ ਤੇ ਜੱਸੀ ਕਿੱਧਰੇ ਹੋਰ ਮੰਗੀ ਹੋਈ ਸੀ। ਦੋਵਾਂ ਨੂੰ ਇਸ ਗੱਲ ਦਾ ਪਤਾ ਹੈ। ਭਾਵ ਕਿ ਇਹ ਪਿਆਰ ਸਿਰਫ਼ ਸਰੀਰਕ ਖਿਚ ਤੋਂ ਉਪਜਿਆ ਹੋਇਆ ਨਹੀਂ ਸੀ ਤੇ ਨਾ ਹੀ ਇਸ ਦੀ ਆਖਰੀ ਮੰਜ਼ਿਲ ਵਿਆਹ ਹੀ ਸੀ। ਦੋਵੇਂ ਪ੍ਰੇਮੀ-ਪ੍ਰੇਮਿਕਾ ਨੂੰ ਇਸ ਸੱਚਾਈ ਦਾ ਪਤਾ ਸੀ ਤੇ ਦੋਵਾਂ ਨੂੰ ਇਹ ਸਥਿਤੀ ਸਵੀਕਾਰ ਸੀ। ਉਹ ਪਿਆਰ ਨੂੰ ਪਿਆਰ ਦੀ ਤਰ੍ਹਾਂ ਸਵੀਕਾਰ ਕਰ ਰਹੇ ਸਨ। ਉਹ ਪਿਆਰ ਜਿਸ ਵਿੱਚ ਆਪਸੀ ਸਮਝ, ਇਕ-ਦੂਜੇ ਨੂੰ ਜਾਨਣ-ਪਹਿਚਾਨਣ ਤੇ ਸਾਥ ਮਾਨਣ ਦੀ ਚਾਹਤ ਪ੍ਰਮੁੱਖ ਸੀ ਤੇ ਬਾਕੀ ਗੱਲਾਂ ਦੁਜੈਲੀਆਂ ਸਨ। ਜਿਸ ਤਰ੍ਹਾਂ 'ਮੈਂ' ਪਾਤਰ ਜੱਸੀ ਤੇ ਆਪਣੇ ਸੰਬੰਧਾਂ ਨੂੰ ਦਰਸਾਉਂਦਾ ਹੈ, ਉਸ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਇਸ ਪਿਆਰ ਵਿੱਚ ਨਾ ਕੋਈ ਉਲਾਰ ਸੀ, ਨਾ ਵਾਸਨਾ, ਇਹ ਸਿਰਫ ਤੇ ਸਿਰਫ ਨਿਰੋਲ ਪਿਆਰ ਸੀ ! ਜਿਸ ਬਾਰੇ ਕਿਹਾ ਜਾ ਸਕਦਾ ਹੈ ਕਿ

**ਡਾ. ਜਸਵਿੰਦਰ ਕੌਰ ਬਿੰਦਰਾ**

**ਪੰਜਾਬੀ ਕਹਾਣੀ ਦੀ ਗੰਭੀਰ ਆਲੋਚਕ। ਉਸ ਨੇ ਪੰਜਾਬੀ ਕਹਾਣੀ ਵਿਚ ਮਨੋਵਿਗਿਆਨ ਨੂੰ ਬੜੀ ਗੰਭੀਰਤਾ ਨਾਲ ਸਮਝਿਆ। 'ਮਨੋਵਿਗਿਆਨ ਤੇ ਪੰਜਾਬੀ ਕਹਾਣੀ' ਉਸ ਦੀ ਪੰਜਾਬੀ ਕਹਾਣੀ ਦੀ ਮੁੱਲ ਵਾਨ ਕਿਤਾਬ। ਉਸ ਨੇ ਕੁਝ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਵੀ ਕੀਤਾ ਹੈ। ਕੁਝ ਕਿਤਾਬਾਂ ਦਿੱਲੀ ਸਕੂਲ ਲਈ ਵੀ ਤਿਆਰ ਕੀਤੀਆਂ।**

**Dr. Jasvinder Kaur Bindra, 35 Masjid Road, Jangpur Bhogal, New Delhi-110014**

'ਪਿਆਰ ਕੋ ਪਿਆਰ ਹੀ ਰਹਿਨੇ ਦੋ
ਕੋਈ ਨਾਂ ਨਾ ਦੋ।'

ਹਰੇਕ ਨੂੰ ਆਪਣੀ ਪ੍ਰੇਮਿਕਾ ਬਹੁਤ ਸੁਹਣੀ ਲੱਗਦੀ ਹੈ। ਭਾਰਤੀ ਪ੍ਰਸੰਗਾਂ ਦੇ ਪਰੰਪਰਿਕ ਮੂਲ ਵਿੱਚ ਵੀ ਇਹ ਗੱਲ ਬੜੀ ਡੂੰਘੀ ਬੈਠੀ ਹੋਈ ਹੈ ਕਿ ਨਾਇਕਾ ਬਹੁਤ ਹੀ ਸੁੰਦਰ ਹੋਣੀ ਚਾਹੀਦੀ ਹੈ ਤੇ ਸ਼ਾਇਦ ਸੁੰਦਰ ਹੋਣ ਕਾਰਣ ਹੀ ਉਹ ਨਾਇਕਾ ਬਣਨ ਦੀ ਹੱਕਦਾਰ ਵੀ ਹੁੰਦੀ ਹੈ। ਉਸੇ ਪਰੰਪਰਿਕ ਅੰਦਾਜ਼ ਕਾਰਣ ਜੱਸੀ ਸਿਰਫ ਖ਼ੂਬਸੂਰਤ ਨਹੀਂ, ਬਹੁਤ -ਬਹੁਤ ਖ਼ੂਬਸੂਰਤ ਹੈ। ਪਰ ਉਸ ਨੂੰ ਆਪਣੀ ਖ਼ੂਬਸੂਰਤੀ 'ਤੇ ਮਾਣ ਨਹੀਂ, ਉਹ ਆਪਣੀ ਖ਼ੂਬਸੂਰਤੀ ਪ੍ਰਤੀ ਜ਼ਿਆਦਾ ਚੇਤੰਨ ਨਹੀਂ। 'ਮੈਂ' ਪਾਤਰ ਉਸ ਦੀ ਖ਼ੂਬਸੂਰਤੀ ਦਾ ਵਰਨਣ ਕਰਦਿਆਂ ਉਸ ਦੇ ਨਖ-ਸ਼ਿਖ ਦਾ ਵਰਨਣ ਨਹੀਂ ਕਰਦਾ, ਪਰ ਉਸ ਦਾ ਬਿਆਨ ਕੁਝ ਇਸ ਪ੍ਰਕਾਰ ਕਰਦਾ ਹੈ ਕਿ,

"ਕਹਿੰਦੇ ਹਨ, ਖ਼ੂਬਸੂਰਤੀ ਅਸਲ ਵਿੱਚ ਖ਼ੂਬਸੂਰਤ ਚੀਜਾਂ ਵਿੱਚ ਨਹੀਂ ਹੁੰਦੀ, ਸਗੋਂ ਦੇਖਣ ਵਾਲੇ ਦੀਆਂ ਅੱਖਾਂ ਵਿੱਚ ਹੁੰਦੀ ਹੈ।...ਉਹ ਮੇਰੀਆਂ ਅੱਖਾਂ ਤੋਂ ਬਿਨਾਂ ਵੀ ਖ਼ੂਬਸੂਰਤ ਸੀ। ਬਹੁਤ ਖ਼ੂਬਸੂਰਤ। ਬਹੁਤ-ਬਹੁਤ ਖ਼ੂਬਸੂਰਤ ਸੀ।"

ਲੇਖਕ ਪ੍ਰੇਮਿਕਾ ਦੀ ਖ਼ੂਬਸੂਰਤੀ ਦਾ ਵਰਨਣ ਵੀ ਕਰਦਾ ਹੈ, ਪਰ ਐਨੇ ਸੰਜ਼ਮੀ ਭਾਵ ਨਾਲ ਕਿ ਪਾਠਕ ਆਪ ਹੀ ਸਮਝ ਜਾਣ ਕਿ ਉਹ ਕੁੜੀ ਬੇਹੱਦ ਖ਼ੂਬਸੂਰਤ ਸੀ। ਸਾਡੇ ਸਮਾਜ ਦੀ ਰੀਤ ਇਹ ਹੈ ਕਿ ਕਿਸੇ ਦੀ ਪ੍ਰੇਮਿਕਾ ਕਿਸੇ ਦੂਸਰੇ ਦੀ ਪਤਨੀ ਤਾਂ ਬਣ ਸਕਦੀ ਹੈ, ਪਰ ਕਿਸੇ ਦੀ ਪਤਨੀ ਕਿਸੇ ਦੂਸਰੇ ਦੀ ਪ੍ਰੇਮਿਕਾ ਸਹਿਜੇ ਨਹੀਂ ਬਣ ਸਕਦੀ। ਉਸ ਨੂੰ ਪ੍ਰੇਮਿਕਾ ਬਣਨ ਦਾ ਹੱਕ ਹੈ ਜਾਂ ਨਹੀਂ, ਇਹ ਇਕ ਬਿਲਕੁਲ ਦੂਸਰਾ ਵਿਸ਼ਾ ਹੈ, ਜਿੱਥੇ ਦੀ ਇੱਥੇ ਚਰਚਾ ਬੇਤੁਕੀ ਜਾਪੇਗੀ। ਜ਼ਿਕਰ ਸਮਾਜਿਕ ਰੀਤ ਦਾ ਕੀਤਾ ਜਾ ਰਿਹਾ ਹੈ ਤੇ 'ਮੈਂ' ਪਾਤਰ ਵੀ ਇਸ ਰੀਤ ਨੂੰ ਸਵੀਕਾਰ ਕਰਦਾ ਹੈ। ਉਸ ਨੇ ਇਸੇ ਕਰਕੇ ਜੱਸੀ ਨੂੰ ਕਹਿ ਦਿੱਤਾ ਸੀ ਕਿ ਉਹ ਵਿਆਹ ਮਗਰੋਂ ਨਾ ਉਸਨੂੰ ਕਦੇ ਖ਼ਤ ਪਾਏ ਤੇ ਨਾ ਹੀ ਉਹ ਕਦੇ ਮਿਲਣਗੇ। ਇਕ ਅਣਕਿਹਾ ਸਮਝੌਤਾ, ਆਪਣੇ ਦੁਆਲੇ ਖਿੱਚੀ ਅਣਵੇਖੀ ਲੱਛਮਣ-ਰੇਖਾ, ਇਹ ਅਣਵਾਹੀ ਲੱਛਮਣ-ਰੇਖਾ ਅਸਲ ਵਿੱਚ ਉਸੇ ਸਮਾਜਿਕ ਰੀਤ ਦਾ ਹੀ ਪ੍ਰਗਟਾਵਾ ਕਰਦੀ ਹੈ। ਜਿਵੇਂ ਮੈਂ ਪਾਤਰ ਕਹਿੰਦਾ ਹੈ ਕਿ ਉਸ ਦੀ ਧਰਮ ਭੈਣ ਉਸ ਨੂੰ ਹਰ ਸਾਲ ਰੱਖੜੀ ਭੇਜਿਆ ਕਰਦੀ ਸੀ ਪਰ ਵਿਆਹੇ ਜਾਣ ਮਗਰੋਂ ਉਸਨੇ ਲਿਖਿਆ ਸੀ, 'ਵੀਰ, ਮੈਨੂੰ ਹੁਣ ਕੋਈ ਚਿੱਠੀ ਨਾ ਲਿਖੀ, ਮਰਦ ਦੇ ਸੁਭਾਅ ਦਾ ਕੀ ਪਤਾ...।'

ਇਹੀ ਗੱਲ ਉਸ ਨੇ ਜੱਸੀ ਨੂੰ ਵਿਛੜਨ ਲੱਗਿਆ ਕਹੀ ਸੀ ਤੇ ਦੋਵੇਂ ਬਿਨਾ ਜਜ਼ਬਾਤੀ ਤੇ ਉਲਾਰ ਹੋਏ ਵੱਖਰੇ ਹੋ ਗਏ ਤੇ ਮੁੜ ਉਹ ਕਦੇ ਨਾ ਮਿਲੇ।

ਇਕ ਵਾਰ ਉਸ ਦੇ ਦੋਸਤ ਰਾਜੂ ਨੇ ਜਦੋਂ ਜੱਸੀ ਨੂੰ ਉਸ ਨੇ ਪਤੀ ਨਾਲ ਲੁਧਿਆਣੇ ਸਟੇਸ਼ਨ ਤੇ ਵੇਖਿਆ ਤਾਂ ਉਸ ਨੇ ਉਥੋਂ ਸਟੇਸ਼ਨ ਤੋਂ ਹੀ ਮਿੱਤਰ ਨੂੰ ਇਕਸੱਤਰੀ ਚਿੱਠੀ ਲਿਖੀ, "ਹੁਣੇ ਜੱਸੀ ਨੂੰ



ਲੁਧਿਆਣੇ ਸਟੇਸ਼ਨ ਉਤੇ ਦੇਖਿਆ ਹੈ, ਦਿਲ ਕਰਦਾ ਹੈ, ਆਪਣੀਆਂ ਅੱਖਾਂ ਤੈਨੂੰ ਭੇਜ ਦਿਆ।' ਇਸ ਇਕਸੱਤਰੀਂ ਚਿੱਠੀ ਤੋਂ ਹੀ ਮੈਂ ਪਾਤਰ ਨੂੰ ਕਈ ਸਾਲਾਂ ਮਗਰੋਂ ਜੱਸੀ ਬਾਰੇ ਕੋਈ ਸੂਚਨਾ ਮਿਲੀ ਸੀ। ਪਰ ਮੈਂ ਪਾਤਰ ਨੂੰ ਕਿਸੇ ਹੋਰ ਦੀਆਂ ਅੱਖਾਂ ਨਾਲ ਜੱਸੀ ਨੂੰ ਵੇਖਣ ਦੀ ਲੋੜ ਹੀ ਕੋਈ ਨਹੀਂ ਸੀ। ਉਹ ਹਰ ਵੇਲੇ ਸਮੂਰਤ ਉਸ ਸਾਹਮਣੇ ਮੌਜੂਦ ਰਹਿੰਦੀ ਸੀ। ਉਸ ਨੂੰ ਵੇਖਣ ਲਈ ਨਾ ਐਲਬਮ ਵਿੱਚ ਲੱਗੀ ਉਸ ਦੀ ਫੋਟੋ ਵੇਖਣ ਦੀ ਲੋੜ ਸੀ ਤੇ ਨਾ ਹੀ ਅੱਖਾਂ ਬੰਦ ਕਰ ਕੇ ਉਸ ਦੇ ਨੈਣ-ਨਕਸ਼ ਚਿਤਾਰਨ ਦੀ। ਉਹ ਅਜੇ ਤਕ ਉਂਜ ਦੀ ਉਂਜ ਉਸ ਦੀਆਂ ਅੱਖਾਂ ਵਿੱਚ ਸਮਾਈ ਹੋਈ ਸੀ। ਸਹਿਜਤਾ ਨਾਲ ਸਾਹਾਂ ਵਿੱਚ ਰਚੀ-ਮਿਚੀ, ਜਿਸ ਲਈ ਕਿਸੇ ਉਚੇਚ ਦੀ ਕੋਈ ਲੋੜ ਕਦੇ ਨਾ ਜਾਪੀ।

ਪਰ ਰਾਜੂ ਦੇ ਸ਼ਹਿਰ ਵਿੱਚ ਜੱਸੀ ਦੇ ਪਤੀ ਦੀ ਬਦਲੀ ਹੋ ਜਾਣ ਮਗਰੋਂ ਰਾਜੂ ਵਲੋਂ ਭੇਜੇ ਸੁਨੇਹੇ ਨੇ ਉਸ ਅੰਦਰ ਐਨੇ ਸਾਲਾਂ ਮਗਰੋਂ ਜੱਸੀ ਨੂੰ ਇਕ ਵਾਰ ਮਿਲਣ ਦੀ ਤਾਂਘ ਨੂੰ ਹਵਾ ਦੇ ਦਿੱਤੀ। ਕਾਫੀ ਸੋਚ-ਵਿਚਾਰ ਮਗਰੋਂ ਉਹ ਰਾਜੂ ਦੇ ਸ਼ਹਿਰ ਪਹੁੰਚ ਗਿਆ। ਰਾਜੂ ਆਪਣੇ ਪੈਰ ਵਿੱਚ ਆਈ ਮੋਚ ਕਾਰਨ ਬਿਸਤਰੇ 'ਚ ਸੀ। ਉਥੇ ਉਸ ਦੀ ਮੁਲਾਕਾਤ ਉਸ ਦੀ ਰਾਜੂ ਦੀ ਭੂਆ ਦੀ ਧੀ ਜਗਜੀਤ ਨਾਲ ਹੋਈ। ਜਗਜੀਤ ਨੇ ਤਾਂ ਮੈਂ ਪਾਤਰ ਨੂੰ ਵੇਖਦੇ ਹੀ ਪਛਾਣ ਲਿਆ, ਪਰ ਪਾਤਰ ਨੂੰ ਉਹ ਚਿਹਰਾ ਕੁਝ ਜਾਣਿਆ-ਪਛਾਇਆ ਲੱਗਣ ਦੇ ਬਾਵਜੂਦ ਅੱਖਾਂ ਵਿੱਚ ਕੋਈ ਪਛਾਣ ਨਾ ਉਭਰੀ। ਜਦੋਂ ਰਾਜੂ ਨੇ ਉਸ ਦੇ ਘਰ ਦੇ ਪਿਆਰ ਦੇ ਨਾਂ 'ਪੂਤਲੀ' ਦਾ ਜ਼ਿਕਰ ਕੀਤਾ ਤਾਂ ਪਾਤਰ ਦੀਆਂ ਅੱਖਾਂ ਅੱਗੇ ਜਵਾਨ ਮੁਟਿਆਰ ਪੂਤਲੀ ਦਾ ਚਿਹਰਾ ਘੁੰਮ ਗਿਆ, ਜਿਹੜੀ ਬੜੀ ਸੋਹਣੀ ਤੇ ਚੰਚਲ ਸੀ, ਪਰ ਹੁਣ ਦੀ ਇਹ ਔਰਤ ਕੋਈ ਉਪਰੀ ਤੇ ਬੇਪਛਾਣ ਜਿਹੀ ਸੀ ਕਿਉਂਕਿ , 'ਇਸ ਦਾ ਅੱਧਾ ਸਿਰ ਚਿੱਟਾ, ਅੱਖਾਂ ਦੁਆਲੇ ਕਾਲੇ ਘੇਰੇ, ਬਦਰੰਗ ਬੁੱਲ੍ਹ, ਢਲੀਆਂ ਹੋਈਆਂ ਛਾਤੀਆਂ ਤੇ ਖ਼ਮੀਰਿਆ ਹੋਇਆ ਸਰੀਰ 'ਤੇ ਕਿੱਥੇ ਉਹ ਗਠੇ ਤੇ ਲਚਕਦਾਰ ਸਰੀਰ ਵਾਲੀ ਪੂਤਲੀ। ਰੋਟੀ ਖਾਣ ਮਗਰੋਂ ਪਾਤਰ ਉਨ੍ਹਾਂ ਸਾਰਿਆਂ ਤੋਂ ਆਗਿਆ ਲੈ ਆਪਣੇ ਪਿੰਡ ਲਈ ਤੁਰ ਪਿਆ। ਪੈਰ ਬੱਝੇ ਹੋਣ ਕਾਰਣ ਰਾਜੂ ਆਪਣੀ ਪਤਨੀ ਤੇ ਭੈਣ ਕਾਰਣ ਪਾਤਰ ਨਾਲ ਖੁੱਲ੍ਹ ਕੇ ਕੋਈ ਗੱਲ ਵੀ ਨਾ ਕਰ ਸਕਿਆ।

ਇਸ ਕਹਾਣੀ ਦਾ ਬਗੈਰ ਕੁਝ ਕਹੇ ਦਾ ਅੰਤ ਬਹੁਤ ਕੁਝ ਕਹਿ ਜਾਂਦਾ ਹੈ ਤੇ ਇਸ ਕਹਾਣੀ ਨੂੰ ਅਸਾਧਾਰਣ ਬਣਾਉਂਦਾ ਹੈ। 'ਮੈਂ ਗਜਨਵੀਂ ਨਹੀਂ' ਇਸ ਦਾ ਸਿਰਲੇਖ ਫਿਰ ਬਹੁਤ ਕੁਝ ਸਮਝਾਉਣ ਲੱਗਦਾ ਹੈ। 'ਗਜਨਵੀ' ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਕਈ ਮੰਦਰਾਂ ਨੂੰ ਤਬਾਹ ਕਰ ਮੂਰਤੀਆਂ ਨੂੰ ਖੰਡਿਤ ਕਰ ਦਿੱਤਾ ਸੀ। ਪੂਤਲੀ ਨੂੰ ਮਿਲਣ ਬਾਅਦ ਮੈਂ ਪਾਤਰ ਆਪਣੀਆਂ ਅੱਖਾਂ ਵਿੱਚ ਸਮਾਈ ਜੱਸੀ ਦੀ ਮਨੋਹਾਰੀ ਮੂਰਤ ਨੂੰ ਖੰਡਿਤ ਨਹੀਂ ਕਰਨਾ ਚਾਹੁੰਦਾ, ਇਸ ਲਈ ਉਹ ਜੱਸੀ ਨੂੰ ਬਿਨਾਂ ਮਿਲੇ ਹੀ ਉਥੋਂ ਵਾਪਸ ਪਰਤ ਆਉਂਦਾ ਹੈ। ਜ਼ਾਹਿਰ ਗੱਲ ਹੈ ਕਿ ਕਈ ਵਰ੍ਹੇ ਬੀਤਣ ਮਗਰੋਂ ਜੱਸੀ ਉਹੋ ਪਹਿਲੇ ਵਰਗੀ ਨਹੀਂ ਰਹਿ ਗਈ ਹੋਏਗੀ। ਉਸ ਵਿੱਚ ਬਹੁਤ ਸਾਰੇ ਸਰੀਰਕ ਪਰਿਵਰਤਨ ਆ ਚੁੱਕੇ ਹੋਣਗੇ, ਢਿਲਕਿਆਂ ਸਰੀਰ, ਮੁਰਝਾਇਆ ਚਿਹਰਾ... ਕੁਝ ਵੀ ਹੋ ਸਕਦਾ ਹੈ। ਜੇ ਉਹ ਹੁਣ ਵਾਲੀ ਜੱਸੀ ਨੂੰ ਵੇਖ ਲਵੇਗਾ ਤਾਂ ਉਸ ਪੁਰਾਣੀ ਜੱਸੀ ਦੀ ਸੁਹਣੀ ਮੂਰਤ ਖੰਡ-ਖੰਡ ਹੋ ਕੇ ਬਿਖਰ ਜਾਏਗੀ। ਹੁਣ ਦੀ ਜੱਸੀ ਵਿੱਚ ਪੁਰਾਣੀ ਜੱਸੀ ਨੂੰ ਤਲਾਸ਼ ਕਰਨਾ ਮੁਸ਼ਕਿਲ ਹੋਏਗਾ। ਵੈਸੇ ਵੀ ਕਿਸੇ ਦੀ ਪਤਨੀ ਵਿੱਚੋਂ ਆਪਣੀ ਪ੍ਰੇਮਿਕਾ ਲੱਭਣਾ ਵੀ ਖਤਰਨਾਕ ਵਿਚਾਰ ਹੈ। ਇਸੇ ਲਈ ਮੈਂ ਪਾਤਰ ਆਉਣ ਵਾਲੀ ਨਵੀਂ ਸਥਿਤੀ ਦਾ ਮੁਕਾਬਲਾ ਕਰਨ ਵਿੱਚ ਆਪਣੇ-ਆਪ ਨੂੰ ਅਸਮੱਰਥ ਪਾਉਂਦਾ ਹੈ। ਮੂਰਤੀਆਂ ਖੰਡਿਤ ਕਰਨ ਲਈ ਬਦਨਾਮ ਰਹੇ ਗਜਨਵੀਂ ਨਾਲ ਰਲਣ ਦੀ ਬਜਾਏ ਉਹ ਆਪਣਾ ਆਪ ਕਿਨਾਰੇ ਕਰ ਲੈਣਾ ਬਿਹਤਰ ਸਮਝਦਾ ਹੈ।

ਲੇਖਕ ਨੇ ਜੱਸੀ ਤੋਂ ਪਹਿਲਾਂ ਪੂਤਲੀ ਨਾਲ ਉਸ ਨੂੰ ਮਿਲ ਕੇ ਉਸ ਦੀਆਂ ਅੱਖਾਂ ਵਿੱਚ ਸਾਂਭੀ-

ਸਮੂਰਤ ਮੂਰਤ ਨੂੰ ਤੋੜਨ ਤੋਂ ਰੋਕ ਦਿੱਤਾ। ਵੇਖਣ ਵਿੱਚ ਇੰਜ ਲੱਗਦਾ ਹੈ ਕਿ ਪੂਤਲੀ ਦਾ ਤਾਂ ਕੇਂਦਰੀ ਕਹਾਣੀ ਨਾਲ ਕੋਈ ਸਿੱਧਾ ਰਾਬਤਾ ਵੀ ਨਹੀਂ ਸੀ। ਉਹ ਅਚਾਨਕ ਹੀ ਆ ਕੇ ਬਸ ਮੈਂ ਪਾਤਰ ਨੂੰ ਆਉਣ ਵਾਲੀ ਸਥਿਤੀ ਲਈ ਸੁਚੇਤ ਕਰ ਗਈ। ਹਾਲਾਂਕਿ ਪੂਤਲੀ ਕਾਰਣ ਕਹਾਣੀ ਵਿੱਚ ਕੀ ਮੋੜ ਆ ਜਾਂਦਾ ਹੈ ਇਸ ਤੋਂ ਪੂਤਲੀ ਆਪ ਤੇ ਰਾਜੂ ਵੀ ਅਨਜਾਣ ਹਨ। ਪਰ ਪੂਤਲੀ ਰਾਹੀਂ ਲੇਖਕ ਕਹਾਣੀ ਨੂੰ ਇਕ ਨਵਾਂ ਮੋੜ ਦੇਣ ਵਿੱਚ ਸਹਾਈ ਹੁੰਦਾ ਹੈ। ਪੂਤਲੀ ਅਚਾਨਕ ਹੀ ਕਹਾਣੀ ਨੂੰ ਇਕ ਨਵਾਂ ਅਰਥ ਪ੍ਰਦਾਨ ਕਰ ਜਾਂਦੀ ਹੈ।

ਪੂਤਲੀ ਤੇ ਗਜਨਵੀ ਦਾ ਆਪਸੀ ਸੰਬੰਧ ਬੜਾ ਨੇੜਲਾ ਪ੍ਰਤੀਤ ਹੁੰਦਾ ਹੈ, ਪਰ ਮੈਂ ਪਾਤਰ ਗਜਨਵੀ ਬਨਣ ਲਈ ਤਿਆਰ ਨਹੀਂ। ਐਨੀ ਜ਼ਿੰਦਗੀ ਉਸਨੇ ਖ਼ੂਬਸੂਰਤ ਜੱਸੀ ਦੀ ਯਾਦ ਵਿੱਚ ਗੁਜ਼ਾਰੀ ਹੈ, ਉਮਰ ਦੇ ਤੀਜੇ ਪੜਾਅ ਤੇ ਖੜੇ ਹੋ , ਹੁਣ ਉਸ ਵਿੱਚ ਨਵਾਂ ਸਿਰਜਣ ਤੇ ਪੁਰਾਣੇ ਦੇ ਖੰਡਿਤ ਹੋ ਜਾਣ ਦੇ ਦਰਦ  ਝੱਲਣ ਦੀ ਸਮਰੱਥਾ ਨਹੀਂ ਰਹੀ। ਉਹ ਆਪਣੀ ਬਾਕੀ ਜ਼ਿੰਦਗੀ ਵੀ ਉਸੇ ਸੂਰਤ ਤੇ ਮੂਰਤ ਨਾਲ ਹੀ ਗੁਜ਼ਾਰਨਾ ਚਾਹੁੰਦਾ ਹੈ। ਭਾਵੇਂ ਰਾਜੂ ਉਸ ਦਾ ਮੰਤਵ ਸਮਝ ਨਹੀਂ ਪਾਉਂਦਾ। ਰਾਜੂ ਆਪਣਾ ਮੰਤਵ ਉਥੋਂ ਵੀ ਸਮਝ ਨਹੀਂ ਪਾਉਂਦਾ। ਜਦੋਂ ਉਹ ਆਪਣੀਆਂ ਅੱਖਾਂ ਮਿੱਤਰ ਨੂੰ ਭੇਜਣ ਦੀ ਗੱਲ ਇਕਸੱਤਰੀ ਚਿੱਟੀ ਰਾਹੀਂ ਕਰਦਾ ਹੈ। ਜੇ ਰਾਜੂ ਦੀਆਂ ਅੱਖਾਂ ਜੱਸੀ ਨੂੰ ਹੁਣ ਵੇਖ ਰਹੀਆਂ ਹਨ ਤਾਂ ਉਸਦੇ ਮਿੱਤਰ ਦੀਆਂ ਅੱਖਾਂ 'ਚੋਂ ਜੱਸੀ ਕਦੇ ਕਿੱਧਰੇ ਗਈ ਹੀ ਨਹੀਂ ਸੀ। ਇਸੇ ਲਈ ਕਿਸੇ ਹੋਰ ਦੀਆਂ ਅੱਖਾਂ ਨਾਲ ਵੇਖਣ ਦੀ ਲੋੜ ਹੀ ਬਾਕੀ ਨਹੀਂ ਸੀ। ਤਾਰਿਆਂ ਭਰਿਆ ਆਸਮਾਨ ਵੇਖਣ ਲਈ ਹਰ ਵਾਰੀ ਰਾਤ ਦਾ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੁੰਦੀ ਉਸ ਨੂੰ ਕਿਸੇ ਵੀ ਵੇਲੇ ਅੱਖਾਂ ਬੰਦ ਕਰ ਕੇ ਦੇਖਿਆ ਜਾ ਸਕਦਾ ਹੈ ਤੇ ਨਾ ਹੀ ਕਿਸੇ ਹੋਰ ਦੀਆਂ ਅੱਖਾਂ ਨਾਲ ਵੇਖਣ ਦੀ ਲੋੜ ਹੁੰਦੀ ਹੈ। ਪਰ ਫਿਰ ਵੀ ਰਾਜੂ ਦਾ ਲਿਖਿਆ ਭਾਵ ਬੜਾ ਹੀ ਪਿਆਰਾ ਹੈ। ਇਹ ਇਕ ਸਤਰ ਆਪਣੇ ਆਪ ਵਿੱਚ ਨਾ ਸਿਰਫ਼ ਪੂਰਣ ਹੈ, ਸਗੋ ਆਪਣੇ ਭਾਵਾਂ ਦੇ ਪ੍ਰਗਟਾਓ ਤੋਂ ਕਿਤੇ ਵੱਧ ਅਸਰ ਰੱਖਦੀ ਹੈ। ਇਸ ਸੱਤਰ ਨੂੰ ਲੇਖਕਾਂ ਆਲੋਚਕਾਂ ਵਲੋਂ ਕਈ ਵਾਰ ਵਰਤਿਆ ਵੀ ਗਿਆ।

ਬਗੈਰ ਲੰਮੇ-ਚੌੜੇ ਵਖਿਆਨਾਂ ਤੇ ਖਿਲੇਰੇ ਦੇ ਕਹਾਣੀ ਆਪਣੇ ਸਿਰਲੇਖ ਨੂੰ ਸਾਰਥਕ ਕਰਦੀ ਬਹੁਤ ਕੁਝ ਕਹਿ ਆਉਣ ਵਾਲੀ ਕਿਸੇ ਸਥਿਤੀ ਪ੍ਰਤੀ ਸੋਝੀ ਕਰਵਾ ਹਲੂਣਾ ਦੇ ਜਾਂਦੀ ਹੈ।

o

## ਸਮੇਂ ਉਤੇ ਵਿਜੈ ਦੀ ਗਾਥਾ / ਗੁਰਬਚਨ ਸਿੰਘ ਭੁੱਲਰ

ਲੰਮੇ ਵਿਛੋੜੇ ਮਗਰੋਂ ਪ੍ਰੇਮੀਆਂ ਦੇ ਮੇਲ ਦੀ ਆਪਣੀ ਹੀ ਮਾਇਆ ਹੈ। ਕਈ ਸੂਰਤਾਂ ਵਿਚ ਮੇਲ ਦੀ ਤਾਂਘ ਮਿਰਗ-ਜਲ ਬਣ ਕੇ ਰਹਿ ਜਾਂਦੀ ਹੈ। ਮਹਾਂਕਵੀ ਗ਼ਾਲਿਬ ਨੇ ਇਸੇ ਸਥਿਤੀ ਨੂੰ ਸ਼ਬਦ ਦਿੰਦਿਆਂ ਹਉਕਾ ਲਿਆ ਸੀ ਕਿ ਸੱਜਨ ਦਾ ਮੇਲ ਮੇਰੀ ਕਿਸਮਤ ਵਿਚ ਹੀ ਨਹੀਂ ਸੀ ਜਿਸ ਕਰਕੇ ਜੇ ਹੋਰ ਜਿਉਂਦੇ ਰਹਿੰਦੇ , ਇਹੋ ਉਡੀਕ ਬਣੀ ਰਹਿਣੀ ਸੀ। ਪਰ ਜਿਥੇ ਮੇਲ ਹੁੰਦਾ ਵੀ ਹੈ, ਉਹ ਵੀ ਕਈ ਰੂਪ ਧਾਰਦਾ ਹੈ। ਖ਼ਾਸ ਕਰਕੇ ਉਹਨਾਂ ਲਈ ਜਿਨ੍ਹਾਂ ਨੂੰ ਜੀਵਨ ਦੇ ਕਿਸੇ ਦੁਰਾਹੇ ਉਤੇ ਪੁੱਜ ਕੇ ਵੱਖਰੇ ਅਤੇ ਪਾਟਵੇਂ ਰਾਹ ਅਪਣਾਉਣੇ ਪੈਂਦੇ ਹਨ। ਜੇ ਇਹ ਦੁਰਾਹਾ ਦੋਵਾਂ ਦੇ ਹੋਰ ਥਾਂਈਂ ਵਿਆਹਾਂ ਦੇ ਰੂਪ ਵਿਚ ਹੋਵੇ ਤਾਂ ਰਾਹ ਹੋਰ ਵੀ ਵਧੀਕ ਪਾਟਵੇਂ ਹੋ ਜਾਂਦੇ ਹਨ।

ਪੁਨਰ-ਮਿਲਨ ਤਦ ਹੀ ਸੰਭਵ ਹੈ ਜੇ ਸੇਧ ਬਦਲ ਕੇ ਦੋਵੇਂ ਰਾਹ ਫੇਰ ਇਕ ਦੂਜੇ ਨੂੰ ਜਾ ਮਿਲਣ। ਪਰ ਅਜਿਹਾ ਮੇਲ ਦੁਰਘਟਨਾਵਾਂ ਦੀ ਸੰਭਾਵਨਾ ਨਾਲ ਭਰਪੂਰ ਹੁੰਦਾ ਹੈ। ਇਹ ਸੰਭਾਵਨਾ ਤਕ ਖ਼ਤਮ ਹੋ ਸਕਦੀ ਹੈ ਜੇ ਕੋਈ ਪ੍ਰੇਮ-ਗੁੜ ਦੇ ਸੁਆਦ ਨੂੰ, ਵਾਰਿਸ਼ ਸ਼ਾਹ ਦੇ ਉਪਦੇਸ਼ ਅਨੁਸਾਰ



ਜੱਗ ਕੋਲੋਂ ਛੁਪਾ ਸਕਣ ਦੇ ਸਮਰਥ ਹੋਵੇ। ਪਰ ਇਹ ਕੰਮ ਸਮਾਜ ਦੀ ਤਿੱਖੀ ਅੱਖ ਹੇਠ ਏਨਾਂ ਸੌਖਾ ਨਹੀਂ ਹੁੰਦਾ।

ਕੁਝ ਵਿਆਕਤੀ ਦੁਰਘਟਨਾ ਜਾਂ ਚੋਰੀ ਨੂੰ ਅਪਰਵਾਨ ਕਰਦਿਆਂ ਆਪਣੇ ਆਪਣੇ ਰਾਹ ਤੁਰੇ ਜਾਣਾ ਹੀ ਠੀਕ ਸਮਝਦੇ ਹਨ। ਇਹਨੂੰ ਸਹਿਜ-ਪਿਆਰ ਵੀ ਕਿਹਾ ਜਾ ਸਕਦਾ ਹੈ, ਜੀਵਨ ਦੇ ਯਥਾਰਥ ਦੀ ਪਰਵਾਨਗੀ ਵੀ ਅਤੇ ਅਤੀਤ ਨੂੰ ਪਿੱਛੇ ਛੱਡ ਸਕਣ ਦੀ ਸਿਆਣਪ ਵੀ। ਪਰ ਅਤੀਤ ਪੂਰੀ ਤਰ੍ਹਾਂ ਪਿਛੇ ਛੁਟਦਾ ਨਹੀਂ। ਅਤੀਤ ਦਾ ਇਕ ਪਰਛਾਵਾਂ ਜਿਹਾ ਵਰਤਮਾਨ ਦੇ ਨਾਲ ਨਾਲ ਤੁਰਦਾ ਰਹਿੰਦਾ ਹੈ। ਕੁਝ ਅਜਿਹਾ ਹੀ ਮੇਰੀ ਕਹਾਣੀ 'ਮੈਂ ਗ਼ਜ਼ਨਵੀ ਨਹੀਂ' ਵਿਚ ਵਾਪਰਦਾ ਹੈ।

ਨਾਇਕ ਵਿਆਹਿਆ ਹੋਇਆ ਹੈ, ਪਰ ਜਜ਼ਬਾਤੀ ਹੈ ਜਿਸਨੂੰ ਸਹਿਜ-ਪ੍ਰੀਤ ਦੀਆਂ ਗੱਲਾਂ ਨੀਰਸ ਅਤੇ ਬੇਤੁਕੀਆਂ ਲਗਦੀਆਂ ਹਨ। ਨਾਇਕਾ, ਜਿਸਦੀ ਮੰਗਣੀ ਹੋ ਚੁੱਕੀ ਹੈ, ਸਾਦਗੀ ਤੇ ਨਿਰਛਲਤਾ ਦੀ ਮੂਰਤ ਹੋਣ ਦੇ ਨਾਲ-ਨਾਲ ਦੁਨਿਆਵੀ ਪੱਖੋਂ ਸੂਝਵਾਨ ਹੈ। ਆਮ ਵਰਤਾਰੇ ਦੇ ਉਲਟ ਇਹ ਨਾਇਕਾ ਦਾ ਵਿਅਕਤਿਤਵ ਹੈ ਜੋ ਨਾਇਕ ਦੇ ਸੁਭਾਅ ਵਿਚ ਸੁਖਾਵੀਂ ਤਬਦੀਲੀ ਦਾ ਕਾਰਨ ਬਣਦਾ ਹੈ। ਤੇਜ਼-ਤੇਜ਼ ਅਤੇ ਅਰੁਕ-ਅਮੋੜ ਪਹਾੜੀ ਨਾਲੇ ਵਰਗੇ ਸੁਭਾਅ ਵਾਲਾ ਨਾਇਕ ਆਪ ਵੀ ਅਨੁਭਵ ਕਰਦਾ ਹੈ ਕਿ ਉਹ ਨਾਇਕਾ ਦੇ ਪ੍ਰਭਾਵ ਸਦਕਾ ਪੱਧਰੇ ਮੈਦਾਨ ਵਿਚ ਆ ਉੱਤਰੇ ਹੋਣ ਵਾਂਗ ਅਬੋਲ-ਅਵੇਗ ਠਰ੍ਹੰਮੇ ਨਾਲ ਵਗਣ ਲਗਦਾ ਹੈ।

ਕਿਸੇ ਦੂਰ-ਦੁਰਾਡੇ ਸ਼ਹਿਰ ਜਾ ਵਸੀ ਨਾਇਕਾ ਦਾ ਵਿਆਹ ਹੋ ਜਾਂਦਾ ਹੈ ਤਾਂ ਨਾਇਕ ਉਹਦੇ ਸ਼ਾਂਤ-ਸਰੋਵਰ ਵਰਗੇ ਜੀਵਨ ਵਿਚ ਪੱਥਰ ਬਣ ਕੇ ਡਿੱਗਣ ਦਾ ਚਾਹਵਾਨ ਨਹੀਂ। ਉਹ ਨਾ ਕਦੀ ਚਿੱਠੀ ਲਿਖਦਾ ਹੈ ਅਤੇ ਨਾ ਉਹਦੀ ਕੋਈ ਖ਼ਬਰ-ਸਾਰ ਰੱਖਣ ਦਾ ਹੀ ਜਤਨ ਕਰਦਾ ਹੈ। ਤਦ ਵੀ ਉਹਦਾ ਖ਼ੂਬਸੂਰਤ ਚਿਹਰਾ ਉਦੇ ਮਨ ਵਿਚ ਸਦਾ ਸੱਜਰਾ ਬਣਿਆ ਰਹਿੰਦਾ ਹੈ। ਇਸੇ ਕਰਕੇ ਉਹ ਸਬੱਬ ਨਾਲ ਬਣੇ ਇਕ ਸੁਰੱਖਿਅਤ ਮੁਲਾਕਾਤ ਦੇ ਮੌਕੇ ਨੂੰ ਖੁੰਝਾਉਣਾ ਨਹੀਂ ਚਾਹੁੰਦਾ।

ਸਮਾਂ ਪਰ ਬੜਾ ਬਲਵਾਨ ਹੈ। ਇਹ ਸਭ ਕੁਝ ਨੂੰ ਆਪਣੇ ਨੇਮਾਂ ਅਨੁਸਾਰ ਚਲਾਉਂਦਾ ਹੈ। ਕੁਝ ਵੀ ਸਥਿਰ ਨਹੀਂ। ਕੁਝ ਵੀ ਅਬਦਲ ਨਹੀਂ। ਨਾਇਕ ਇਹ ਜਾਣਦਿਆਂ ਹੋਇਆ ਵੀ ਨਾਇਕਾ ਦੇ ਰੂਪ ਦੀਆਂ ਅਟੱਲ ਤਬਦੀਲੀਆਂ ਬਾਰੇ ਜਾਗਰਿਤ ਨਹੀਂ। ਇਹ ਜਾਗ ਉਸ ਸਮੇਂ ਆਉਂਦੀ ਹੈ ਜਦੋਂ ਉਹਨਾਂ ਹੀ ਭਲੇ ਸਮਿਆਂ ਦੀ ਇਕ ਹੋਰ ਸੁੰਦਰਤਾ, ਜਗਜੀਤ ਅਰਥਾਤ ਪੂਤਲੀ ਅਚਾਨਕ ਉਹਦੇ ਸਾਹਮਣੇ ਆਉਂਦੀ ਹੈ। ਪੂਤਲੀ, ਉਸ ਸਮੇਂ ਜਿਸਦੇ ਧਰਤੀ ਨੂੰ ਛੋਹਣ ਲਈ ਵਿਆਕੁਲ ਕਾਲੇ-ਸਿਆਹ ਵਾਲ਼ ਸਨ, ਗੋਰਾ ਰੰਗ ਸੀ, ਹਰਨੋਟੀ ਵਰਗੀਆਂ ਅੱਖਾਂ ਸਨ, ਪਲਪੀਸੀਆਂ ਵਰਗੇ ਬੁੱਲ੍ਹ ਸਨ ਅਤੇ ਗੱਠਵਾਂ ਲਚਕਦਾਰ ਸਰੀਰ ਸੀ। ਪੂਤਲੀ, ਹੁਣ ਜਿਸਦਾ ਅਧ-ਚਿੱਟਾ ਸਿਰ ਹੈ, ਅੱਖਾਂ ਦੁਆਲੇ ਕਾਲੇ ਘੇਰੇ ਹਨ, ਬਦਰੰਗ ਬੁੱਲ੍ਹ ਹਨ, ਢਲੀਆਂ ਹੋਈਆਂ ਛਾਤੀਆਂ ਹਨ ਅਤੇ ਖ਼ਮੀਰਿਆ ਹੋਇਆ ਸਰੀਰ ਹੈ। ਸਮੇਂ ਨੇ ਪੂਤਲੀ ਦੀ ਖ਼ੂਬਸੂਰਤ ਮੂਰਤੀ ਭੰਨ-ਤੋੜ ਕੇ ਹੋਰ ਦੀ ਹੋਰ ਬਣਾ ਦਿੱਤੀ ਹੈ!

ਨਾਇਕ ਦੇ ਮਨ ਵਿਚ ਵਸੀ ਹੋਈ ਨਾਇਕਾ ਦੀ ਮੂਰਤੀ ਜਿਓਂ ਦੀ ਤਿਉਂ ਲਿਸਲਿਸ਼ ਕਰਦੀ ਹੈ। ਉਸ ਉਤੇ ਅਜੇ ਤੱਕ ਸਮੇਂ ਦਾ ਕੋਈ ਜ਼ੋਰ ਨਹੀਂ ਚਲਿਆ। ਨਾਇਕਾ ਨੂੰ ਮਿਲ ਕੇ, ਦੇਖ ਕੇ ਨਾਇਕ ਸਮੇਂ ਦੇ ਹਥੌੜੇ ਨੂੰ ਆਪਣੇ ਦਿਲ ਵਿਚ ਸਾਂਭੀ ਹੋਈ ਅਖੰਡ ਮੂਰਤੀ ਤੱਕ ਪੁੱਜਣ ਦਾ ਰਾਹ ਨਹੀਂ ਦੇਣਾ ਚਾਹੁੰਦਾ। ਕਹਾਣੀ ਦੇ ਅੰਤ ਉਤੇ ਚੁੱਕੇ ਆਪਣੇ ਕਦਮ ਰਾਹੀਂ ਉਹ ਸਮੇਂ ਉਤੇ ਵਿਜੈ ਪਾਉਣ ਵਿਚ ਸਫਲ ਰਹਿੰਦਾ ਹੈ।

o

## ਕਹਾਣੀ / ਮੈਂ ਗ਼ਜ਼ਨਵੀ ਨਹੀਂ / ਗੁਰਬਚਨ ਸਿੰਘ ਭੁੱਲਰ

ਏਨੇਂ ਸਾਲਾਂ ਮਗਰੋਂ ਜੱਸੀ ਨੂੰ ਮਿਲਣ ਜਾਣਾ ਬੜਾ ਅਜੀਬ ਲੱਗ ਰਿਹਾ ਹੈ। ਮੇਰੇ ਲਈ ਇਹ ਆਪਣੇ ਦੁਆਲੇ ਆਪੇ ਖਿੱਚੀ ਲਛਮਣ-ਕਾਰ ਨੂੰ ਉਲੰਘ ਕੇ ਬਾਹਰ ਨਿਕਲਣ ਵਾਲੀ ਗੱਲ ਹੈ।

ਏਨੇਂ ਸਾਲ ਨਾ ਮਿਲਣ ਦੀ ਕੋਈ ਮਜਬੂਰੀ ਵੀ ਨਹੀਂ ਸੀ ਅਤੇ ਕੋਈ ਦੋ-ਟੁੱਕ ਸਹੁੰ ਵੀ ਨਹੀਂ ਸੀ ਚੁੱਕੀ ਹੋਈ। ਬੱਸ ਉਂਜ ਹੀ ਮਨ ਵਿਚ ਇਕ ਫ਼ੈਸਲਾ ਹੋ ਗਿਆ ਸੀ। ਆਪਣੇ ਆਪ, ਸੁਤੇ-ਸਿਧ, ਅਣ ਕੀਤਾ ਜਿਹਾ ਫ਼ੈਸਲਾ। ਉਂਝ ਤਾਂ ਜੇ ਸੋਚਿਆ ਜਾਵੇ, ਗੱਲ ਇਹ ਵੀ ਸੀ ਕਿ ਉਹ ਕਦੀ ਵੱਖ ਜਾਂ ਦੂਰ ਲੱਗੀ ਹੀ ਨਹੀਂ ਸੀ। ਇਕ ਅਨੋਖੀ ਸਹਿਜਤਾ ਨਾਲ ਉਹ ਮੇਰੇ ਨੇੜੇ-ਨੇੜੇ ਰਹੀ ਸੀ। ਦੂਰ ਹੁੰਦਿਆਂ ਵੀ ਸੋਚਾਂ ਵਿਚ ਨੇੜੇ।

ਇਹ ਤਾਂ ਕਲਪਿਆ ਵੀ ਨਹੀਂ ਜਾ ਸਕਦਾ ਕਿ ਮੈਂ ਜੱਸੀ ਨਾਲ ਆਪਣੇ ਨਾਤੇ ਨੂੰ ਐਵੇਂ ਮਹੱਤਵਹੀਣ ਘਟਨਾ ਸਮਝ ਕੇ ਜਾਂ ਆਪਣੀ ਜੀਵਨ-ਪੁਸਤਕ ਦਾ ਪੂਰਾ ਹੋ ਚੁੱਕਿਆ ਕਾਂਡ ਸਮਝ ਕੇ ਉਹਦੇ ਵਰਕੇ ਪਲਟ ਚੁਕਿਆ ਹੋਵਾਂ। ਇਹਦੇ ਉਲਟ ਜਦੋਂ ਵੀ ਉਹ ਯਾਦ ਆਉਂਦੀ ਸੀ, ਉਹੋ ਗੀਤ ਹੁਣ ਵੀ ਆਪਣੇ ਆਪ ਮੇਰੀ ਜ਼ਬਾਨ ਉੱਤੇ ਆ ਜਾਂਦਾ ਸੀ-

ਜਬ ਤੁਮ ਮੁਝੇ ਅਪਨਾ ਕਹਿਤੇ ਹੋ,<br>
ਅਪਨੇ ਪੇ ਗ਼ੁਰੂਰ ਆ ਜਾਤਾ ਹੈ...

ਜੱਸੀ ਕੋਲ ਬੈਠਿਆਂ ਜਦੋਂ ਵੀ ਮੈਂ ਇਹ ਗੀਤ ਗੁਣਗੁਣਾਉਣ ਲਗਦਾ, ਕਦੀ ਉਹ ਆਖਦੀ ਕਿ ਉਹਦੀ ਵਡਿਆਈ ਕਰਨ ਲਈ ਮੇਰੇ ਕੋਲ ਬੱਸ ਇਹ ਇਕ ਫ਼ਿਲਮੀ ਗੀਤ ਹੀ ਰਹਿ ਗਿਆ ਸੀ! ਤੇ ਕਦੀ ਉਹ ਕਹਿੰਦੀ ਕਿ ਮੈਂ ਉਹਨੂੰ ਕਿੰਨਾ ਵੀ ਬਣਾਵਾਂ, ਉਹ ਬਣੇਗੀ ਨਹੀਂ। ਜਦੋਂ ਉਹਨੇ ਮੈਨੂੰ ਚਿੜਾਉਣਾ ਹੁੰਦਾ, ਉਹ ਮਿਹਣਾ ਮਾਰਦੀ ਕਿ ਮੈਂ ਇਹ ਗੀਤ ਗਾ ਕੇ ਉਹਦੀ ਤਾਂ ਤਾਰੀਫ਼ ਕਰ ਰਿਹਾ ਸੀ ਜਾਂ ਨਹੀਂ, ਆਪਣੇ ਆਪ ਨੂੰ ਜ਼ਰੂਰ ਹਿੰਦੀ ਫ਼ਿਲਮ ਦਾ ਹੀਰੋ ਸਮਝ ਰਿਹਾ ਸੀ। ਉਹਨੂੰ ਪਤਾ ਸੀ ਕਿ ਮੈਨੂੰ ਸਭ ਤੋਂ ਬਹੁਤੀ ਚਿੜ ਬੰਬਈਆ ਫ਼ਿਲਮਾਂ ਦੇ ਹੀਰੋ ਨਾਲ ਸੀ।

ਅਸਲ ਵਿਚ ਮੈਂ ਨਾ ਤਾਂ ਉਹਨੂੰ ਬਣਾ ਰਿਹਾ ਹੁੰਦਾ ਸੀ ਅਤੇ ਨਾ ਹੀ ਆਪਣੇ ਆਪ ਨੂੰ ਫ਼ਿਲਮੀ ਹੀਰੋ ਸਮਝ ਰਿਹਾ ਹੁੰਦਾ ਸੀ। ਮੈਨੂੰ ਉਹਦੀ ਦੋਸਤੀ ਦਾ ਸਚਮੁੱਚ ਹੀ ਗ਼ਰੂਰ ਸੀ।

ਜੱਸੀ ਖ਼ੂਬਸੂਰਤ ਕੁੜੀ ਸੀ। ਬਹੁਤ ਖ਼ੂਬਸੂਰਤ। ਉਹਨੂੰ ਬਹੁਤ-ਬਹੁਤ ਖ਼ੂਬਸੂਰਤ ਕਹਿਣਾ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ।

ਕਹਿੰਦੇ ਹਨ, ਖ਼ੂਬਸੂਰਤੀ ਅਸਲ ਵਿਚ ਖ਼ੂਬਸੂਰਤ ਚੀਜ਼ ਵਿਚ ਨਹੀਂ ਹੁੰਦੀ, ਸਗੋਂ ਦੇਖਣ ਵਾਲੇ ਦੀਆਂ ਅੱਖਾਂ ਵਿਚ ਹੁੰਦੀ ਹੈ। ਪਰ ਜੱਸੀ ਦੀ ਖ਼ੂਬਸੂਰਤ ਮੇਰੀਆਂ ਅੱਖਾਂ ਵਿਚ ਨਹੀਂ ਸੀ। ਮੇਰੀਆਂ ਅੱਖਾਂ ਵਿਚ ਹੋਵੇ ਵੀ ਤਾਂ ਇਹ ਵੱਖਰੀ ਗੱਲ ਹੈ। ਉਹ ਮੇਰੀਆਂ ਅੱਖਾਂ ਤੋਂ ਬਿਨਾਂ ਵੀ ਖ਼ੂਬਸੂਰਤ ਸੀ। ਬਹੁਤ ਖ਼ੂਬਸੂਰਤ। ਬਹੁਤ-ਬਹੁਤ ਖ਼ੂਬਸੂਰਤ।

ਜਦੋਂ ਉਹਨੂੰ ਯਾਦ ਕਰਦਾ ਹਾਂ, ਕੋਈ ਨਵੀਂ ਰਚਨਾ ਕਰਨ ਲਈ ਉਹਦਾ ਦਿੱਤਾ ਪੈੱਨ ਡੱਬੀ ਵਿਚੋਂ ਕਢਦਾ ਹਾਂ, ਮੇਰੀਆਂ ਕਿਤਾਬਾਂ ਦੇ ਹਾਸ਼ੀਆਂ ਉੱਤੇ ਗੰਭੀਰਤਾ ਨਾਲ ਜਾਂ ਸ਼ਰਾਰਤ ਨਾਲ ਲਿਖੀਆਂ ਉਹਦੀਆਂ ਟਿੱਪਣੀਆਂ ਪੜ੍ਹਦਾ ਹਾਂ, ਤਾਂ ਰਾਜੂ ਦੀ ਇਕ-ਸਤਰੀ ਚਿੱਠੀ ਵੀ ਫ਼ਾਇਲ ਵਿੱਚੋਂ ਕੱਢ ਕੇ ਜ਼ਰੂਰ ਪੜ੍ਹਦਾ ਹਾਂ, ਜੋ ਮੈਂ ਕਈ ਸੌ ਵਾਰ ਪੜ੍ਹ ਚੁਕਿਆ ਹਾਂ। ਹੁਣ ਤਾਂ ਪੜ੍ਹਨ ਦੀ ਲੋੜ ਹੀ ਨਹੀਂ ਪੈਂਦੀ, ਬੱਸ ਉਂਜ ਹੀ ਦੇਖ ਲੈਂਦਾ ਹਾਂ। ਇਸ ਚਿੱਠੀ ਨੂੰ ਦੇਖਣਾ ਚੰਗਾ-ਚੰਗਾ ਲਗਦਾ ਹੈ। ਹੁਣ ਤਾਂ ਇਹ ਮੈਨੂੰ ਲਗ-ਕੰਨੇ ਤੱਕ ਪੂਰੀ ਦੀ ਪੂਰੀ ਜ਼ੁਬਾਨੀ ਯਾਦ ਹੋ ਚੁੱਕੀ ਹੈ।

ਮੈਥੋਂ ਵਿਛੜਨ ਤੋਂ ਕਈ ਸਾਲ ਮਗਰੋਂ ਜੱਸੀ ਇਕ ਵਾਰ ਰਾਜੂ ਨੂੰ ਲੁਧਿਆਣੇ ਸਟੇਸ਼ਨ ਉੱਤੇ ਦਿਖਾਈ ਦਿੱਤੀ ਸੀ। ਰਾਜੂ ਮੇਰਾ ਜਿਗਰੀ ਯਾਰ ਹੋਣ ਦੇ ਨਾਤੇ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਹ



ਮੇਰੀ ਕੀ ਲਗਦੀ ਸੀ ਅਤੇ ਮੇਰੇ ਲਈ ਕੀ ਕੁਝ ਸੀ। ਉਹ ਵੀ ਰਾਜੂ ਨੂੰ ਇਕ ਦੋ ਵਾਰ ਮਿਲੀ ਹੋਈ ਤਾਂ ਸੀ, ਪਰ ਉਹਦੇ ਨਾਲ ਏਨੀਂ ਘੁਲੀ-ਮਿਲੀ ਨਹੀਂ ਸੀ ਕਿ ਉਹ ਮੇਰੀ ਅਤੇ ਆਪਣੀ ਸਾਂਝ ਨੂੰ ਰਾਜੂ ਨਾਲ ਆਪਣੀਆਂ ਗੱਲਾਂ ਦਾ ਵਿਸ਼ਾ ਬਣਾ ਸਕੇ। ਜੱਸੀ ਦੇ ਨਾਲ ਕੋਈ ਆਦਮੀ ਸੀ। ਸ਼ਾਇਦ ਉਹਦਾ ਪਤੀ ਹੋਵੇ। ਸ਼ਾਇਦ ਕੀ, ਪਤੀ ਹੀ ਹੋਵੇਗਾ। ਇਸੇ ਕਰਕੇ ਰਾਜੂ ਨੇ ਉਹਨੂੰ ਬੁਲਾਇਆ ਤਾਂ ਨਾ, ਪਰ ਉਥੋਂ ਹੀ, ਸਟੇਸ਼ਨ ਤੋਂ ਇਹ ਇਕ-ਸਤਰੀ ਚਿੱਠੀ ਲਿਖ ਕੇ ਪਾ ਦਿੱਤੀ। ਲਫ਼ਾਫ਼ਾ ਨਾ ਹੋਣ ਕਰਕੇ ਉਹਨੇ ਕਾਗ਼ਜ਼ ਤਹਿ ਕੀਤਾ ਅਤੇ ਉਹਦੇ ਸਿਰੇ ਇਕ ਦੂਜੇ ਵਿਚ ਫਸਾਉਂਦਿਆਂ ਇਕ ਪਾਸੇ ਮੇਰਾ ਸਿਰਨਾਵਾਂ ਲਿਖ ਕੇ ਉਸੇ ਕਾਗ਼ਜ਼ ਤੋਂ ਬਰੰਗ ਲਫ਼ਾਫ਼ੇ ਦਾ ਕੰਮ ਲੈ ਗਿਆ।

ਲਿਖਿਆ ਸੀ, "ਹੁਣੇ ਜੱਸੀ ਨੂੰ ਲੁਧਿਆਣੇ ਸਟੇਸ਼ਨ ਉੱਤੇ ਦੇਖਿਆ ਹੈ, ਦਿਲ ਕਰਦਾ ਹੈ, ਆਪਣੀਆਂ ਅੱਖਾਂ ਤੈਨੂੰ ਭੇਜ ਦਿਆਂ!"

ਮੈਂ ਰਾਜੂ ਨੂੰ ਜਵਾਬ ਲਿਖਿਆ ਸੀ ਕਿ ਅੱਖਾਂ ਭੇਜਣ ਦੀ ਲੋੜ ਨਹੀਂ। ਮੇਰੇ ਵਿਚ ਇਥੇ ਬੈਠਿਆਂ ਹੀ ਉਹਨੂੰ ਦੇਖ ਸਕਣ ਦੀ ਸਮਰੱਥਾ ਹੈ। ਉਹਨੂੰ ਦੇਖਣ ਲਈ ਤਾਂ ਐਲਬਮ ਵਿਚ ਲੱਗੀ ਹੋਈ ਉਹਦੀ ਤਸਵੀਰ ਦੇਖਣ ਦੀ ਵੀ ਮੈਂ ਕਦੀ ਲੋੜ ਮਹਿਸੂਸ ਨਹੀਂ ਸੀ ਕੀਤੀ। ਉਹਦੀ ਨੁਹਾਰ ਮੇਰੇ ਮਨ ਵਿਚ ਉਸੇ ਤਰ੍ਹਾਂ ਸੱਜਰੀ ਸੀ, ਜਿਵੇਂ ਕਮਰੇ ਵਿਚ ਟਾਂਡ ਉੱਤੇ ਰੱਖੀ ਹੋਈ, ਹਰ ਸਮੇਂ ਅੱਖਾਂ ਸਾਹਮਣੇ ਰਹਿਣ ਵਾਲੀ ਮੂਰਤੀ ਦੀ ਹੁੰਦੀ ਹੈ। ਮੇਰੇ ਮਨ ਦੀ ਟਾਂਡ ਉੱਤੇ ਇਕ ਮੂਰਤੀ ਹੀ ਤਾਂ ਸੀ ਉਹ!

ਖ਼ੂਬਸੂਰਤ ਤਾਂ ਅਨੇਕ ਕੁੜੀਆਂ ਹੁੰਦੀਆਂ ਹਨ। ਸਗੋਂ ਇਕ ਤਰ੍ਹਾਂ ਨਾਲ ਤਾਂ ਹਰੇਕ ਕੁੜੀ ਹੀ ਖ਼ੂਬਸੂਰਤ ਹੁੰਦੀ ਹੈ। ਪਰ ਕਈ ਬਹੁਤ ਖ਼ੂਬਸੂਰਤ ਹੁੰਦੀਆਂ ਹਨ। ਤੇ ਕੋਈ ਕੋਈ ਤਾਂ ਬਹੁਤ ਬਹੁਤ ਖ਼ੂਬਸੂਰਤ ਹੁੰਦੀ ਹੈ। ਪਰ ਬਾਗ਼ ਦਾ ਉਹ ਫੁੱਲ ਵੀ ਕੀ ਜੀਹਦੇ ਦੁਆਲਿਉਂ ਡਾਹਣੀਆਂ ਛਾਂਗ ਕੇ, ਪੱਤੇ ਕੁਤਰ ਕੇ ਉਹਨੂੰ ਉਭਾਰਿਆ ਗਿਆ ਹੋਵੇ ਅਤੇ ਉਹ ਕੁਝ ਅਭਿਮਾਨ ਜਿਹੇ ਨਾਲ ਹਵਾ ਵਿਚ ਇਉਂ ਹਲੋਰੇ ਲੈ ਰਿਹਾ ਹੋਵੇ, ਜਿਵੇਂ ਬਾਗ਼ ਵਿਚ ਸਰਦਾਰੀ ਉਸੇ ਦੀ ਹੋਵੇ। ਫੁੱਲ ਤਾਂ ਜਿਵੇਂ ਅਤੇ ਜਿਥੇ ਖਿੜਿਆ ਹੋਵੇ, ਉਵੇਂ ਅਤੇ ਉਥੇ ਹੀ ਸ਼ੋਭਦਾ ਹੈ। ਕੋਈ ਦੇਖੇ ਤਾਂ ਬੱਸ ਏਨਾਂ ਹੀ ਕਹੇ -ਵਾਹ ਕਰਤਾਰ!

ਜੱਸੀ ਖ਼ੂਬਸੂਰਤ ਹੋਣ ਦੇ ਨਾਲ ਨਾਲ ਕੁਦਰਤ ਦੇ ਆਮ ਮੰਨੇ ਜਾਂਦੇ ਇਕ ਨੇਮ ਦੀ ਉਲੰਘਣਾ ਵੀ ਸੀ। ਕਹਿੰਦੇ ਹਨ, ਜਿਨ੍ਹਾਂ ਕੁੜੀਆਂ ਨੂੰ ਸੁਹੱਪਣ ਮਿਲਦਾ ਹੈ, ਰੱਬ ਦੇ ਘਰੋਂ ਸਿਆਣਪ ਦੀ ਦਾਤ ਨਹੀਂ ਮਿਲਦੀ। ਪਰ ਜੇ ਰੱਬ ਦੇ ਬਣਾਏ ਨੇਮ ਬੰਦਾ ਅਕਸਰ ਹੀ ਤੋੜਦਾ ਰਹਿੰਦਾ ਹੈ, ਕਦੀ ਕਦੀ ਰੱਬ ਆਪ ਵੀ ਤਾਂ ਤੋੜ ਹੀ ਲੈਂਦਾ ਹੋਵੇਗਾ। ਖ਼ੂਬਸੂਰਤ ਤਨ ਨਾਲ ਉਹਦਾ ਸੂਝ-ਭਰਪੂਰ ਮਨ ਇਉਂ ਸੀ ਜਿਵੇਂ ਸੋਨੇ ਦੇ ਕਟੋਰੇ ਵਿਚ ਅੰਮ੍ਰਿਤ ਭਰਿਆ ਹੋਇਆ ਹੋਵੇ।

ਤੇ ਜੱਸੀ ਦੀ ਇਹ ਅੰਦਰਲੀ-ਬਾਹਰਲੀ ਖ਼ੂਬਸੂਰਤੀ ਹੋਰ ਵੀ ਬਹੁਤੀ ਉੱਭਰਦੀ ਉਹਦੀ ਸਾਦਗੀ ਨਾਲ। ਸਿਰ ਵਾਹ ਲਿਆ ਤਾਂ ਵਾਹ ਲਿਆ, ਨਹੀਂ ਤਾਂ ਨਾ ਸਹੀ। ਕੱਪੜੇ ਪਰੈੱਸ ਕਰ ਲਏ ਤਾਂ ਕਰ ਲਏ, ਨਹੀਂ ਤਾਂ ਨਾ ਸਹੀ। ਜਦੋਂ ਇਕ ਵਾਰ ਉਹਨੇ ਮੈਨੂੰ ਆਪਣੀ ਤਸਵੀਰ ਦਿੱਤੀ ਸੀ, ਉਸ ਵਿਚ ਵੀ ਉਹਦੇ ਵਾਲ਼ ਬੇਪਰਵਾਹੀ ਨਾਲ ਇਧਰ-ਉਧਰ ਖਿੱਲਰੇ ਹੋਏ ਸਨ ਅਤੇ ਬੇਧਿਆਨੀ ਚੁੰਨੀ ਮੋਢਿਆਂ ਉੱਤੇ ਵਿਛੀ ਹੋਈ ਸੀ। ਉਹਨੇ ਦੱਸਿਆ ਸੀ ਕਿ ਇਹ ਉਹਨੇ ਕਿਸੇ ਫ਼ਾਰਮ ਉੱਤੇ ਲਾਉਣ ਲਈ ਖਿਚਵਾਈ ਸੀ।

"ਇਹ ਤਾਂ ਉਸ ਤਿੰਨ-ਟੰਗੀਏ ਕੈਮਰੇ ਨਾਲ ਖਿਚਵਾਈ ਲਗਦੀ ਹੈ, ਫੋਟੋ-ਗਰਾਫ਼ਰ ਜੀਹਦੇ ਵਿਚ ਵੜ ਕੇ ਫ਼ੋਟੋ ਖਿਚਦਾ ਹੈ", ਮੈਂ ਉਹਨੂੰ ਛੇੜਿਆ।

"ਜੀ ਹਾਂ! ਇਹ ਇਕ ਮੇਲੇ ਵਿਚ ਖਿਚਵਾਈ ਸੀ", ਜੱਸੀ ਨੇ ਵੀ ਉਸੇ ਰਉਂ ਵਿਚ ਨਖ਼ਰਾ ਕੀਤਾ।

"ਫੇਰ ਮੇਲੇ ਗਈਆਂ ਜ਼ਨਾਨੀਆਂ ਵਾਂਗ ਘੜੀ ਵਾਲੀ ਬਾਂਹ ਵੀ ਅੱਗੇ ਕਰ ਲੈਣੀ ਸੀ" , ਮੈਂ ਆਪਣੀ ਖੱਬੀ ਬਾਂਹ ਅੱਗੇ ਕਰਦਿਆਂ ਕਿਹਾ।

ਅੱਜ ਜਦੋਂ ਰਾਜੂ ਦੇ ਬੁਲਾਉਣ ਉੱਤੇ ਜੱਸੀ ਨੂੰ ਮਿਲਣ ਲਈ ਤੁਰਨ ਲਗਿਆ ਸੀ, ਦਿਲ ਕੀਤਾ ਸੀ, ਉਹਦੀ ਇਹ ਤਸਵੀਰ ਤੁਰਨ ਤੋਂ ਪਹਿਲਾਂ ਇਕ ਵਾਰ ਫੇਰ ਦੇਖ ਲਵਾਂ। ਪਰ ਉਹਦਾ ਤਾਂ

**ਗੁਰਬਚਨ ਸਿੰਘ ਭੁੱਲਰ**
**ਪੰਜਾਬੀ ਦੇ ਚਰਚਿਤ ਕਹਾਣੀਕਾਰ। ਅਨੁਵਾਦਕ ਤੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ।**
**ਪੁਸਤਕਾਂ- ਓਪਰਾ ਮਰਦ, ਵਖ਼ਤਾਂ ਮਾਰੇ, ਮੈਂ ਗ਼ਜ਼ਨਵੀ ਨਹੀਂ, ਜਨਣੀ ਜਣੈ ਤਾਂ..., ਪੁਰਸ਼ ਪਾਤਰ, ਧਰਤੀ ਦੀਆਂ ਧੀਆਂ, ਦੀਵੇਂ ਵਾਂਗ ਬਲਦੀ ਅੱਖ, ਚੌਣਵੀਆਂ ਕਹਾਣੀਆਂ, 51 ਕਹਾਣੀਆਂ, ਅਗਨੀ ਕਲਸ, ਪੰਜਾਬੀ ਕਹਾਣੀ ਕੋਸ਼। ਭਾਰਤੀ ਸਹਿਤ ਅਕੈਡਮੀ ਪੁਰਸਕਾਰ ਜੇਤੂ।**
**Gurbachan Singh Bhullar,**
**D -50, Pritampura, DELHI- 88 ,**
**Ph. 011- 55736868**

ਧਿਆਨ ਧਰਨ ਦੀ ਲੋੜ ਹੁੰਦੀ ਸੀ ਕਿ ਉਹ ਸਾਮਰਤੱਖ ਮਨ ਦੀਆਂ ਅੱਖਾਂ ਸਾਹਮਣੇ ਆ ਖਲੋਂਦੀ ਸੀ। ਅੱਜ ਵੀ ਉਹਦੀ ਨੁਹਾਰ ਚੇਤੇ ਵਿਚ ਓਨੀਂ ਹੀ ਸੱਜਰੀ ਤੇ ਨਿੱਖਰਵੀਂ ਸੀ, ਜਿਵੇਂ ਓਦੋਂ ਸੀ ਜਦੋਂ ਅਸੀਂ ਰੋਜ਼ ਮਿਲਦੇ ਸੀ। ਉਹੋ ਖ਼ੂਬਸੂਰਤੀ, ਉਹੋ ਸੂਝ ਅਤੇ ਉਹੋ ਸਾਦਗੀ ਤੇ ਨਿਰਛਲਤਾ। ਉਹਨੂੰ ਯਾਦ ਕਰਨ ਸਮੇਂ ਕੁਝ ਇਸ ਪਰਕਾਰ ਦਾ ਅਨੁਭਵ ਅਤੇ ਅਹਿਸਾਸ ਹੁੰਦਾ, ਜਿਵੇਂ ਹਨੇਰੇ ਮੰਦਰ ਵਿਚ ਤੇਜ਼ ਬੱਤੀ ਜਗਾ ਲਈ ਜਾਵੇ ਅਤੇ ਮੁਸਕਰਾਉਂਦੀ ਹੋਈ ਮੂਰਤੀ ਸਾਹਮਣੇ ਖਲੋਤੀ ਹੋਵੇ।

ਮੈਂ ਵਿਆਹਿਆ ਹੋਇਆ ਸੀ ਅਤੇ ਜੱਸੀ ਮੰਗੀ ਹੋਈ ਸੀ। ਐਮ. ਏ. ਕਰਨ ਮਗਰੋਂ ਉਹਦਾ ਵਿਆਹ ਹੋ ਜਾਣਾ ਸੀ। ਪਰ ਮੇਰੇ ਕੋਲੋਂ ਤਾਂ ਉਹ ਇਹਤੋਂ ਵੀ ਪਹਿਲਾਂ ਚਲੀ ਜਾਣੀ ਸੀ। ਉਹਦੇ ਪਿਤਾ ਜੀ ਦੀ ਬਦਲੀ ਹੋ ਗਈ ਸੀ, ਜੀਹਨੂੰ ਉਹ ਤਰੱਕੀ ਨਾਲ ਹੋਈ ਹੋਣ ਕਰਕੇ ਰੁਕਵਾਉਣਾ ਨਹੀਂ ਸਨ ਚਾਹੁੰਦੇ। ਬਸ ਜੱਸੀ ਦੇ ਇਮਤਿਹਾਨ ਮੁੱਕਣ ਦੀ ਉਡੀਕ ਸੀ।

ਮੇਰੇ ਜਜ਼ਬਾਤੀ ਸੁਭਾਅ ਨੂੰ ਸਹਿਜ-ਪ੍ਰੀਤ ਦੀਆਂ ਗੱਲਾਂ ਸਦਾ ਹੀ ਨੀਰਸ ਅਤੇ ਬੇਤੁਕੀਆਂ ਲਗਦੀਆਂ ਰਹੀਆਂ ਸਨ। ਮੈਂ ਪਹਾੜਾਂ ਵਿਚ ਪੱਥਰਾਂ ਨਾਲ ਖਹਿੰਦੇ, ਸਿਰ-ਪਰਨੇ ਡਿਗਦੇ, ਤੇਜ਼ ਤੇਜ਼ ਵਗਦੇ, ਆਪਣਾ-ਆਪ ਤੋੜਦੇ-ਜੋੜਦੇ ਨਾਲੇ ਵਾਂਗ ਵਿਚਰਦਾ ਰਿਹਾ ਸੀ। ਪਰ ਜਦੋਂ ਜੱਸੀ ਦਾ ਸਾਥ ਹੁੰਦਾ, ਮੈਨੂੰ ਲਗਦਾ ਜਿਵੇਂ ਮੈਂ ਕਿਸੇ ਪੱਧਰੇ ਮੈਦਾਨ ਵਿਚ ਆ ਗਿਆ ਹੋਵਾਂ ਅਤੇ ਅਬੋਲ, ਅਵੇਗ ਠਰ੍ਹੰਮੇ ਨਾਲ ਵਗ ਰਿਹਾ ਹੋਵਾਂ।

ਜੱਸੀ ਜਾਣ ਤੋਂ ਪਹਿਲਾਂ ਅੰਤਿਮ ਵਾਰ ਮਿਲੀ , ਤਾਂ ਮੈਂ ਉਹਨੂੰ ਆਖਣ ਲਈ ਵੀ ਇਹ ਨਾ ਆਖਿਆ ਜਾਂ ਕਹਿ ਲਵੋਂ ਕਿ ਆਖ ਹੀ ਨਾ ਸਕਿਆ ਕਿ ਮੈਂ ਉਹਦੇ ਬਿਨਾਂ ਮਰ ਜਾਵਾਂਗਾ। ਜੱਸੀ ਨੇ ਵੀ ਨਾ ਧਾਹਾਂ ਮਾਰ ਕੇ ਮੇਰੀ ਹਿੱਕ ਨਾਲ ਸਿਰ ਮਾਰਿਆ ਅਤੇ ਨਾ ਕਿਤੇ ਦੂਰ, ਕਿਸੇ ਅਦਿੱਖ ਸੰਸਾਰ ਵਿਚ ਲੈ ਚੱਲਣ ਲਈ ਤਰਲਾ ਕੀਤਾ। ਹਾਂ! ਇਹ ਸ਼ਾਇਦ ਸਾਡੀ ਪਹਿਲੀ ਮਿਲਣੀ ਸੀ ਜੋ ਏਨੀਂ ਜਜ਼ਬਾਤੀ ਸੀ। ਪਰ ਇਸ ਮਿਲਣੀ ਸਮੇਂ ਵੀ ਅਸੀਂ ਬਹੁਤੇ ਉਲਾਰ ਨਹੀਂ ਸੀ ਹੋਏ।

ਉਹਨੇ ਤੁਰਨ ਲਗਿਆ ਕਿਹਾ ਸੀ ਕਿ ਉਹ ਜਾ ਕੇ ਮੈਨੂੰ ਚਿੱਠੀ ਲਿਖੇਗੀ।

ਮੈਂ ਉਹਨੂੰ ਉਸ ਕੁੜੀ ਦੀ ਕਹਾਣੀ ਸੁਣਾਈ ਸੀ, ਜੋ ਇਕ ਸਮੇਂ ਕਿਸੇ ਘਟਨਾ-ਚੱਕਰ ਕਾਰਨ ਮੇਰੀ ਧਰਮ-ਭੈਣ ਬਣ ਕੇ ਹਰ ਸਾਲ ਰੱਖੜੀ ਭੇਜਿਆ ਕਰਦੀ ਸੀ। ਵਿਆਹੀ ਜਾਣ ਮਗਰੋਂ ਉਹਨੇ ਭਰੇ ਹੋਏ ਦਿਲ ਨਾਲ ਲਿਖਿਆ ਸੀ, "ਵੀਰ, ਹੁਣ ਮੈਨੂੰ ਚਿੱਠੀ ਨਾ ਲਿਖੀਂ, ਮਰਦ ਦੇ ਸੁਭਾਅ ਦਾ ਕੀ ਪਤਾ..."

ਮੈਂ ਜੱਸੀ ਨੂੰ ਜਵਾਬ ਦਿੱਤਾ ਸੀ ਕਿ ਮੈਂ ਉਹਨੂੰ ਕੋਈ ਚਿੱਠੀ ਨਹੀਂ ਲਿਖਾਂਗਾ। ਬੱਸ ਇਹੋ ਕਾਮਨਾ ਕਰਾਂਗਾ ਕਿ ਉਹ ਜਿਥੇ ਵੀ ਰਹੇ, ਸੁਖੀ ਰਹੇ! ਉਹਨੇ ਵੀ "ਚਿੱਠੀਆਂ ਰਾਹੀਂ ਮੁਲਾਕਾਤਾਂ " ਦੀ ਸੰਭਾਵਨਾ ਦਾ ਜਜ਼ਬਾਤੀ ਰੋਣਾ ਨਹੀਂ ਸੀ ਰੋਇਆ।

ਤੇ ਅਸੀਂ ਵੱਖ ਹੋ ਗਏ ਸੀ।

ਜੱਸੀ ਦੀਆਂ ਕੁਝ ਚਿੱਠੀਆਂ ਆਈਆਂ ਸਨ, ਜਿਨ੍ਹਾਂ ਦਾ ਮੈਂ ਕੋਈ ਜਵਾਬ ਨਹੀਂ ਸੀ ਦਿੱਤਾ।



ਉਹਦੀ ਅੰਤਲੀ ਚਿੱਠੀ ਉਹਦੇ ਵਿਆਹ ਦੇ ਮੌਕੇ ਉੱਤੇ ਆਈ ਸੀ। ਉਹਨੇ ਰਸਮੀ ਸੱਦਾ ਦੇਣਾ ਬੇਲੋੜਾ ਸਮਝਿਆ ਹੋਇਆ ਸੀ।

ਉਸ ਪਿਛੋਂ ਉਹਦੀ ਵੀ ਕੋਈ ਚਿੱਠੀ ਨਹੀਂ ਸੀ ਆਈ। ਮੇਰੀ ਧਰਮ-ਭੈਣ ਵਾਲੀ ਗੱਲ ਨੇ ਸ਼ਾਇਦ ਉਹਦੀ ਸਿਆਣਪ ਨੂੰ ਹੋਰ ਵਧੇਰੇ ਸਾਵਧਾਨ ਕਰ ਦਿੱਤਾ ਹੋਵੇਗਾ। ਮੇਰੀ ਤਾਂ ਉਹਦੀ ਟੋਹ ਰੱਖਣ ਦਾ ਕੋਈ ਸਵਾਲ ਹੀ ਨਹੀਂ ਸੀ। ਜਦੋਂ ਵੀ ਜੱਸੀ ਦਾ ਖ਼ਿਆਲ ਆਉਂਦਾ, ਪਹਿਲਾਂ ਮਨ ਵਿਚ ਨੂਰੀ ਮੱਥੇ, ਨਿਰਛਲ ਮੋਟੀਆ ਅੱਖਾਂ , ਤਿੱਖੇ ਨੱਕ ਤੇ ਬੇਮਲੂਮ ਖੁੱਲੇ ਬੁੱਲ੍ਹਾਂ ਵਾਲਾ ਉਹਦਾ ਚਿਹਰਾ ਉਭਰਦਾ ਅਤੇ ਫੇਰ ਉਹ ਇਕ ਸ਼ਾਂਤ ਸਰੋਵਰ ਵਿਚ ਪਲਟ ਜਾਂਦਾ, ਜੀਹਦੇ ਵਿਚ ਮੈਂ ਬੇਕਿਰਕ ਪੱਥਰ ਬਣ ਕੇ ਡਿੱਗਣਾ ਨਹੀਂ ਸੀ ਚਾਹੁੰਦਾ।

ਉਹਦੇ ਜਾਣ ਮਗਰੋਂ ਬੀਤੇ ਵਰ੍ਹਿਆਂ ਵਿਚ ਬੱਸ ਇਕ ਵਾਰ ਜੱਸੀ ਦੀ ਖ਼ਬਰ ਰਾਜੂ ਦੀ ਉਸ ਇਕ-ਸਤਰੀ ਚਿੱਠੀ ਤੋਂ ਮਿਲੀ ਸੀ, ਜੋ ਮੈਂ ਕਈ ਸੌ ਵਾਰ ਪੜ੍ਹ ਚੁਕਿਆ ਸੀ ਅਤੇ ਮੈਨੂੰ ਲਗ-ਕੰਨੇ ਤੱਕ ਪੂਰੀ ਦੀ ਪੂਰੀ ਜ਼ਬਾਨੀ ਯਾਦ ਹੋ ਚੁੱਕੀ ਸੀ।

ਤੇ ਸਬੱਬਾਂ ਨਾਲ ਭਰੀ ਹੋਈ ਇਸ ਜ਼ਿੰਦਗੀ ਵਿਚ, ਮੌਕਾ-ਮੇਲਾਂ ਨਾਲ ਭਰੀ ਹੋਈ ਇਸ ਦੁਨੀਆਂ ਵਿਚ ਜੱਸੀ ਹੁਣ ਰਾਜੂ ਦੇ ਸ਼ਹਿਰ ਪੁੱਜ ਗਈ ਸੀ। ਉਹਦੇ ਪਤੀ ਦੀ ਬਦਲੀ ਉਥੋਂ ਦੀ ਹੋ ਗਈ ਸੀ। ਪਤਾ ਲਗਦਿਆਂ ਹੀ ਰਾਜੂ ਨੇ ਮੈਨੂੰ ਚਿੱਠੀ ਲਿਖੀ ਸੀ। ਚਿੱਠੀ ਕੀ, ਸੱਦਾ-ਪੱਤਰ ਸੀ ਇਹ। ਉਹਨੇ ਮੇਰੇ ਪੁੱਜਣ ਤੱਕ ਜੱਸੀ ਨਾਲ ਮੇਰੇ ਮਿਲਣ ਦੀ ਸੰਭਾਵਨਾ ਬਾਰੇ ਸਭ ਪਤਾ ਕਰ ਛੱਡਣਾ ਸੀ ਅਤੇ ਕੋਈ ਨਾ ਕੋਈ ਵਿਉਂਤ ਬਣਾ ਲੈਣੀ ਸੀ।

ਰਾਜੂ ਦੀ ਚਿੱਠੀ ਪੜ੍ਹ ਕੇ ਦਿਲ ਦੀ ਧੜਕਣ ਰੋਕਦਿਆਂ-ਰੋਕਦਿਆਂ ਵੀ ਆਪ-ਮੁਹਾਰੀ ਤੇਜ਼ ਹੋ ਗਈ। ਜੀਅ ਕੀਤਾ ਕਿ ਜੇ ਸਹਿਜ ਨਾਲ ਬਿਨਾਂ ਕਿਸੇ ਪੁਆੜੇ ਦੇ, ਚੁੱਪ-ਚਾਪ ਜੱਸੀ ਨੂੰ ਮਿਲਿਆ ਜਾ ਸਕੇ, ਆਪਣੇ ਦੁਆਲੇ ਆਪੇ ਖਿੱਚੀ ਲਛਮਣ ਕਾਰ ਵਿਚੋਂ ਇਕ ਵਾਰ ਬਾਹਰ ਨਿੱਕਲ ਲੈਣ ਵਿਚ ਹਰਜ ਵੀ ਕੀ ਹੈ!

ਹੁਣ ਜਿਉਂ-ਜਿਉਂ ਰਾਜੂ ਦਾ ਘਰ ਨੇੜੇ ਆ ਰਿਹਾ ਹੈ, ਦਿਲ ਦੀ ਧੜਕੜ ਫੇਰ ਤਿੱਖੀ ਹੁੰਦੀ ਹੈ।

ਮੈਂ ਰਾਜੂ ਦਾ ਬੂਹਾ ਠਕੋਰਦਾ ਹਾਂ। ਕੋਈ ਅਧ-ਖੜ ਔਰਤ ਕੁੰਡੀ ਖੋਲ੍ਹਦੀ ਹੈ। ਉਹ ਇਕ ਪਲ ਮੈਨੂੰ ਗਹੁ ਨਾਲ ਦੇਖਦੀ ਹੈ ਅਤੇ ਨਿੰਮ੍ਹਾ ਜਿਹਾ ਮੁਸਕਰਾ ਕੇ ਫਤਿਹ ਬੁਲਾਉਂਦੀ ਹੈ। ਮੈਂ ਉਹਨੂੰ ਓਪਰਿਆਂ ਵਾਂਗ ਦੇਖ ਕੇ ਉਹਦੀ ਫਤਿਹ ਮੰਨਦਾ ਹਾਂ ਅਤੇ ਅੰਦਰ ਲੰਘ ਜਾਂਦਾ ਹਾਂ।

ਰਾਜੂ ਦੇ ਪੈਰ ਨੂੰ ਮੋਚ ਆਈ ਹੋਈ ਹੈ। ਉਹ ਕੰਧ ਨਾਲ ਸਰ੍ਹਾਣਾ ਲਾ, ਲੱਤਾਂ ਨਸਾਲ ਕੇ ਪਲੰਘ ਉੱਤੇ ਬੈਠਾ ਹੋਇਆ ਹੈ। ਉਹਦਾ ਇਕ ਪੈਰ ਸੁੱਜ ਕੇ ਪਾਥੀ ਬਣਿਆ ਪਿਆ ਹੈ। ਉਹ ਮੇਰੇ ਨਾਲ ਹੱਥ ਮਿਲਾਉਂਦਾ ਹੈ ਅਤੇ ਮੁਸਕਰਾ ਕੇ ਮੇਰਾ ਹੱਥ ਘੁੱਟਦਾ ਹੈ। ਉਹ ਆਵਾਜ਼ ਦਿੰਦਾ ਹੈ, "ਬਈ ਪਾਣੀ ਲਿਆਉ।"

ਭਾਬੀ ਸ਼ਾਇਦ ਕਿਤੇ ਇਧਰ-ਉਧਰ ਹੈ। ਉਹੋ ਔਰਤ ਪਾਣੀ ਲੈ ਕੇ ਆਉਂਦੀ ਹੈ... ਅਧ-ਚਿੱਟਾ ਸਿਰ, ਅੱਖਾਂ ਦੁਆਲੇ ਕਾਲੇ ਘੇਰੇ, ਬਦਰੰਗ ਬੁੱਲ੍ਹ, ਢਲੀਆਂ ਹੋਈਆਂ ਛਾਤੀਆਂ ਅਤੇ ਖ਼ਮੀਰਿਆ ਹੋਇਆ ਸਰੀਰ।

ਗਲਾਸ ਫੜਾ ਕੇ ਉਹ ਬੂਹਾ ਖੋਲ੍ਹਣ ਵੇਲੇ ਵਾਂਗ ਹੀ ਮੁਸਕਰਾਉਂਦੀ ਹੈ। ਮੈਨੂੰ ਦੁਬਾਰਾ ਦੀ ਇਸ ਮੁਸਕਰਾਹਟ ਨਾਲ ਉਲਝਣ ਹੁੰਦੀ ਹੈ। ਮੈਂ ਸੋਚਦਾ ਹਾਂ, ਇਹ ਔਰਤ ਕਦੀ ਕਿਤੇ ਦੇਖੀ ਤਾਂ ਹੈ, ਪਰ ਯਾਦ ਕੁਝ ਨਹੀਂ ਆ ਰਿਹਾ।

"ਲਗਦਾ ਹੈ, ਤੁਸੀਂ ਪਛਾਣਿਆਂ ਨਹੀਂ ਇਕ ਦੂਜੇ ਨੂੰ", ਰਾਜੂ ਬੋਲਦਾ ਹੈ।

ਮੈਂ ਕੁਝ ਜਵਾਬ ਦੇਣ ਦੀ ਥਾਂ ਉਸ ਔਰਤ ਵੱਲ ਫੇਰ ਦੇਖਦਾ ਹਾਂ। ਪਰ ਕੁਝ ਸਮਝ ਨਹੀਂ ਪੈ ਰਿਹਾ।

ਉਹ ਬੋਲਦੀ ਹੈ, "ਮੈਂ ਤਾਂ ਪਛਾਣ ਲਿਆ, ਪਰ ਵੀਰ ਨੇ ਮੈਨੂੰ ਨਹੀਂ ਪਛਾਣਿਆ।"

ਉਹਦਾ ਬੋਲ ਵੀ ਕੁਝ ਜਾਣਿਆ-ਪਛਾਣਿਆ ਜਿਹਾ ਲਗਦਾ ਹੈ, ਪਰ ਚੇਤੇ ਦੇ ਕੇਂਦਰ ਵਿਚ

ਨਹੀਂ ਆ ਰਿਹਾ।

ਮੈਨੂੰ ਉਲਝਿਆ ਦੇਖ ਰਾਜੂ ਦਸਦਾ ਹੈ, "ਜਗਜੀਤ ਹੈ ਭੂਆ ਜੀ ਦੀ ਧੀ।"

ਮੈਂ ਜਗਜੀਤ ਵੱਲ ਦੇਖ ਕੇ ਵੀ ਜਦੋਂ ਜਗਜੀਤ ਨੂੰ ਸਮਝ ਨਹੀਂ ਸਕਦਾ, ਰਾਜੂ ਹਸਦਾ ਹੈ, "ਜਗਜੀਤ ਨਹੀਂ ਬਈ, ਪੂਤਲੀ, ਪੂਤਲੀ।"

ਮੈਂ ਖੜ੍ਹਾ ਹੋ ਕੇ ਉਹਦੇ ਸਿਰ ਉੱਤੇ ਹੱਥ ਰੱਖਦਾ ਹਾਂ, "ਮਰ-ਜਾਣੀਏਂ, ਪੂਤਲੀ ਹੈਂ ਤੂੰ ? ਪਹਿਲਾਂ ਕਿਉਂ ਨਾ ਬੋਲੀ ?"

ਪੂਤਲੀ ਸੁਣ ਕੇ ਇਕਦਮ ਮੇਰੇ ਚੇਤੇ ਵਿਚ ਤੂਤ ਦੀ ਛਮਕ ਵਰਗੀ ਇਕ ਕੁੜੀ ਉਭਰਦੀ ਹੈ-ਧਰਤੀ ਛੋਹਣ ਲਈ ਵਿਆਕੁਲ ਕਾਲੇ-ਸਿਆਹ ਵਾਲ਼, ਗੋਰਾ ਰੰਗ, ਹਰਨੋਟੀ ਵਰਗੀਆਂ ਅੱਖਾਂ, ਪਲਪੀਸੀਆਂ ਵਰਗੇ ਬੁੱਲ੍ਹ, ਗੱਠਵਾਂ ਲਚਕਦਾਰ ਸਰੀਰ।

ਪੂਤਲੀ ਨੇ ਇਥੇ ਨਾਨਕੀਂ ਰਹਿ ਕੇ ਬੀ.ਐਂਡ ਕੀਤੀ ਸੀ। ਜਦੋਂ ਵੀ ਮੈਂ ਰਾਜੂ ਨੂੰ ਮਿਲਣ ਜਾਂਦਾ, ਜਗਜੀਤ ਦੇ ਸੁਹੱਪਣ ਕਰਕੇ ਪਿਆ ਹੋਇਆ ਉਹਦਾ ਲਾਡ ਦਾ ਨਾਂ ਹੀ ਮੇਰੇ ਕੰਨੀਂ ਪੈਂਦਾ.. ਪੂਤਲੀ! ਪੂਤਲੀ ਵਰਗੀ ਹੀ ਤਾਂ ਸੀ ਉਹ! ਸਾਰਾ ਟੱਬਰ ਉਹਨੂੰ ਪੂਤਲੀ-ਪੂਤਲੀ ਕਹਿੰਦਾ ਰਹਿੰਦਾ। ਰਾਜੂ ਉਹਨੂੰ ਪੂਤਲੀ ਕਹਿੰਦਾ। ਮੈਂ ਵੀ ਉਹਨੂੰ ਪੂਤਲੀ ਹੀ ਕਹਿੰਦਾ।

ਭਾਬੀ ਕਮਰੇ ਵਿਚ ਆਉਂਦੀ ਹੈ ਅਤੇ ਮੇਰੇ ਪੂਤਲੀ ਨੂੰ ਨਾ ਪਛਾਣ ਸਕਣ ਕਾਰਨ ਪਏ ਹਾਸੇ ਵਿਚ ਸ਼ਾਮਲ ਹੋ ਜਾਂਦੀ ਹੈ। ਫੇਰ ਉਹ ਰੋਟੀ ਪਕਾਉਣ ਜਾ ਲਗਦੀ ਹੈ ਅਤੇ ਪੂਤਲੀ ਸਾਨੂੰ ਰੋਟੀ ਖੁਆਉਣ ਲਗਦੀ ਹੈ। ਉਹ ਵਾਰ-ਵਾਰ ਕੁਝ ਨਾ ਕੁਝ ਫੜਾਉਣ ਸਾਡੇ ਕਮਰੇ ਵਿਚ ਆਉਂਦੀ ਹੈ ਅਤੇ ਵਾਰ ਵਾਰ ਕੁਝ ਨਾ ਕੁਝ ਲੈਣ ਰਸੋਈ ਵਿਚ ਜਾਂਦੀ ਹੈ। ਉਹ ਕਮਰੇ ਵਿਚ ਆਉਂਦੀ ਹੈ ਤਾਂ ਜਗਜੀਤ ਮੇਰੇ ਸਾਹਮਣੇ ਹੁੰਦੀ ਹੈ-ਅਧ-ਚਿੱਟਾ ਸਿਰ, ਅੱਖਾਂ ਦੁਆਲੇ ਕਾਲੇ ਘੇਰੇ ਬਦਰੰਗ ਬੁੱਲ੍ਹ, ਢਲੀਆਂ ਹੋਈਆਂ ਛਾਤੀਆਂ ਅਤੇ ਖ਼ਮੀਰਿਆ ਹੋਇਆ ਸਰੀਰ। ਉਹ ਕਮਰੇ ਵਿਚੋਂ ਚਲੀ ਜਾਂਦੀ ਹੈ, ਤਾਂ ਪੂਤਲੀ ਮੇਰੇ ਮਨ ਦੀਆਂ ਅੱਖਾਂ ਸਾਹਮਣੇ ਸਾਕਾਰ ਹੋ ਜਾਂਦੀ ਹੈ-ਧਰਤੀ ਛੋਹਣ ਲਈ ਵਿਆਕੁਲ ਕਾਲ਼ੇ-ਸਿਆਹ ਵਾਲ਼, ਗੋਰਾ ਰੰਗ, ਹਰਨੋਟੀ ਵਰਗੀਆਂ ਅੱਖਾਂ, ਪਲ-ਪੀਸੀਆਂ ਵਰਗੇ ਬੁੱਲ੍ਹ ਗੱਠਵਾਂ ਲਚਕਦਾਰ ਸਰੀਰ।

ਸਾਡੇ ਖਾਣਾ ਖਾ ਚੁੱਕਣ ਮਗਰੋਂ ਪੂਤਲੀ ਅਤੇ ਭਾਬੀ ਵੀ ਆਪਣੀਆਂ ਥਾਲੀਆਂ ਉਥੇ ਹੀ ਲੈ ਆਉਂਦੀਆਂ ਹਨ। ਨਾਲੋ-ਨਾਲ ਗੱਲਾਂ ਹੁੰਦੀਆਂ ਰਹਿੰਦੀਆਂ ਹਨ। ਉਹ ਥਾਲੀਆਂ ਰਖਦੀਆਂ ਹਨ ਤਾਂ ਮੈਂ ਘੜੀ ਦੇਖਦਾ ਹਾਂ ਅਤੇ ਤੁਰਨ ਦੀ ਆਗਿਆ ਮੰਗਦਾ ਹਾਂ।

ਰਾਜੂ ਹੈਰਾਨ ਹੋ ਕੇ ਦੇਖਦਾ ਹੈ, "ਨਹੀਂ ਬਈ ਤੂੰ ਭਲਕੇ ਜਾਈਂ !"

ਭਾਬੀ ਕਹਿੰਦੀ ਹੈ, "ਕੀ ਆਏ ਤੇ ਕੀ ਗਏ! ਇਉਂ ਨਹੀਂ ਜਾਣ ਦੇਣਾ ਅਸੀਂ !"

ਪੂਤਲੀ ਆਖਦੀ ਹੈ, "ਵੀਰ ਅੱਜ ਤਾਂ ਰਹਿ, ਕਿੰਨੇ ਸਾਲਾਂ ਮਗਰੋਂ ਤਾਂ ਮਿਲੇ ਹਾਂ ਮਸਾਂ!"

"ਮੈਂ ਦੋ ਬਜੇ ਵਾਲੀ ਗੱਡੀ ਫੜ ਲਵਾਂਗਾ", ਮੈਂ ਸਭ ਨੂੰ ਸਾਂਝਾ ਜਵਾਬ ਦਿੰਦਾ ਹਾਂ। "ਮੇਰਾ ਅੱਜ ਪਿੰਡ ਪਹੁੰਚਣਾ ਬਹੁਤ ਜ਼ਰੂਰੀ ਹੈ। ਚਿੱਠੀ ਗਈ ਸੀ। ਕੋਈ ਘਰੇਲੂ ਉਲਝੇਵਾਂ ਹੈ। ਸਾਰੇ ਮੈਨੂੰ ਉਡੀਕਦੇ ਹੋਣਗੇ।"

ਰਾਜੂ ਉਲਝ ਗਿਆ ਲਗਦਾ ਹੈ। ਉਹ ਕੁਝ ਕਹਿਣਾ ਚਾਹੁੰਦਾ ਹੈ, ਪਰ ਪੂਤਲੀ ਅਤੇ ਭਾਬੀ ਦੇ ਸਾਹਮਣੇ ਕਹਿ ਨਹੀਂ ਸਕਦਾ। ਪੈਰ ਦੀ ਮੋਚ ਕਾਰਨ ਉਹ ਗੱਲ ਕਰਨ ਲਈ ਬਾਹਰ ਤੱਕ ਮੇਰੇ ਨਾਲ ਵੀ ਨਹੀਂ ਆ ਸਕਦਾ। ਬੱਸ ਉਹ ਨਹੀਂ-ਨਹੀਂ ਕਰੀ ਜਾਂਦਾ ਹੈ।

ਮੈਂ ਆਖਦਾ ਹਾਂ, "ਕਦੀ ਫੇਰ ਆਵਾਂਗਾ। ਅੱਜ ਤਾਂ ਬੱਸ ਲੰਘਿਆ ਜਾਂਦਾ ਮਿਲਣ ਆ ਗਿਆ। ਸੋਚਿ, ਇਕ ਗੱਡੀ ਛੱਡ ਕੇ ਦੂਜੀ ਫੜ ਲਵਾਂਗਾ।"

ਮੈਂ ਅਟੈਚੀ ਚੁੱਕਦਾ ਹਾਂ, ਭਾਬੀ ਨੂੰ ਫਤਿਹ ਬੁਲਾਉਂਦਾ ਹਾਂ, ਰਾਜੂ ਨੂੰ ਦੁਖਦੇ ਪੈਰ ਨਾਲ ਉੱਠਣੋਂ ਵਰਜਦਾ ਹਾਂ, ਪੂਤਲੀ ਨੂੰ ਇਕ ਵਾਰ ਫੇਰ ਦੇਖਦਾ ਹਾਂ ਅਤੇ ਬਾਹਰ ਆ ਕੇ ਸਟੇਸ਼ਨ ਲਈ ਰਿਕਸ਼ਾ ਫੜ ਲੈਂਦਾ ਹਾਂ! o



## ਮੁਲਾਕਾਤ

### "ਮੈਂ ਸਵੈ-ਜੀਵਨੀ ਲਿਖਣ ਦੇ ਬਿਲਕੁਲ ਹੱਕ ਵਿਚ ਨਹੀਂ"-ਬਲਜੀਤ ਕੌਰ ਬਲੀ

**ਮੁਲਾਕਾਤੀ ਜਸਵੀਰ ਕੌਰ (ਡਾ.)**

**? ਪਹਿਲਾਂ ਤੁਸੀਂ ਇਹ ਦੱਸੋ ਕਿ ਤੁਸੀਂ ਲੇਖਕ ਕਦੋਂ? ਕਿਵੇਂ ? ਤੇ ਕਿੰਨਾਂ ਪਰਿਸਥਿਤੀਆਂ ਵਿਚ ਬਣੇ? ਜਾਂ ਕਿ ਲੇਖਕ ਬਣਨਾ ਤੁਹਾਡਾ ਸੁਪਨਾ ਸੀ? ਕੀ ਲੇਖਕ ਬਣਨਾ ਕੋਈ ਕੁਦਰਤੀ ਕ੍ਰਿਸ਼ਮਾ ਹੁੰਦਾ ਹੈ ਜਾਂ ਵਿਅਕਤੀ ਦੀ ਸੁਭਾਵਕ ਕੀਤੀ ਚੋਣ ?**

– ਸੱਚ ਤਾਂ ਇਹ ਹੈ ਕਿ ਮੈਂ ਦਸੰਬਰ ਉਨੀ ਸੌ ਪਚੰਤਰ ਤੱਕ ਲੇਖਕ ਬਣਨ ਬਾਰੇ ਕਦੀ ਸੋਚਿਆ ਹੀ ਨਹੀਂ ਸੀ ਸੁਪਨਾ ਲੈਣਾ ਤਾਂ ਇਕ ਪਾਸੇ ਰਿਹਾ। ਨਾ ਹੀ ਮੇਰੀ ਜ਼ਿੰਦਗੀ ਵਿਚ ਕੋਈ ਅਜਿਹਾ ਵਿਅਕਤੀ ਆਇਆ ਜਾਂ ਗਿਆ ਜਿਸਦੇ ਵਿਛੋੜੇ ਨੇ ਮੈਨੂੰ ਲੇਖਕ ਬਣਨ ਲਈ ਮਜਬੂਰ ਕੀਤਾ ਹੋਵੇ। ਲੇਖਕ ਬਣਨ ਨੂੰ ਮੈਂ ਕੋਈ ਰੱਬੀ ਦਾਤ ਜਾਂ ਕੁਦਰਤ ਦਾ ਕ੍ਰਿਸ਼ਮਾ ਵੀ ਨਹੀਂ ਮੰਨਦੀ ਜੇ ਅਜਿਹਾ ਹੁੰਦਾ ਤਾਂ ਅੱਜ ਬਹੁਤ ਸਾਰੇ ਲੇਖਕ ਨਾ ਹੁੰਦੇ। ਪਰ ਮੈਂ ਸਮਝਦੀ ਹਾਂ ਕਿ ਕਈ ਵਾਰੀ ਜ਼ਿੰਦਗੀ ਵਿਚ ਕੁੱਝ ਅਜਿਹਾ ਵਾਪਰ ਜਾਂਦਾ ਹੈ ਜਿਹੜਾ ਕਿਸੇ ਕ੍ਰਿਸ਼ਮੇ ਨਾਲੋਂ ਘੱਟ ਨਹੀਂ ਹੁੰਦਾ ਪਰ ਇਸ ਵਿਚ ਵੀ ਇਕ ਗੱਲ ਨਿਹਤ ਹੁੰਦੀ ਹੈ ਕਿ ਰਚਨਾ ਦਾ ਕੋਈ ਨਾ ਕੋਈ ਬੀਜ ਕਦੇ ਨਾ ਕਦੇ ਉਸ ਧਰਤੀ (ਮਨੁੱਖ) ਅੰਦਰ ਡਿੱਗ ਚੁੱਕਿਆ ਹੁੰਦਾ ਹੈ। ਯੋਗ ਵਾਤਾਵਰਣ ਮਿਲਦਿਆ ਹੀ ਜਿਸਦੇ ਅੰਕੁਰ ਫੁੱਟ ਪੈਂਦੇ ਨੇ। ਉਂਜ ਮੇਰਾ ਇਹ ਵੀ ਵਿਸ਼ਵਾਸ਼ ਹੈ ਕਿ ਕੱਲਰੀਆਂ ਧਰਤੀਆਂ ਨੂੰ ਵੀ ਬਹੁਤ ਵਾਰੀ ਮਿਹਨਤ ਤੇ ਸਿੱਦਕ ਤੇ ਯੋਗਤਾ ਨਾਲ ਉਪਜਾਊ ਬਣਾਇਆ ਜਾ ਸਕਦਾ ਹੈ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਦੀ ਰਚਣਈ ਸ਼ਕਤੀ ਦਾ ਮਿਆਰ ਕਿੱਥੇ ਕੁ ਹੈ ?

ਮੇਰੀ ਜ਼ਿੰਦਗੀ ਦਾ ਸੱਚ ਇਹ ਹੈ ਕਿ ਮੈਂ ਲੇਖਕਾਂ ਪ੍ਰਤੀ ਮੁੱਢ ਤੋਂ ਆਦਰ ਭਾਵ ਰਖਦੀ ਸਾਂ। ਲੇਖਕਾਂ ਨੂੰ ਪੜ੍ਹਦੀ ਸਾਂ। ਲੇਖਕ ਮੈਨੂੰ ਚੰਗੇ ਲਗਦੇ ਸਨ। ਪਰ ਮੈਂ ਸੋਚਦੀ ਸਾਂ ਲੇਖਕ ਬਣਨਾ ਹਾਰੀ ਸ਼ਾਰੀ ਦਾ ਕੰਮ ਨਹੀਂ। ਅੱਜ ਜਦੋਂ ਮੈਂ ਆਪਣੇ ਜੀਵਨ 'ਤੇ ਪਰਤਵੀਂ ਝਾਤ ਮਾਰਦੀ ਹਾਂ ਤਾਂ ਮੈਂ ਸੋਚਦੀ ਹਾਂ ਕਿ ਮੇਰੇ ਵਿਚ ਲੇਖਕ ਬਣਨ ਦੀਆਂ ਸੰਭਾਵਨਾਵਾਂ ਹੋਣ ਦੇ ਬਾਵਜੂਦ ਮੇਰਾ ਧਿਆਨ ਇਧਰ ਕਿਉਂ ਨਹੀਂ ਗਿਆ ? ਅੰਮ੍ਰਿਤਾ ਪ੍ਰੀਤਮ, ਨਾਨਕ ਸਿੰਘ ਤੇ ਗੁਰਬਖਸ਼ ਸਿੰਘ ਨੂੰ ਪੜ੍ਹਦਿਆਂ ਉਨ੍ਹਾਂ ਦੀਆਂ ਰਚਨਾਵਾਂ ਦੇ ਕੁਝ ਅੰਸ਼ ਯਾਦ ਕਰਦਿਆਂ ਮਹਿਫ਼ਲਾਂ 'ਚ ਸੁਣਾਉਣੇ, ਗਿੱਧੇ ਦੀਆਂ ਬੋਲੀਆਂ ਜੋੜਨੀਆਂ ਕਿਤੇ ਕਿਤੇ ਕਵਿਤਾ ਦੀਆਂ ਤੁਕਾਂ ਵੀ ਲਿਖਣੀਆਂ ਜਾਂ ਜੋੜਨੀਆਂ ਪਰ ਫਿਰ ਵੀ ਮੇਰਾ ਧਿਆਨ ਲੇਖਕ ਬਣਨ 'ਚ ਨਹੀਂ ਗਿਆ ਸਾਇਦ ਉਨ੍ਹਾਂ ਸਮਿਆਂ ਵਿੱਚ ਮੈਨੂੰ ਐਨੀ ਚੇਤਨਾ ਨਹੀਂ ਸੀ ਜਾਂ ਇਹ ਮੇਰਾ ਸੁਪਨਾ ਨਹੀਂ ਸੀ।

ਅਸਲ ਵਿਚ ਮੇਰਾ ਸੁਪਨਾ ਹੋਰ ਸੀ ਫੁੱਲਾਂ ਵਾਲੇ ਘਰ ਦਾ ਸੁਪਨਾ ਸੀ ਜਿਸਨੂੰ ਤਾਮੀਰ ਕਰਦਿਆਂ ਮੈਂ ਆਪਣੀ ਉਮਰ ਲਗਾ ਦਿੱਤੀ। ਇਹ ਸੁਪਨਾ ਤਾਂ ਪੂਰਾ ਨਾ ਹੋਇਆ ਪਰ ਇਸ ਤਸੱਦਦ ਵਿਚੋਂ ਕਲਮ ਹੱਥ ਆ 'ਗੀ ਜਿਹੜੀ ਮੈਂ ਫੜੀ ਨਹੀਂ ਸੀ ਮੇਰੇ ਹਾਲਾਤ ਨੇ ਮੈਨੂੰ ਜਬਰਦਸਤੀ ਫੜਾਈ ਸੀ। ਇਹ ਮੈਨੂੰ ਬਹੁਤ ਦੇਰ ਪਿਛੋਂ ਪਤਾ ਲੱਗਿਆ ਕਿ ਸਾਹਿਤ ਪੜ੍ਹਨਾ ਤੇ ਸਾਹਿਤ ਰਚਨਾ ਮਨੁੱਖ ਨੂੰ ਜੀਵਨ ਦਿੰਦਾ ਹੈ ਤੇ ਇਹ ਇਕ ਨੇਕ ਕਰਮ ਹੈ ਪਰ ਉਦੋਂ ਇਸ ਗੱਲ ਦਾ ਮੈਨੂੰ ਅਹਿਸਾਸ ਨਹੀਂ ਸੀ। ਮੇਰੀਆਂ ਪਰਿਸਥਿਤੀਆਂ ਐਨੀਆਂ ਕੱਟੜ ਤੇ ਕਠੋਰ ਸਨ ਕਿ ਜੇ ਮੈਂ ਲੇਖਕ ਨਾ ਬਣਦੀ ਤਾਂ ਹੁਣ ਤੱਕ ਜਿਉਂਦੀ ਨਹੀਂ ਸੀ ਰਹਿ ਸਕਦੀ। ਕਈ ਵਾਰੀ ਸਰੀਰਕ ਤੇ ਮਾਨਸਿਕ ਤਸੱਦਦ ਐਨਾ ਵਧ ਜਾਣਾ ਕਿ ਜਿਉਣ ਨਾਲੋਂ ਮਰਨ ਨੂੰ ਤਰਜੀਹ ਦਿੰਦੀ ਸਾਂ। ਸੱਚ ਇਹ ਹੈ ਕਿ ਅਜਿਹਾ ਕਰਨ ਲਈ ਮੈਂ ਕਈ ਵਾਰੀ ਸੋਚਿਆ ਤੇ ਇਕ ਵੱਡਾ ਹੰਭਲਾ ਵੀ ਮਾਰਿਆ ਸੀ ਪਰ ਮੈਨੂੰ ਕਾਮਯਾਬੀ ਨਾ ਮਿਲੀ। ਅਦਰਸ਼ ਬਾਪ ਦੀ ਧੀ ਸਾਂ ਸ਼ਾਇਦ ਇਸੇ ਕਰਕੇ ਸੋਚ ਗਈ ਸਾਂ, "ਮਰਨ ਨਾਲੋਂ ਕੋਈ ਵੀ ਫ਼ੈਸਲਾ ਕਰਨਾ ਬਿਹਤਰ ਹੋਏਗਾ।' ਇਹ ਮੈਨੂੰ ਬਾਦ 'ਚ ਪਤਾ ਲੱਗਿਆ ਕਿ ਬਿਹਤਰ ਕਿਵੇਂ ਹੋਏਗਾ।'

'ਜਿਸ ਫ਼ੈਸਲੇ ਵਿਚ ਦ੍ਰਿੜਤਾ ਦਲੇਰੀ ਤੇ ਈਮਾਨਦਾਰੀ ਹੋਵੇ ਉਹ ਇਕ ਨਾ ਇਕ ਦਿਨ ਸੱਚ ਨੂੰ ਸਾਹਮਣੇ ਲਿਆ ਸਕਦਾ ਹੈ।' ਸੋ ਮੈਂ ਦ੍ਰਿੜਤਾ ਤੇ ਦਲੇਰੀ ਨਾਲ ਇਕ ਫ਼ੈਸਲਾ ਕਰ ਲਿਆ ਜਿਸ ਅਨੁਸਾਰ ਮੈਂ ਆਪਣਾ ਰਾਹ ਪਰੰਪਰਾਈ ਰਾਹ ਤੋਂ ਨਿਖੇੜ ਲਿਆ।

ਫ਼ੈਸਲਾ ਕਰ ਲਿਆ ਗਿਆ ਪਰ ਸਾਡੇ ਸਮਾਜ ਵਿਚ ਔਰਤ ਆਪਣੀ ਮਨ ਮਰਜੀ ਨਾਲ ਤੇ ਸਵੈ-ਪਛਾਣ ਨਾਲ ਜੀ ਕਿੱਥੇ ਸਕਦੀ ਹੈ ? ਉਸਨੂੰ ਕੋਈ ਨਾ ਕੋਈ ਕੀਮਤ ਤਾਰਨੀ ਪੈਂਦੀ ਹੈ। ਮੇਰੇ ਰਾਹ ਵਿਚ ਵੀ ਅਨੇਕਾਂ ਚਣੌਤੀਆਂ ਸਨ। ਅਨੇਕਾਂ ਡਰ, ਅਨੇਕਾਂ ਕਸ਼ਟ ਤੇ ਅਨੇਕਾਂ ਨਮੋਸ਼ੀਆ ਮੂੰਹ ਅੱਡੀ ਖੜੀਆਂ ਸਨ ਪੈਰ-ਪੈਰ ਤੇ 'ਅਗਨੀ ਪ੍ਰੀਖਿਆ' ਦੇਣੀ ਪੈਂਦੀ ਸੀ। ਕਈ ਵਾਰੀ ਕਦਮ ਡਗਮਗਾਉਂਦੇ ਵੀ ਰਹੇ ਪਰ ਮੇਰੇ ਅੱਗੇ ਇਕ ਚੈਲਿੰਜ ਸੀ। ਉਸ ਚੈਲਿੰਜ ਨੇ ਜਿੱਥੇ ਮੇਰੀਆਂ ਬਾਹਰਲੀਆਂ ਪਰਿਸਥਿਤੀਆਂ ਨੂੰ ਵਧੇਰੇ ਕੱਟੜ ਤੇ ਕਠੋਰ ਬਣਾਇਆ ਉਨਾ ਹੀ ਮੇਰੇ ਅੰਦਰਲੇ ਸੱਚ ਨੂੰ ਵਧੇਰੇ ਪ੍ਰਬਲ ਤੇ ਮੂੰਹ ਜੋਰ ਵੀ ਸਭ ਤੋਂ ਵੱਧ ਮੈਂ ਉਦੋਂ ਤੜਫ਼ੀ ਜਦੋਂ ਮੇਰੀ ਮਮਤਾ ਦਾ ਗਲਾ ਘੁਟਿਆ ਗਿਆ। ਇਕ ਵਾਰੀ ਮੇਰਾ ਵਿਸ਼ਵਾਸ ਡੋਲਿਆ। ਭਾਵੇਂ ਮੇਰੀ ਦ੍ਰਿੜਤਾ ਕਿਸੇ ਸੱਚ ਦੇ ਸਹਾਰੇ ਤਣੀ ਖੜੀ ਸੀ ਤੇ ਆਤਮ ਵਿਸ਼ਵਾਸ਼ ਕੁਠਾਲੀ ਵਿਚ ਪੱਕ ਚੁੱਕਿਆ ਸੀ, ਫਿਰ ਵੀ ਮਾਨਸਿਕ ਦਬਾਅ ਐਨਾ ਵਧ ਗਿਆ ਸੀ ਕਿ ਕੁਸ਼ ਨਾ ਪੁਛੋਂ ਦਿਮਾਗ਼ ਦੀ ਨਾੜੀ ਅਚਾਨਕ ਫਟ ਸਕਦੀ ਸੀ। ਪਰ ਹੋਇਆ ਇਹ ਕਿ ਅਚਾਨਕ ਮੇਰਾ ਸੇਫਟੀ ਬਲਾਵ ਖੁੱਲ੍ਹ ਗਿਆ। ਉਦੋਂ ਨਹੀਂ ਸੀ ਪਤਾ ਕਿ ਇਹ ਰਚਨਾ ਦਾ ਅਨੁਭਵ ਹੈ ਜਾਂ ਕੋਈ ਕੁਦਰਤ ਦਾ ਕ੍ਰਿਸ਼ਮਾ ? ਜਾਂ ਕੁੱਝ ਹੋਰਹ। ਇਕ ਢਾਰੇ ਦੀ ਢਲੀ ਛਾਂ ਵਿਚ ਚਿੰਤਾ ਗ੍ਰਸਤ ਹੋ ਕੇ ਲੇਟੀ ਹੋਈ ਸਾਂ ਕਿ ਛੋਟੇ ਛੋਟੇ ਫਿਕਰੇ ਮੇਰੇ ਜਿਹਨ ਵਿਚ ਤੁਰਨ ਲੱਗੇ। ਇਉਂ ਲੱਗਿਆ। ਜਿਵੇਂ ਅੰਦਰੋਂ ਕੋਈ ਹੌਲੀ ਹੌਲੀ ਬੋਲ ਰਿਹਾ ਹੋਵੇ। ਜਾਂ ਕੋਈ ਨਵਾਂ ਨਵਾਂ ਤੁਰਨਾ ਸਿਖਿਆ ਬੱਚਾ ਪੋਲੇ ਪੋਲੇ ਕਦਮ ਪੁਟਦਾ ਮਾਂ ਵੱਲ ਅਹੁਲ ਰਿਹਾ ਹੋਵੇ। ਮੇਰੀ ਹਿੰਮਤ ਇਹ ਹੋਈ ਕਿ ਮੈਂ ਝੱਟ ਕਾਗਜ਼ ਤੇ ਕਲਮ ਲੈ ਕੇ ਬੈਠ ਗਈ ਤੇ ਉਸ ਕ੍ਰਿਸ਼ਮੇ ਵਰਗੇ ਥੈਲੇ 'ਚੋਂ 'ਇੱਲ੍ਹੂ' ਕਹਾਣੀ ਨਿਕਲ ਆਈ।

ਇਸ ਤੋਂ ਬਾਦ ਜਿਵੇਂ ਲਿਖਣ ਦਾ ਇਕ ਕੜ ਪਾਟ ਗਿਆ। ਮੈਂ ਲਗਾਤਾਰ ਅੱਠ ਦਸ ਕਹਾਣੀਆਂ ਲਿਖੀਆਂ ਜਿਨ੍ਹਾਂ ਵਿਚੋਂ ਕੁੱਝ 'ਜਨ ਸਾਹਿਤ' ਵਿਚ ਛਪੀਆਂ, ਕੁੱਝ 'ਆਪਣੀ ਛਾਵੇਂ' ਨਾਵਲ ਦਾ ਹਿੱਸਾ ਬਣ ਗਈਆਂ ਤੇ ਕੁਝ ...'ਨਕਸ਼ ਮਿਟਦੇ ਗਏ' ਕਹਾਣੀ ਸੰਗ੍ਰਹਿ ਵਿਚ ਸ਼ਾਮਲ ਹੋ ਗਈਆਂ। ਇਉਂ ਮੇਰੀ ਰਚਨਾ ਦਾ ਸ੍ਰੀ ਗਣੇਸ਼ ਹੋਇਆ। ਉਸ ਤੋਂ ਬਾਦ ਜਿਵੇਂ ਮੈਨੂੰ ਰਾਹ ਲੱਭ ਪਿਆ। ਜਿਉਣ ਦਾ ਮਕਸਦ ਮਿਲ ਗਿਆ ? ਹੁਣ ਜਦੋਂ ਵੀ ਕਦੇ ਸੋਚਦੀ ਹਾਂ ਕਿ ਮੈਂ ਜ਼ਿੰਦਗੀ ਵਿਚ ਕਿੱਥੇ ਕਿੱਥੇ ਕੀ ਗੁਆਇਆ ਹੈ ਅਖੀਰ ਇਹੀ ਸੋਚਦੀ ਹਾਂ ਜੋ ਪ੍ਰਾਪਤ ਕਰ ਸਕੀ ਹਾਂ ਕੀ ਉਹ ਉਸ ਨਾਲੋਂ ਘੱਟ ਹੈ ?

**? ਮੈਡਮ ਆਮ ਤੌਰ ਤੇ ਲੇਖਕ ਕਹਾਣੀਆਂ ਤੋਂ ਨਾਵਲ ਵੱਲ ਪਰਤਦੇ ਹਨ ਪਰ ਤੁਸੀਂ ਚਾਰ ਨਾਵਲ ਲਿਖ ਕੇ ਤੇ ਇਸ ਖੇਤਰ ਵਿਚ ਸਵੀਕ੍ਰਿਤੀ ਪ੍ਰਾਪਤ ਕਰਨ ਮਗਰੋਂ ਕਹਾਣੀ ਵੱਲ ਪਰਤੇ ਹੋ ਇਸਦਾ ਕੀ ਕਾਰਨ ਹੈ ? ਤੁਸੀਂ ਇਨ੍ਹਾਂ ਦੋਹਾਂ ਵਿਧਾਵਾ ਵਿਚ ਕੀ ਅੰਤਰ ਮਹਿਸੂਸ ਕਰਦੇ ਹੋ ?**

- ਤੁਹਾਡੀ ਇਸ ਗੱਲ ਨਾਲ ਮੈਂ ਸਹਿਮਤ ਹਾਂ ਕਿ ਆਮ ਤੌਰ ਤੇ ਲੇਖਕ ਕਹਾਣੀ ਪਹਿਲਾਂ ਲਿਖਦੇ ਨੇ ਤੇ ਨਾਵਲ ਪਿਛੋਂ। ਉਹ ਇਸ ਲਈ ਕਿ ਕਹਾਣੀ ਨੂੰ ਨਾਵਲ ਦੀ ਮਸ਼ਕ ਵਜੋਂ ਲਿਆ ਜਾਂਦਾ ਹੈ। ਮੈਂ ਵੀ ਨਾਵਲ ਤੋਂ ਪਹਿਲਾਂ ਕੁੱਝ ਕਹਾਣੀਆਂ ਲਿਖੀਆਂ ਸਨ ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਦੀ ਉਸ ਤਰ੍ਹਾਂ ਚਰਚਾ ਨਹੀਂ ਹੋਈ। ਮੈਂ ਵੀ ਉਦੋਂ ਕਹਾਣੀ ਤੇ ਹੁਣ ਵਾਂਗ ਨਿੱਠਕੇ ਕੰਮ ਨਹੀਂ ਸੀ ਕੀਤਾ। ਤੁਹਾਨੂੰ ਮੇਰਾ ਚਾਰ ਨਾਵਲਾਂ ਦੀ ਸਿਰਜਣਾ ਕਰਨ ਪਿੱਛੋਂ ਕਹਾਣੀ ਵੱਲ ਪਰਤਣਾ ਹੈਰਾਨੀ ਜਨਕ ਲਗਦਾ ਹੈ ? ਖੈਰ...

ਵੈਸੇ ਤਾਂ ਮੇਰੀ ਰਚਨਾ ਦਾ ਇਕ ਸੱਚ ਇਹ ਹੈ ਕਿ ਮੂਲ ਰੂਪ ਵਿਚ ਮੈਂ ਕਹਾਣੀਆਂ ਲਿਖਦੀ ਹਾਂ। ਅਸਲੀਅਤ ਵਿਚ ਮੈਂ ਦੋ ਹੀ ਨਾਵਲ ਲਿਖ ਸਕੀ ਹਾਂ ' ਠਰੀ ਰਾਤ' ਤੇ 'ਧੁੱਪ ਦੀ ਵਾਟ' ਬਾਕੀ ਦੋਵੇਂ ਨਾਵਲ 'ਆਪਣੀ ਛਾਵੇਂ' ਤੇ 'ਗੁਆਚੇ ਸੂਰਜ' ਮੇਰੀਆਂ ਕਹਾਣੀ ਤੇ ਉਸਰੇ ਨਾਵਲ ਹਨ। ਅਸਲ ਵਿਚ ਮੈਂ ਸੋਚਦੀ ਕਹਾਣੀ ਹੀ ਹਾਂ ਪਰ ਕਦੀ ਕਦੀ ਇਹ ਨਾਵਲ ਵੀ ਬਣ ਜਾਂਦਾ ਹੈ। ਜਿਵੇਂ



'ਆਪਣੀ ਛਾਵੇਂ' ਨਾਵਲ ਲਿਖਣ ਤੋਂ ਪਹਿਲਾਂ ਮੈਂ ਲਗਾਤਾਰ ਅੱਠ ਦਸ ਕਹਾਣੀਆਂ ਦੀ ਸਿਰਜਣਾ ਕੀਤੀ । ਜਦੋਂ ਮੈਂ ਉਨ੍ਹਾਂ ਕਹਾਣੀਆਂ ਨੂੰ ਜੋੜਕੇ ਵੇਖਿਆ ਤਾਂ ਉਨ੍ਹਾਂ ਵਿਚ ਲੜੀ ਜੁੜਦੀ ਸੀ ਕਿਉਂਕਿ ਬਿਰਤਾਂਤ ਸਾਂਝਾ ਸੀ। ਮੈਂ ਇਕ ਦੋ ਕਾਡਾਂ ਦੀ ਸਿਰਜਣਾ ਕਰਕੇ ਉਸਨੂੰ ਨਾਵਲ ਵਿਚ ਤਬਦੀਲ ਕਰ ਲਿਆ। 'ਗੁਆਚੇ ਸੂਰਜ' ਨਾਵਲ ਦਾ ਇਤਿਹਾਸ ਵੀ ਕੁੱਝ ਇਸੇ ਤਰ੍ਹਾਂ ਦਾ ਹੈ। ਮੈਂ ਇਹ ਵੀ ਪਹਿਲਾਂ ਇਕ ਕਾਹਣੀ ਲਿਖੀ ਸੀ ਜਿਹੜੀ ਸਿਰਜਣਾ ਵਿਚ ਛਪੀ ਸੀ (ਨਾ ਯਾਦ ਨਹੀਂ ਆ ਰਿਹਾ) ਨਾਵਲ ਦਾ ਪਹਿਲਾ ਕਾਂਡ ਉਸੇ ਕਹਾਣੀ ਨਾਲ ਸ਼ੁਰੂ ਹੁੰਦਾ ਹੈ। ਕਹਾਣੀ ਲਿਖਣ ਪਿਛੋਂ ਮੈਂ ਸੁਰਖਰੂ ਨਾ ਹੋ ਸਕੀ ਜਿਵੇਂ ਬਬਲੀ ਹਮੇਸ਼ਾਂ ਮੇਰੇ ਜਿਹਨ ਵਿਚ ਰਹਿਣ ਲੱਗਾ । ਮੈਂ ਹਮੇਸ਼ਾਂ ਇਹੀ ਸੋਚਦੀ ਰਹੀ ਕਿ ਉਹ ਹੁਣ ਕਿੱਥੇ ਜਾਏਗਾ ? ਕੀ ਕਰੇਗਾ ? ਸਕੂਲੋਂ ਕੱਢਣ ਨਾਲ ਤਾਂ ਉਸਦੀ ਸਮੱਸਿਆ ਦਾ ਹੱਲ ਨਹੀਂ ਅਖੀਰ ਹੌਲੀ ਹੌਲੀ ਇਹ ਪਾਤਰ ਸਪੇਸ ਮੰਗਣ ਲੱਗਾ ਤੇ ਆਪਣੇ ਆਪ ਉਸਰਨ ਲੱਗਿਆ ਤਾਂ ਮੈਂ ਇਸਨੂੰ ਰੇੜ੍ਹੇ ਤੇ ਬਿਠਾ ਕੇ ਯੂਨੀਵਰਸਿਟੀ ਪੁਚਾ ਦਿੱਤਾ। ਇਸੇ ਤਰ੍ਹਾਂ ਗੱਲ ਅਗਿਉਂ ਤੁਰਦੀ ਚਲੀ ਗਈ। ਕੜੀ ਨਾਲ ਕੜੀ ਜੋੜ ਗਈ ਇਸ ਵਿੱਚ ਪੇਸ਼ ਕਰੀ ਪੀ. ਟੀ. ਏ. ਦੀ ਮੀਟਿੰਗ ਤੇ ਗੋਗੀ ਵਾਲੀ ਘਟਨਾ ਵੀ ਪਹਿਲਾਂ ਕਹਾਣੀਆਂ ਹੀ ਸਨ ਪਿਛੋਂ ਨਾਵਲ ਵਿਚ ਸ਼ਾਮਲ ਹੋ ਗਈਆਂ ਜਿਸ ਨਾਲ ਸਕੂਲੀ ਵਾਤਾਵਰਨ ਵਧੇਰੇ ਉਗੜ ਸਕਿਆ ਹੈ।

ਮੇਰੀ ਰਚਨਾ ਦਾ ਦੂਜਾ ਸੱਚ ਇਹ ਹੈ ਕਿ ਮੈਂ ਮਿਥ ਕੇ ਜਾਂ ਕਿਸੇ ਮਨੋਰਥ ਅਧੀਨ ਕਹਾਣੀ ਜਾਂ ਨਾਵਲੀ ਵਿਧਾ ਨੂੰ ਨਹੀਂ ਆਪਣਾਉਂਦੀ ਬਲਕਿ ਇਹ ਮੇਰਾ ਸੁਭਾਵਕ ਜਾਂ ਸੁਤੇ ਸਿੱਧ ਕੀਤਾ ਫ਼ੈਸਲਾ ਹੁੰਦਾ ਹੈ। ਸ਼ਾਇਦ ਇਸ ਵਿਚ ਬ੍ਰਿਤਾਂਤ ਦੀ ਲੋੜ ਤੇ ਉਸਨੂੰ ਕਿਸੇ ਰੂਪ ਵਿਚ ਢਾਲਣ ਦੀ ਮੇਰੀ ਸੀਮਾ ਜਾਂ ਸਮਰੱਥਾ ਹੁੰਦੀ ਕਈ ਵਾਰੀ ਮੈਂ ਨਾਵਲ ਲਿਖਣਾ ਚਾਹੁੰਦੀ ਵੀ ਨਾਵਲ ਨਹੀਂ ਲਿਖ ਸਕਦੀ ਉਸਦੀਆਂ ਕਹਾਣੀਆਂ ਬਣ ਜਾਂਦੀਆਂ ਨੇ ਜਿਵੇਂ 'ਰੁੱਤ ਕੁਰੱਤੀ' ਕਹਾਣੀ ਸੰਗ੍ਰਹਿ ਨਾਲ ਵਾਪਰਿਆ ਹੈ। ਅਸਲ ਵਿਚ ਮੈਂ 'ਵਿੱਲ' ਨਾਂ ਦਾ ਇਕ ਵੱਡਾ ਨਾਵਲ ਲਿਖਣਾ ਚਾਹੁੰਦੀ ਸੀ ਪਰ ਇਹ ਨਾਵਲ ਮੇਰੀ ਪਕੜ੍ਹ ਵਿਚ ਨਹੀਂ ਸੀ ਆ ਰਿਹਾ। ਇਹ ਮੇਰੀ ਸੀਮਾ ਸੀ। ਉਨ੍ਹਾਂ ਨੂੰ ਕਹਾਣੀਆਂ ਵਿਚ ਤਬਦੀਲ ਕਰਨਾ ਮੇਰੀ ਰਚਨਾਤਮਿਕ ਮਜ਼ਬੂਰੀ ਇਸੇ ਤਰ੍ਹਾਂ ਕਈ ਵਾਰੀ ਤੁਹਾਨੂੰ ਮੇਰੀਆਂ ਕਹਾਣੀਆਂ ਵਿਚ ਨਾਵਲੀ ਅੰਸ਼ ਆ ਜਾਣ ਕਾਰਨ ਵਿਸਥਾਰ ਵਰਗੀ ਟੋਹ ਮਿਲਦੀ ਹੈ। ਮੈਂ ਤਾਂ ਸਿਰਫ ਮੈਟਰ ਦੀ ਚੋਣ ਤੇ ਤਕਨੀਕ ਬਾਰੇ ਸੁਚੇਤ ਹੁੰਦੀ ਹਾਂ। ਇਹੀ ਕਾਰਨ ਹੈ ਕਿ ਮੈਂ ਨਾਵਲ ਲਿਖਦੀ ਲਿਖਦੀ ਕਹਾਣੀਆਂ ਲਿਖ ਜਾਂਦੀ ਹਾਂ ਤੇ ਕਹਾਣੀ ਲਿਖਦੀ ਲਿਖਦੀ ਨਾਵਲ । ਕਹਾਣੀ ਲਿਖਣ ਬੈਠੀ ਸਾਂ 'ਪੈਰਾਂ ਹੇਠਲੀ ਧਰਤੀ' ਮੈਨੂੰ ਪਤਾ ਹੀ ਨਹੀਂ ਲੱਗਿਆ 'ਗੁਆਚੇ ਸੂਰਜ ਵਾਂਗ ਉਹ ਕਿਵੇਂ ਨਾਵਲ ਬਣ ਗਿਆ।

ਇਨ੍ਹਾਂ ਦੋਹਾਂ ਵਿਧਾਵਾ ਵਿਚ ਮੈਨੂੰ ਜਿਹੜਾ ਅੰਤਰ ਮਹਿਸੂਸ ਹੋਇਆ ਹੈ ਉਹ ਇਹ ਇਕ ਆਪਣੇ ਆਪ ਵਿਚ ਭਾਵੇਂ ਕਹਾਣੀ ਲਿਖਣੀ ਕਿੰਨੀ ਵੀ ਮੁਸ਼ਕਲ ਹੋਵੇ ਪਰ ਨਾਵਲ ਲਿਖਣਾ ਮੁਸ਼ਕਲ ਹੀ ਨਹੀਂ ਬਲਕਿ ਕਾਫੀ ਕਠਿਨ ਕੰਮ ਹੈ। ਨਾਵਲ ਲਿਖਣ ਲਈ ਬੜੀ ਤਿਆਰੀ ਦੀ ਜਰੂਰਤ ਪੈਂਦੀ ਹੈ। ਵੱਖ-ਵੱਖ ਵਿਸ਼ਿਆ ਤੇ ਪਹਿਲੂਆਂ ਦੀ ਜਾਣਕਾਰੀ ਤੇ ਨਾਲ ਨਾਲ ਸਮਕਾਲੀ , ਰਾਜਨੀਤਕ ਸਮਾਜਿਕ, ਆਰਥਿਕ ਪਹਿਲੂਆਂ ਨੂੰ ਜਾਣੇ ਬਗੈਰ ਨਾਵਲ ਲਿਖਣਾ ਸੰਭਵ ਨਹੀਂ।

**? ਹਰ ਲੇਖਕ ਕਿਸੇ ਨਾ ਕਿਸੇ ਸਮੇਂ ਆਪਣੀ ਸਮੁੱਚੀ ਰਚਨਾ ਉਤੇ ਪਰਤਵੀਂ ਝਾਤ ਮਾਰਦਾ ਹੈ ਕਿ ਉਸਨੇ ਹੁਣ ਤੱਕ ਕੀ ਲਿਖਿਆ ? ਕਿਹੋ ਜਿਹਾ ਲਿਖਿਆ ? ਜਾਂ ਕੀ ਉਹ ਆਪਣੀਆਂ ਰਚਨਾਵਾਂ ਬਾਰੇ ਹੁਣ ਤੱਕ ਹੋਈ ਆਲੋਚਨਾ ਬਾਰੇ ਸਹਿਮਤ ਹੈ? ਆਲੋਚਨਾ ਦੇ ਖੇਤਰ ਵਿਚ ਉਸਦਾ ਸਥਾਨ ਕਿੱਥੇ ਕੁ ਹੈ ?**

- ਮੈਂ ਆਪਣੀ ਰਚਨਾ ਉਤੇ ਜਦੋਂ ਪਰਤਵੀਂ ਝਾਤ ਮਾਰਦੀ ਹਾਂ ਤਾਂ ਸਭ ਤੋਂ ਪਹਿਲਾਂ ਮੈਂ ਇਹੀ ਸੋਚਦੀ ਹਾਂ, ਜਿਸ ਕੰਮ ਬਾਰੇ ਮੈਂ ਕਦੀ ਸੋਚਿਆ ਹੀ ਨਹੀ ਸੀ ਉਹ ਕਰ ਦਿੱਤਾ ਹੈ।' ਪਰ ਨਾਲ ਹੀ ਇਹ ਵੀ ਸੋਚਦੀ ਹਾਂ, ਇਹ ਕੰਮ ਕੁਦਰਤ ਨੇ ਆਇਦ ਮੇਰੇ ਲਈ ਰਾਖਵਾਂ ਰੱਖਿਆ ਹੋਇਆ ਸੀ। ਉਹ ਇਹ ਕੰਮ ਮੈਥੋਂ ਹੀ ਕਰਵਾਉਣਾ ਚਾਹੁੰਦੀ ਸੀ। ਨਹੀਂ ਤਾਂ ਟੇਢੇ ਮੇਢੇ ਰਾਹਾਂ ਤੋਂ ਕਿਉਂ ਇਧਰ

ਆਉਂਦੀ। ਫਿਰ ਸੋਚਦੀ ਹਾਂ ਚਾਰ ਨਾਵਲ ਜਾਂ ਚਾਰ ਕਹਾਣੀਆਂ ਦੀਆਂ ਪੁਸਤਕਾਂ ਲਿਖਕੇ ਮੈਂ ਕੀ ਮਾਰਕਾ ਮਾਰ ਲਿਆ ? ਨਾਵਲ ਕਹਾਣੀਆਂ ਲਿਖਣ ਵਾਲੀ ਬਥੇਰੀ ਜੰਤਾ ਹੈਗੀ ਆ। ਫਿਰ ਸੋਚਦੀ ਹਾਂ 'ਆਪਣੀ ਛਾਵੇਂ' ਕੋਈ ਮਹਾਂ ਕਾਵਿ ਤਾਂ ਨਹੀਂ ? ਪਰ ਇਸ ਵਿਚ ਸੱਚ, ਦਲੇਰੀ ਤੇ ਸਵੈ ਹੋਂਦ ਨਾਲ 'ਆਪਣੀ ਛਾਵੇਂ' ਤੁਰਨ ਵਾਲੀ ਔਰਤ ਦਾ ਜੋ ਕਾਵਿਕ ਭਾਸ਼ਾ ਵਿਚ ਬਿੰਬ ਸਿਰਜਿਆ ਗਿਆ ਹੈ ਕੀ ਉਹ 'ਔਰਤ ਸੱਚ ' ਨਾਲੋਂ ਘੱਟ ਹੈ ? ਕੀ ਇਹ ਸੱਚ ਸਮਾਜ ਨਾਲ ਨਹੀਂ ਜੁੜਿਆ ਹੋਇਆ ?

'ਠਰੀ ਰਾਤ' ਲਿਖ ਕੇ ਮੈਂ ਇਉਂ ਮਹਿਸੂਸ ਕੀਤਾ ਸੀ ਜਿਵੇਂ ਕਿਰਸਾਣੀ ਪ੍ਰਤੀ ਆਪਣਾ ਰਿਣ ਚੁਕਾਇਆ ਹੋਵੇ। ਸੰਤੋ ਸਮਿੰਦਰੋ ਤੇ ਭੰਤੋ ਵਰਗੀਆਂ ਔਰਤਾਂ ਤੇ ਸਾਧੂ ਵਰਗੇ ਮਰਦਾਂ ਨੂੰ ਪੇਂਡੂ ਸਮਾਜ ਦੀ ਖੜੋਤ ਤੇ ਕਠੋਰਤਾ ਕਿਸੇ ਕਦਰ ਬਲੀ ਦਾ ਬਕਰਾ ਬਣਾਉਂਦੀ ਹੈ, 'ਧੁੱਪ ਦੀ ਵਾਟ' ਵਿਚ ਮੈਂ ਭੂਆ ਗੁਲਾਬ ਕੌਰ ਜਿਹੀਆਂ ਔਰਤਾਂ ਨੂੰ ਜਿਹੜੀਆਂ ਸਾਰੀ ਉਮਰ 'ਤੀਰਥ' ਬਣੀਆਂ ਉਮਰਾ ਗੁਜਾਰ ਦਿੰਦੀਆਂ ਨੇ ਤੇ ਉਸਤੋਂ ਅਗਲੀ ਪੀੜ੍ਹੀ ਦੀ ਔਰਤ ਰਾਜਬੀਰ ਜੋ ਦੁਚਿੱਤੀ ਵਿਚ ਵਿਚਰਦੀ ਹੈ ਅਤੇ ਅਜ਼ਾਦ ਹੋਈ ਔਰਤ ਦੇ ਦੋਹਾਂ ਪੱਖਾਂ ਨੂੰ ਲੈ ਕੇ ਸਿਰਜਣਾ ਕੀਤੀ ਹੈ ਜਿਸ ਵਿਚ ਇਨ੍ਹਾਂ ਔਰਤਾਂ ਰਾਹੀ ਇਕ ਜੀਵਨ ਜਾਚ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ ਆਪਣੀ ਉਮਰ ਦੇ ਤੀਹ ਵਰ੍ਹੇ ਸਕੂਲਾਂ ਵਿਚ ਬਤੀਤ ਕਰਨ ਕਰਕੇ ਮੈਂ ਇਹ ਅਨੁਭਵ ਹੁੰਦਾ ਸੀ ਕਿ ਇਨ੍ਹਾਂ ਸਕੂਲੀ ਬੱਚਿਆ ਪ੍ਰਤੀ ਮੇਰੀ ਕੋਈ ਜਿੰਮੇਵਾਰੀ ਹੈ। ਮੈਨੂੰ ਸਾਰੀ ਉਮਰ ਇਹ ਅਹਿਸਾਸ ਹੁੰਦਾ ਰਿਹਾ ਕਿ ਸਾਡੇ ਸਕੂਲਾਂ ਦਾ ਪ੍ਰਬੰਧ ਸਟੀਰੀਓ ਟਾਈਪ ਤੇ ਨਕਾਰਾ ਹੋ ਚੁੱਕਾ ਹੈ ਇਸ ਵਿਚ ਬੱਚਿਆਂ ਨੂੰ ਫੈਕਟਰੀ ਵਾਂਗ ਬੇਜਾਨ ਚੀਜ਼ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਇਸ ਵਿਚ ਸਥਾਪਤੀ ਦੀ ਨਾਂਹ ਪੱਖੀ ਭੂਮਿਕਾ ਤੇ ਅਧਿਆਪਕਾਂ ਦੀ ਕੋਝੀ ਸਿਆਸਤ ਨੂੰ ਪੇਸ਼ ਕਰਕੇ ਮੈਂ ਇਕ ਰਿਣ ਚੁਕਾਉਣ ਦਾ ਯਤਨ ਕੀਤਾ ਹੈ।

ਜਿਥੋਂ ਤੱਕ ਮੇਰੇ ਨਾਵਲਾਂ ਦਾ ਸੰਬੰਧ ਹੈ ਉਨ੍ਹਾਂ ਨੂੰ ਸਾਹਿਤਕ ਜਗਤ ਵਿਚ ਬਣਦੀ ਸਵੀਕ੍ਰਿਤੀ ਮਿਲੀ ਹੈ। ਪੰਜਾਬੀ ਦੇ ਸਿਰਮੌਰ ਆਲੋਚਕਾਂ ਲੇਖਕਾਂ ਨੇ ਇਸਦਾ ਬਣਦਾ ਮੁੱਲ ਵੀ ਪਾਇਆ ਤੇ ਮੈਨੂੰ ਲਿਖਣ ਲਈ ਉਤਸ਼ਾਹਤ ਵੀ ਕੀਤਾ। ਮੈਂ ਸੱਚ ਕਹਿੰਦੀ ਹਾਂ ਜੇ ਮੈਂ 'ਆਪਣੀ ਛਾਵੇਂ' ਨਾਵਲ ਨਾ ਲਿਖਦੀ ਤਾਂ ਮੈਥੋਂ 'ਠਰੀ ਰਾਤ' ਨਾਵਲ ਨਹੀਂ ਸੀ ਲਿਖਿਆ ਜਾਣਾ। 'ਠਰੀ ਰਾਤ' ਨਾਵਲ ਦੀ ਪ੍ਰਸਿੱਧੀ ਨੇ ਹੀ ਮੇਰੇ ਕੋਲੋਂ 'ਧੁੱਪ ਦੀ ਵਾਟ ' ਦੀ ਸਿਰਜਣਾ ਕਰਵਾਈ ਇਸ ਤਰ੍ਹਾਂ ਅਗਲੇਰਾ ਕਦਮ ਪੁੱਟਣ ਲਈ ਮੇਰੇ ਅੱਗੇ ਬੱਚਿਆ ਦਾ ਭਵਿੱਖ ਘੁੰਮ ਗਿਆ ਜਿਸ ਕਰਕੇ 'ਗੁਆਚੇ ਸੂਰਜ' ਦੀ ਸਿਰਜਣਾ ਕੀਤੀ। ਇਨ੍ਹਾਂ ਨਾਵਲਾਂ ਵਿੱਚ ਜਿੱਥੇ ਵਿਸ਼ਿਆ ਦੀ ਵਿਭਿੰਨਤਾ ਹੈ ਉਥੇ ਇਨ੍ਹਾਂ ਨੂੰ ਪੇਸ਼ ਕਰਨ ਦੀ ਵਿਧੀ ਵੀ ਵੱਖਰੀ ਵਖਰੀ ਹੈ।

ਇਸਦੇ ਨਾਲ ਹੀ ਮੈਂ ਕਹਾਣੀ ਖੇਤਰ ਵਿਚ ਪ੍ਰਵੇਸ਼ ਕਰਦਿਆਂ ਨਵੀਆਂ ਚਣੌਤੀਆਂ ਨੂੰ ਸਵੀਕਾਰਿਆ ਹੈ। ਮੈਂ ਕਹਾਣੀ ਵਿਚ ਵੀ ਨਵੇਂ ਤਜ਼ਰਬੇ ਕਰਦਿਆਂ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਇਹ ਵੱਖਰੀ ਗੱਲ ਹੁੰਦੀ ਹੈ ਕਿ ਲੇਖਕ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿੱਚੋਂ ਕੁਝ ਬਹੁਤ ਵਧੀਆਂ , ਕੁਝ ਵਧੀਆ ਤੇ ਕੁਝ ਆਮ ਜਿਹੀਆਂ ਹੁੰਦੀਆਂ ਹਨ। ਕੁਝ ਕਹਾਣੀਆਂ ਦੀ ਕਾਫੀ ਚਰਚਾ ਹੋਈ ਹੈ। ਉਹ ਹਿੰਦੀ ਅਤੇ ਅੰਗ੍ਰੇਜੀ ਵਿਚ ਵੀ ਅਨੁਵਾਦ ਹੋਈਆ। ਭਾਸ਼ਾ ਵਿਭਾਗ ਵਲੋਂ ਸਰਬੋਤਮ ਕਹਾਣੀ ਦਾ ਇਨਾਮ ਵੀ ਮਿਲਿਆ ਹੈ। ਪਰੰਤੂ ਅਜੇ ਵੀ ਇਉਂ ਲਗਦਾ ਹੈ ਜਿਵੇਂ ਅਜੇ ਹੋਰ ਅਗੇ ਵਧਣਾ ਹੈ। ਮੈਂ ਆਪਣੀ ਸਮੁੱਚੀ ਰਚਨਾ ਬਾਰੇ ਅੰਮ੍ਰਿਤਾ ਪ੍ਰੀਤਮ ਦੇ ਸ਼ਬਦਾ ਵਿਚ ਇਕੋ ਗੱਲ ਕਹਿ ਕੇ ਖੁਲਾਸਾ ਕਰਨਾ ਚਾਹੁੰਦੀ ਹਾਂ ਕਿ 'ਮਾਣ ਸੁੱਚੇ ਇਸ਼ਕ ਦਾ' ਹੁਨਰ ਦਾ ਦਾਹਵਾ ਨਹੀਂ।

**? ਉਂਜ ਤਾਂ ਹਰ ਲੇਖਕ ਆਪਣੀ ਰਚਨਾ ਵਿਚ ਪ੍ਰੋਖ ਜਾਂ ਅਪੋਖ ਰੂਪ ਵਿਚ ਵਿਦਮਾਨ ਰਹਿੰਦਾ ਹੈ ਪਰ ਇਹ ਕਿਹਾ ਜਾਂਦਾ ਹੈ ਕਿ ਆਮ ਤੌਰ ਤੇ ਇਸਤਰੀ ਲੇਖਕਾਵਾਂ ਦੀਆਂ ਰਚਨਾਵਾਂ ਵਿਚ ਜੀਵਨੀ ਮੂਲਕ ਵੇਰਵਿਆਂ ਦੀ ਬਹੁਤਾਤ ਹੁੰਦੀ ਹੈ। ਇਸ ਵਿਚਾਰ ਨਾਲ ਤੁਸੀਂ ਕਿਥੋਂ ਕੁ ਤੱਕ ਸਹਿਮਤ ਹੋ ? ਆਪਣੇ ਬਾਰੇ ਕੀ ਕਹਿਣਾ ਚਾਹੋਗੇ ?**



– ਇਹ ਸੱਚ ਹੈ ਕਿ ਹਰ ਲੇਖਕ ਆਪਣੀ ਰਚਨਾ ਵਿਚ ਕਿਸੇ ਨਾ ਕਿਸੇ ਰੂਪ ਵਿਚ ਵਿਦਮਾਨ ਰਹਿੰਦਾ ਹੈ। ਇਹ ਵੀ ਸੱਚ ਹੈ ਕਿ ਇਸਤਰੀ ਲੇਖਕਾਵਾਂ ਦੀਆਂ ਰਚਨਾਵਾਂ ਵਿਚ ਇਹ ਅੰਸ਼ ਕੁੱਝ ਵਧੇਰੇ ਮਿਲਦਾ ਹੈ। ਪਰ ਇਹ ਸੱਚ ਨਹੀਂ ਕਿ ਜੀਵਨ-ਨੁਮਾ ਵੇਰਵਿਆ ਵਾਲੀ ਰਚਨਾ ਇਹ ਕਹਿ ਕੇ ਨਕਾਰ ਦਿੱਤੀ ਜਾਵੇ ਕਿ ਉਸ ਵਿਚ ਜੀਵਨੀ ਨੁਮਾ ਵੇਰਵੇ ਹਨ। ਜਾਂ ਉਸਦਾ ਮੁੱਲ ਘੱਟ ਆਂਕਿਆ ਜਾਵੇ। ਬਲਕਿ ਅਜਿਹੀਆਂ ਰਚਨਾਵਾਂ ਬਹੁਤ ਵਾਰੀ ਦੂਜੀਆਂ ਰਚਨਾਵਾਂ ਨਾਲੋਂ ਵੱਧ ਨਿੱਗਰ ਤੇ ਸੱਚ ਦੇ ਨੇੜੇ ਹੁੰਦੀਆਂ ਹਨ।

ਹਰ ਲੇਖਕ ਦਾ ਨਿੱਜੀ ਅਨੁਭਵ ਹੁੰਦਾ ਹੈ ਜਿਸ ਵਿਚੋਂ ਉਸਨੇ ਨਾਵਲ ਅਤੇ ਕਹਾਣੀਆਂ ਦੀ ਸਮਗਰੀ ਚੁਣਨੀ ਹੁੰਦੀ ਹੈ। ਇਹੀ ਅਨੁਭਵ ਉਸਦੀ ਮੌਲਿਕਤਾ ਹੁੰਦੀ ਹੈ ਜਿਹੜੀ ਉਸਨੂੰ ਦੂਜੇ ਲੇਖਕਾਂ ਨਾਲੋਂ ਵਖਰਾਉਂਦੀ ਹੈ। ਇਸੇ ਤੋਂ ਲੇਖਕ ਦਾ ਦ੍ਰਿਸ਼ਟੀਕੋਣ ਉਪਜਦਾ ਹੈ। ਕਈ ਵਾਰੀ ਕਿਸੇ ਲੇਖਕ ਦਾ ਅਨੁਭਵ ਬਹੁਤ ਵਿਸ਼ਾਲ ਅੰਤ ਵਿਸਤ੍ਰਿਤ ਹੋਣ ਕਰਕੇ ਬਾਹਰਮੁਖੀ ਵੇਰਵਿਆਂ ਤੇ ਆਧਾਰਤ ਹੁੰਦਾ ਹੈ ਜਿਸ ਕਰਕੇ ਉਸ ਵਿਚ ਜੀਵਨ ਨੁਮਾ ਵੇਰਵਿਆਂ ਦਾ ਸਮਾ ਸਕਣਾ ਸੰਭਵ ਹੀ ਨਹੀਂ ਹੁੰਦਾ। ਇਸ ਦੇ ਉਲਟ ਕਈ ਵਾਰੀ ਕਈ ਲੇਖਕਾਂ ਦਾ ਅਨੁਭਵ ਬੜਾ ਡੂੰਘਾ ਤਿੱਖਾਂ ਤੇ ਸ਼ਿੱਦਤ ਭਰਪੂਰ ਹੁੰਦਾ ਹੈ ਜਿਸ ਕਰਕੇ ਉਹ ਉਨ੍ਹਾਂ ਘਟਨਾਵਾਂ ਦੀ ਚੋਣ ਕਰਦਾ ਹੈ ਜਿਹੜੀਆਂ ਉਸਦੇ ਮਰੂਮ ਨਾਲ ਛੂਹਕੇ ਲੰਘੀਆਂ ਹੁੰਦੀਆਂ ਹਨ। ਅਜਿਹੀ ਰਚਨਾ ਨੂੰ ਆਤਮਸਾਤ ਕਰਦਿਆਂ ਪਾਠਕ ਉਸ ਵਿਚ ਗਹਿਰਾ ਉਤਰ ਜਾਂਦਾ ਹੈ। ਅਜਿਹੀ ਰਚਨਾ ਵਿਚ ਕਈ ਵਾਰੀ ਜੀਵਨੀਨੁਮਾ ਵੇਰਵੇ ਵਧੇਰੇ ਹੁੰਦੇ ਹਨ ਜਿਸ ਕਰਕੇ ਉਸ ਵਿਚ ਗਹਿਰਾਈ ਤੇ ਸ਼ਿਦਤ ਦਾ ਆ ਜਾਣਾ ਸੁਭਾਵਕ ਹੁੰਦਾ ਹੈ ਜਦੋਂ ਇਹ ਕਿਹਾ ਜਾਂਦਾ ਹੈ ਕਿ Only the bearer Knows where the shoe pindres ਤਾਂ ਇਸਦਾ ਮਤਲਬ ਇਹੀ ਹੁੰਦਾ ਹੈ। 'ਆਪਣੇ ਛਾਵੇਂ' ਜਿਹਾ ਨਾਵਲ ਜੇ ਕੋਈ ਮਰਦ ਲਿਖਦਾ ਤਾਂ ਉਸਨੇ ਹੋਰ ਤਰ੍ਹਾਂ ਲਿਖਣਾ ਸੀ। ਉਸ ਵਿਚ ਐਨੀ ਸ਼ਿਦਤ ਨਹੀਂ ਸੀ ਹੋਣੀ। ਨਿੱਜ ਬਾਰੇ ਜਾਂ ਨਿੱਜੀ ਵੇਰਵਿਆਂ ਬਾਰੇ ਲਿਖਣਾ ਵਰਜਿਤ ਨਹੀਂ ਨਾ ਹੀ ਇਸ ਵਿਚ ਕੋਈ ਨਿਮੋਸ਼ੀ ਵਾਲੀ ਗੱਲ ਹੈ। ਬਲਕਿ ਅਜਿਹੀਆਂ ਲਿਖਤਾਂ ਲੇਖਕ ਦੇ ਵਧੇਰੇ ਨੇੜੇ ਹੋਣ ਕਰਕੇ ਨਿੱਗਰ ਸਾਬਤ ਹੁੰਦੀਆਂ ਹਨ। ਹਰ ਰਚਨਾ ਦੀ ਇਹ ਮੁੱਢਲੀ ਸ਼ਰਤ ਹੁੰਦੀ ਹੈ ਕਿ ਉਸ ਵਿਚ ਪੇਸ਼ ਕੀਤੇ ਗਏ ਤੱਥਾਂ ਨੂੰ ਇਕ ਵਿੱਥ ਤੇ ਰੱਖਕੇ ਵਿਚਾਰਿਆ ਜਾਵੇ। ਮਨੁੱਖੀ ਭਾਵਨਾਵਾਂ ਨੂੰ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਚਿੱਤਰਿਆ ਜਾਵੇ ਤੇ ਉਹ ਰਚਨਾ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ। ਜੀਵਨ ਨੁਮਾ ਵੇਰਵਿਆ ਨੂੰ ਲੇਖਕ ਨੇ ਇਸੇ ਸੀਮਾ ਵਿਚ ਰਖ ਕੇ ਚਿਤਰਨਾ ਹੁੰਦਾ ਹੈ। ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਸਾਡੇ ਸਮਾਜ ਵਿਚ ਮਰਦ ਦੇ ਮੁਕਾਬਲੇ ਔਰਤ ਦੀ ਸਥਿਤੀ ਅਧੀਨਗੀ ਵਾਲੀ ਹੁੰਦੀ ਹੈ। ਮਰਦ ਪ੍ਰਧਾਨ ਸਮਾਜ ਵਿਚ ਮਰਦ ਦਾ ਇਹ ਖਾਸਾ ਹੈ ਉਹ ਪੜ੍ਹੀ ਲਿਖੀ ਤੇ ਸਵੈ-ਹੋਂਦ ਨਾਲ ਜਿਉਣ ਵਾਲੀ ਔਰਤ ਨੂੰ ਉਹ ਅਧਿਕਾਰ ਨਹੀਂ ਦਿੰਦਾ ਜਿਹੜੇ ਉਸਨੂੰ ਦੇਣੇ ਚਾਹੀਦੇ ਹਨ। ਇਸ ਕਰਕੇ ਟਾਵੀਆਂ ਔਰਤਾਂ ਜਦੋਂ ਪੜ੍ਹ ਲਿਖ ਕੇ ਨੌਕਰੀ ਕਰਦੀਆਂ ਹਨ ਜਾਂ ਵੱਖ ਵੱਖ ਖੇਤਰਾਂ ਵਿਚ ਵਿਚਰਦੀਆਂ ਹਨ ਤਾਂ ਚਰਚਾ ਦਾ ਕੇਂਦਰ ਬਣਦੀਆਂ ਹਨ। ਕੌਮਲ ਭਾਵੀ ਤੇ ਸਵੈ-ਹੋਂਦ ਵਾਲੀਆਂ ਲੇਖਕ ਔਰਤਾਂ ਜਦੋਂ ਆਪਣੀ ਪਛਾਣ ਲਈ ਸਮਾਜ ਨਾਲ ਟਕਰਾਉਂਦੀ ਸਥਿਤੀ ਵਿਚ ਵਿਚਰਦੀਆਂ ਹਨ ਤਾਂ ਉਨ੍ਹਾਂ ਦੇ ਨਾਂਹ ਪੱਖੀ ਚਰਚੇ ਹੁੰਦੇ ਹਨ। ਉਨ੍ਹਾਂ ਦੀਆਂ ਲਿਖਤਾ ਨੂੰ ਚਸਕੇ ਲੈ ਕੇ ਪੜ੍ਹਿਆ ਜਾਂਦਾ ਹੈ। ਉਨ੍ਹਾਂ ਦੀ ਰਚਨਾ ਵਿਚਲੇ ਮੂਲ ਸਰੋਕਾਰਾਂ ਨੂੰ ਅਖੋਂ ਉਹਲੇ ਕਰਦਿਆ ਉਸ ਵਿੱਚੋਂ ਚਿਹਰਿਆਂ ਅਤੇ ਚਰਚਿਆਂ ਦੀ ਤਲਾਸ਼ ਕੀਤੀ ਜਾਂਦੀ ਹੈ। ਇਨ੍ਹਾਂ ਚਰਚਿਆਂ ਤੋਂ ਨਾ ਅੰਮ੍ਰਿਤਾ ਬਚ ਸਕੀ ਹੈ ਨਾ ਦਲੀਪ ਕੌਰ ਟਿਵਾਣਾ ਅਤੇ ਨਾ ਹੀ ਅਜੀਤ ਕੌਰ ਤੇ ਬਲਜੀਤ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਚਰਚਿਆਂ ਦਾ ਮੁਹਾਵਰਾ ਸਭ ਦਾ ਵੱਖਰਾ ਵੱਖਰਾ ਰਿਹਾ ਹੈ।

ਇਸ ਪੀੜ ਨੂੰ ਮਹਿਸੂਸ ਕਰਦਿਆਂ ਮੈਂ ਆਪਣੀਆਂ ਕਈ ਕਹਾਣੀਆਂ ਵਿਚ ਇਸ ਮਸਲੇ ਨੂੰ ਉਭਾਰਿਆ ਹੈ ਕਿ ਲੇਖਕ ਨੂੰ ਨਿੱਜੀ ਵੇਰਵੇ ਦੇਣ ਲਗਿਆ ਕਿੰਨਾ ਸੰਕੋਚ ਕਰਨਾ ਚਾਹੀਦਾ ਹੈ ਜਾਂ ਪਾਠਕ ਨੂੰ ਰਚਨਾ ਪੜ੍ਹਨ ਲਗਿਆ ਲੇਖਕ ਦੇ ਨਿੱਜੀ ਜੀਵਨ ਤੋਂ ਮੁਕਤ ਹੋ ਕੇ ਰਚਨਾ ਦਾ ਪਾਠ

ਕਰਨਾ ਚਾਹੀਦਾ ਹੈ। ਪਰੰਤੂ ਇਹ ਮੇਰਾ ਜ਼ਿੰਦਗੀ ਦਾ ਤਜ਼ਰਬਾ ਹੈ ਕਿ 'ਅਜਿਹੀ ਰਚਨਾ' ਵਿੱਚੋਂ ਲੱਜਤ ਲੈਣੀ ਮਨੁੱਖੀ ਫਿਤਰਤ ਹੈ। ਲੇਖਕ ਨੂੰ ਅਜਿਹੀਆਂ ਟਿੱਪਣੀਆਂ ਜਾਂ ਅਜਿਹੀਆਂ ਚਰਚਾ ਦਾ ਵਿਸ਼ਾ ਬਣੀਆਂ ਗੱਲਾਂ ਤੋਂ ਘਬਰਾਉਣਾ ਨਹੀਂ ਚਾਹੀਦਾ ਬਲਕਿ ਉਨ੍ਹਾਂ ਤੋਂ ਕੁੱਝ ਸਿਖ ਕੇ ਆਪਣੀਆਂ ਰਚਨਾਵਾਂ ਵਿਚ ਬਣਦੀ ਵਿੱਥ ਬਣਾ ਲੈਣੀ ਚਾਹੀਦੀ ਹੈ। ਵੈਸੇ ਤਾਂ ਮੈਂ ਸਮਝਦੀ ਹਾਂ ਅਜਿਹੀ ਕੋਈ ਵੀ ਰਚਨਾ ਨਿੱਜੀ ਨਹੀਂ ਹੁੰਦੀ ਉਹ ਸਮਾਜ ਅਤੇ ਸਥਿਤੀਆਂ ਤੋਂ ਪ੍ਰੇਰਿਤ ਹੁੰਦੀ ਹੈ। ਜਦੋਂ ਰਚਨਾ ਸਾਹਿਤ ਦਾ ਅੰਗ ਬਣ ਜਾਂਦੀ ਹੈ ਤਾਂ ਉਸ ਵਿਚ ਕੁਝ ਵੀ ਨਿੱਜੀ ਨਹੀਂ ਹੁੰਦਾ ਬਹੁਤ ਕੁਝ ਹੋਰ ਸ਼ਾਮਲ ਹੋ ਜਾਂਦਾ ਹੈ। ਇਸ ਬਹੁਤ ਕੁਝ ਹੋਰ ਬਾਰੇ ਪਾਠਕ ਨਹੀਂ ਸੋਚ ਸਕਦਾ ਕਿ ਇਸ ਰਚਨਾ ਵਿਚ ਕਿੰਨਾ ਕੁਝ ਘਟਾਇਆ ਵਧਾਇਆ ਗਿਆ ਹੈ। ਕੋਈ ਨਿੱਜੀ ਘਟਨਾ ਕੋਈ ਐਵੇਂ ਨਹੀਂ ਸਾਹਿਤ ਦਾ ਅੰਗ ਬਣ ਜਾਂਦੀ ਉਸਨੂੰ ਪਹਿਲਾਂ ਲੇਖਕ ਦੀ ਪਰਖ ਕੁਠਾਲੀ ਵਿੱਚੋਂ ਨਿਕਲਣਾ ਪੈਂਦਾ ਹੈ। ਸੋ ਮੇਰੀ ਪਾਠਕਾਂ ਆਲੋਚਕਾਂ ਤੇ ਸਾਹਿਤਕਾਰਾਂ ਨੂੰ ਅਜਿਹੀ ਗੁਜਾਰਸ਼ ਹੈ ਕਿ ਅਜਿਹੀਆਂ ਰਚਨਾਵਾਂ ਨੂੰ ਪੜ੍ਹਨ ਲੱਗਿਆ ਲੇਖਕ ਨੂੰ ਲਾਂਭੇ ਰਖ ਦੇਣਾ ਚਾਹੀਦਾ ਹੈ।

**? ਮੈਡਮ ਇਸਦੇ ਨਾਲ ਲਗਦਾ ਇਕ ਹੋਰ ਪ੍ਰਸ਼ਨ ਪੁੱਛਦੀ ਹਾਂ ਕਿ ਲੇਖਕ ਨੂੰ ਆਪਣੀ ਸਵੈ ਜੀਵਨੀ ਕਦੋਂ ਅਤੇ ਕਿਸ ਉਮਰ ਵਿਚ ਲਿਖਣੀ ਚਾਹੀਦੀ ਹੈ ? ਤੁਸੀਂ ਆਪਣੀ ਸਾਹਿਤਕ ਸਵੈ ਜੀਵਨੀ ਕਦੋਂ ਲਿਖੋਗੇ ?**

– ਮੈਂ ਸਵੈ-ਜੀਵਨੀ ਲਿਖਣ ਦੇ ਬਿਲਕੁਲ ਹੱਕ ਵਿਚ ਨਹੀਂ। ਸਵੈ-ਜੀਵਨੀ ਬਾਰੇ ਮੇਰੀਆਂ ਕੁਝ ਧਾਰਨਾਵਾਂ ਬਣੀਆ ਹੋਈਆ ਹਨ ਤੇ ਮੈਂ ਸਮਝਦੀ ਹਾਂ ਮੈਂ ਉਨ੍ਹਾਂ ਧਾਰਨਾਵਾਂ ਦੇ ਮੇਚ ਦੀ ਨਹੀਂ। ਹੋਰ ਵੀ ਬਹੁਤੇ ਲੇਖਕ ਉਨ੍ਹਾਂ ਦੇ ਅੰਤਰਗਤ ਨਹੀਂ ਆਉਂਦੇ। ਮਾੜੀ ਅਧੂਰੀ ਜਾਂ ਸੱਚ ਨੂੰ ਛੁਪਾ ਕੇ ਲਿਖੀ ਸਵੈ ਜੀਵਨੀ ਪੜ੍ਹਦਿਆਂ ਮੈਂ ਕੁਝ ਅਕੇਵਾਂ ਜਿਹਾ ਮਹਿਸੂਸ ਕਰਦੀ ਹਾਂ ਇਸੇ ਤਰ੍ਹਾਂ ਜਸ ਖੱਟਣ ਵਾਲੀਆਂ ਜਾਂ ਚਕਾਚੋਧ ਕਰਨ ਵਾਲੀਆਂ ਸਵੈ-ਜੀਵਨੀਆਂ ਵੀ ਮੈਨੂੰ ਭਰਮਾਉਂਦੀਆਂ ਨਹੀਂ। ਸਵੈ-ਜੀਵਨੀਆਂ ਜਦੋਂ ਸੱਚ ਨੂੰ ਤੋੜ ਮ੍ਰੋੜ ਕੇ ਅਧੂਰੇ ਰੂਪ ਵਿਚ ਜਾਂ ਸਮਕਾਲੀ ਸੱਚ ਨੂੰ ਜਾਣੇ ਬਗੈਰ ਸਵੈ ਜੀਵਨੀ ਦੀ ਸਿਰਜਣਾ ਕਰਦਾ ਹੈ ਤਾਂ ਉਸ ਵਿਚਲਾ ਸਮਾਜਿਕ, ਆਰਥਿਕ ਤੇ ਮਨੋਵਿਗਿਆਨਕ ਸੱਚ ਪੂਰੀ ਤਰ੍ਹਾਂ ਨਹੀਂ ਉਗੜਦਾ। ਕਿਸੇ ਸਾਹਿਤਕ ਹਿੱਤ ਨੂੰ ਮੁਖ ਰਖਕੇ ਲਿਖੀ ਗਈ ਸਵੈ-ਜੀਵਨੀ ਵੀ ਕਾਹਦੀ ਸਵੈ-ਜੀਵਨੀ ਸਾਡੀਆਂ ਬਹੁਤ ਸਾਰੀਆਂ ਇਸਤਰੀ ਲੇਖਕਾਵਾਂ ਨੇ ਸਵੈ-ਜੀਵਨੀਆਂ ਲਿਖੀਆਂ ਨੇ ਮੈਂ ਇਨ੍ਹਾਂ ਸਵੈ ਜੀਵਨੀਆਂ ਦੇ ਮੁਲਾਂਕਣ ਜਾਂ ਵਾਦ-ਵਿਵਾਦ ਵਿਚ ਨਹੀਂ ਪੈਂਦੀ ਬਲਕਿ ਇਨ੍ਹਾਂ ਬਾਰੇ ਇਕ ਗੱਲ ਕਹਿਣੀ ਚਾਹੁੰਦੀ ਹਾਂ ਕਿ ਇਨ੍ਹਾਂ ਨੂੰ ਪੜ੍ਹਦਿਆਂ ਮੈਂ ਇਕ ਘਾਟ ਜਿਹੀ ਮਹਿਸੂਸ ਕਰਦੀ ਰਹੀ ਹਾਂ। ਸਾਇਦ ਇਸ ਕਰਕੇ ਕਿ ਕੁਝ ਤੱਥਾਂ ਦੀ ਜਾਣਕਾਰੀ ਨੂੰ ਛੁਪਾਇਆ ਗਿਆ ਹੈ ਤੇ ਕੁਝ ਨੂੰ ਤਰੋੜ-ਮਰੋੜ ਕੇ ਅਤੇ ਕਈਆਂ ਨੂੰ ਸਮਕਾਲੀ ਸੱਚ ਤੋਂ ਬਾਹਰ ਰੱਖ ਕੇ ਚਿੱਤਰਿਆ ਗਿਆ ਹੈ ਮੈਂ ਸਮਝਦੀ ਹਾਂ ਬਹੁਤ ਵਾਰੀ ਲੇਖਕ 'ਅਜਿਹੇ ਚਰਚਿਆਂ' ਤੋਂ ਡਰਕੇ ਜੀਵਨੀ ਦੇ ਕਈ ਜਰੂਰੀ ਤੇ ਮਹੱਤਵਪੂਰਨ ਤੱਥਾਂ ਨੂੰ ਰਚਨਾ ਵਿੱਚ ਖਾਰਜ ਕਰ ਦਿੰਦਾ ਹੈ। ਲੇਖਕ ਕਈ ਵਾਰੀ ਆਪਣੇ ਜੀਵਨ ਵੇਰਵਿਆ ਨੂੰ ਅੰਕਿਤ ਕਰਨ ਸਮੇਂ ਸਮਕਾਲੀ ਸੱਚ ਨੂੰ ਵੀ ਅੱਖੋ ਪਰੋਖੇ ਕਰ ਦਿੰਦਾ ਹੈ। ਜਿਸ ਨਾਲ ਸਾਹਿਤਕ ਸਵੈ-ਜੀਵਨੀ ਦਾ ਪ੍ਰਭਾਵ ਪੇਤਲਾ ਤੇ ਇਕਹਿਰਾ ਰਹਿ ਜਾਂਦਾ ਹੈ। ਇਸਦਾ ਇਕ ਕਾਰਨ ਇਹ ਵੀ ਹੈ ਕਿ ਲੇਖਕ ਦੇ ਜੀਵਨ ਸੰਬੰਧੀ ਕੁਝ ਵੇਰਵੇ ਪਹਿਲਾਂ ਹੀ ਉਸਦੀ ਰਚਨਾ ਵਿਚ ਕਿਸੇ ਨਾ ਕਿਸੇ ਰੂਪ ਵਿਚ ਆ ਚੁੱਕੇ ਹੁੰਦੇ ਹਨ। ਪਹਿਲਾਂ ਪੜ੍ਹੇ ਜਾ ਚੁੱਕੇ ਹੋਣ ਕਰਕੇ ਵਧੇਰੇ ਰੁਚੀਕਾਰ ਨਹੀਂ ਜਾਪਦੈ।

ਮੈਂ ਸਮਝਦੀ ਹਾਂ ਕਿ ਹਰ ਲੇਖਕ ਪ੍ਰੋਖ ਜਾਂ ਅਪ੍ਰੋਖ ਰੂਪ ਵਿਚ ਆਪਣੀ ਰਚਨਾ ਵਿੱਚ ਸ਼ਾਮਲ ਹੁੰਦਾ ਹੈ। ਉਹ ਆਪਣੀਆਂ ਰਚਨਾਵਾਂ ਵਿਚ ਭੋਰਾ-ਭੋਰਾ, ਕਤਰਾ-ਕਤਰਾ ਕਰਕੇ ਘੁਲਦਾ ਰਹਿੰਦਾ ਹੈ ਤੇ ਕਈ ਵਾਰੀ ਉਸਦੇ ਸਵੈ ਦਾ ਵਡੇਰਾ ਭਾਗ ਖਰਚ ਹੋ ਚੁੱਕਿਆ ਹੁੰਦਾ ਹੈ। ਉਦੋਂ ਉਸਨੂੰ ਸਵੈ-ਜੀਵਨੀ ਨਹੀਂ ਲਿਖਣੀ ਚਾਹੀਦੀ ਵੈਸੇ ਮੈਂ ਆਪਣਾ ਕੱਦ ਐਨਾ ਵੱਡਾ ਨਹੀਂ ਸਮਝਦੀ ਕਿ ਮੈਂ ਆਪਣੀ ਸਾਹਿਤਕ ਸਵੈ-ਜੀਵਨੀ ਲਿਖਾਂ ਜਿਹੜੀਆਂ ਸ਼ਖ਼ਸ਼ੀਅਤਾਂ ਦੀਆਂ ਸਵੈ-ਜੀਵਨੀਆਂ



ਸਾਨੂੰ ਕੁਝ ਸੋਚਣ ਲਈ ਤੇ ਸਮਝਣ ਲਈ ਮਜਬੂਰ ਕਰਦੀਆਂ ਹਨ ਤੇ ਸਾਡੇ ਸਾਹਮਣੇ ਇਕ ਅਦਰਸ਼ ਸਿਰਜਦੀਆਂ ਹਨ ਮੈਂ ਉਨ੍ਹਾਂ ਸਵੈ-ਜੀਵਨੀਆਂ ਦੀ ਕਦਰ ਕਰਦੀ ਹਾਂ। ਸੋ ਮੈਂ ਤੁਹਾਨੂੰ ਸਪਸ਼ਟ ਕਰ ਦਿਆਂ ਕਿ ਮੇਰਾ ਸਵੈ-ਜੀਵਨੀ ਲਿਖਣ ਵਿਚ ਉਕਾ ਵਿਸ਼ਵਾਸ਼ ਨਹੀਂ। ਪਰ ਹਾਂ! ਜੇ ਮੈਂ 'ਆਪਣੀ ਛਾਵੇਂ' ਨਾਵਲ ਨਾ ਲਿਖਿਆ ਹੁੰਦਾ ਤਾਂ ਸਾਇਦ ਇਹ ਗਲਤੀ ਕਰ ਬੈਠਦੀ।

**? ਤੁਸੀਂ ਆਪਣੀ ਜ਼ਿੰਦਗੀ ਵਿਚ ਅਨੇਕ ਤਜ਼ਰਬਿਆਂ ਵਿਚੋਂ ਲੰਘੇ ਹੋਵੋਗੇ ? ਅਨੇਕਾਂ ਦੁਖ-ਸੁਖ ਵੇਖੇ ਹੋਣਗੇ ? ਇਸਦੇ ਨਾਲ ਹੀ ਤੁਸੀਂ ਆਪਣੇ ਅਨੁਭਵਾਂ ਨੂੰ ਪੇਸ਼ ਕਰਨ ਲਈ ਨਾਵਲ ਕਹਾਣੀਆਂ ਵੀ ਸਿਰਜਦੇ ਰਹੇ ਹੋ। ਜੇ ਤੁਹਾਨੂੰ ਪੁੱਛਿਆ ਜਾਵੇ ਕਿ ਜ਼ਿੰਦਗੀ ਦੇ ਇਸ ਪੜਾਅ ਤੱਕ ਪੁਜਦਿਆਂ ਤੁਸੀਂ ਜਿੰਦਗੀ ਨੂੰ ਕਿੰਨਾ ਅਰਥਾਂ ਵਿਚ ਲੈਂਦੇ ਹੋ ? ਜਾਂ ਤੁਹਾਡੇ ਲਈ ਜ਼ਿੰਦਗੀ ਦੇ ਮਾਹਿਨੇ ਕੀ ਹਨ ? ਜਾਂ ਜੇ ਕਿਸੇ ਇਕ ਨੁਕਤੇ ਤੋਂ ਜ਼ਿੰਦਗੀ ਨੂੰ ਵੇਖਣਾ ਹੋਵੇ ਤਾਂ ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ ?**

– ਮੇਰੀ ਸਮਝ ਵਿਚ ਜ਼ਿੰਦਗੀ ਐਨੀ ਮੁਕਤਸਰ ਨਹੀਂ ਜਿਸਨੂੰ ਕੁਝ ਸਤਰਾ ਜਾਂ ਕਿਸੇ ਇਕ ਨੁਕਤੇ ਰਾਹੀਂ ਪੇਸ਼ ਕੀਤਾ ਜਾਵੇ। ਜੀਵਨ ਵੀ ਸਾਹਿਤ ਵਾਂਗ ਇਕ ਵਸੀਹ ਟਰਮ ਹੈ। ਹਰ ਪਲ ਹਰ ਘੜੀ ਇਸ ਵਿਚ ਤਬਦੀਲੀ ਵਾਪਰਦੀ ਹੈ ਇਸ ਲਈ ਇਹ ਦੋ ਦੂਣੀ ਚਾਰ ਨਹੀਂ ਦੋ ਦੂਣੀ ਚਾਰ, ਪੰਜ ਜਾਂ ਸੱਤ ਕੁਝ ਵੀ ਹੋ ਸਕਦੀ ਹੈ। ਹਰ ਕੋਈ ਆਪਣੇ ਆਪਣੇ ਅਨੁਭਵਾ ਅਤੇ ਤਜ਼ਰਬਿਆ ਰਾਹੀਂ ਜ਼ਿੰਦਗੀ ਨੂੰ ਵੇਖਦਾ ਤੇ ਸਮਝਣ ਦਾ ਯਤਨ ਕਰਦਾ ਹੈ। ਕਈ ਵਾਰੀ ਸਾਰੀ ਜ਼ਿੰਦਗੀ ਜਿਓ ਲੈਣ ਪਿੱਛੋਂ ਵੀ ਮਨੁੱਖ ਨੂੰ ਸਮਝ ਨਹੀਂ ਪੈਂਦੀ ਕਿ ਜੀਵਨ ਕੀ ਹੈ? ਜ਼ਿੰਦਗੀ ਜਿਉਣਾ ਤੇ ਜ਼ਿੰਦਗੀ ਨੂੰ ਸਮਝਣਾ ਦੋ ਵੱਖਰੀਆਂ ਤੇ ਆਪਸ ਵਿਚ ਵਿਰੋਧੀ ਗੱਲਾਂ ਨੇ। ਕਈ ਵਾਰੀ ਚੰਗੀ ਜ਼ਿੰਦਗੀ ਜੀ ਲੈਣ ਨਾਲ ਵੀ ਮਨੁੱਖ ਨੂੰ ਜ਼ਿੰਦਗੀ ਬਾਰੇ ਪਤਾ ਨਹੀਂ ਲਗਦਾ। ਮੇਰੀ ਜਾਚੇ ਜ਼ਿੰਦਗੀ ਇਕ ਜੀਵਨ ਜਾਚ ਹੈ। ਜਿੰਨੀ ਕੁ ਕਿਸੇ ਨੂੰ ਇਸ 'ਜਾਚ' ਦੀ ਸਮਝ ਆ ਜਾਂਦੀ ਹੈ ਉਸ ਲਈ ਉਨੀ ਕੁ ਜ਼ਿੰਦਗੀ ਹੁੰਦੀ ਹੈ। ਪਰੰਤੂ ਫਿਰ ਵੀ ਜ਼ਿੰਦਗੀ ਨੂੰ ਸਮਝਣ ਜਾਂ ਜਿਉਣ ਲਈ ਕੁਝ ਕੁ ਨੁਕਤੇ ਸਰਵ ਪ੍ਰਮਾਨਿਤ ਹੁੰਦੇ ਹਨ। ਮਨੁੱਖ ਜਿਉਣ ਲਈ ਕੋਈ ਨਾ ਕੋਈ ਅਦਰਸ਼ ਬਣਾਉਂਦਾ ਹੈ। ਉਸਦਾ ਅਦਰਸ਼ ਉਸਦੀ ਜਿੰਦਗੀ ਦੇ ਇਕ ਨੁਕਤੇ ਉਤੇ ਸਿਮਟ ਜਾਂਦਾ ਹੈ ਤੇ ਉਹ ਉਸੇ ਨੁਕਤੇ ਰਾਹੀ ਜਿੰਦਗੀ ਜਿਉਂਦਾ ਤੇ ਜਿੰਦਗੀ ਨੂੰ ਵੇਖਦਾ ਹੈ। ਇਉਂ ਉਹ ਆਪਣੇ ਗਿਆਨ ਤੇ ਆਪਣੀ ਸਮਰਥਾ ਅਨੁਸਾਰ ਹੀ ਜ਼ਿੰਦਗੀ ਦੇ ਮਾਹਿਨੇ ਸਮਝਦਾ ਹੈ।

ਜੇ ਇਕ ਸ਼ਬਦ ਰਾਹੀਂ ਜ਼ਿੰਦਗੀ ਦੀ ਤਰਜਮਾਨੀ ਕਰਨੀ ਹੋਵੇ ਤਾਂ ਮੈਂ ਕਰਾਂਗੀ 'ਜੀਵਨ ਪਿਆਰਾ ਹੈ'। ਪਿਆਰ ਨਹੀਂ ਤਾਂ ਜੀਵਨ ਨਹੀਂ। ਪਿਆਰ ਮਨੁੱਖ ਦਾ ਇਕ ਮਹੱਤਵਪੂਰਨ ਜ਼ਜ਼ਬਾ ਹੈ। ਇਸ ਨੂੰ ਸਮਝੇ ਬਗੈਰ ਜ਼ਿੰਦਗੀ ਨੂੰ ਸਮਝਿਆ ਨਹੀਂ ਜਾ ਸਕਦਾ ਪਰ ਇਹ ਜੀਵਨ ਸਿੱਕੇ ਦਾ ਇਕ ਪਾਸਾ ਹੈ। ਇਸਦਾ ਦੂਜਾ ਪਾਸਾ 'ਸੰਘਰਸ਼' ਹੈ। ਸੰਘਰਸ਼ ਤੋਂ ਬਿਨਾਂ ਵੀ ਜ਼ਿੰਦਗੀ ਦੇ ਅਰਥਾਂ ਤੱਕ ਪੁੱਜਿਆ ਨਹੀਂ ਜਾ ਸਕਦਾ ਪਿਆਰ ਲਈ ਵੀ ਮਨੁੱਖ ਨੂੰ ਸੰਘਰਸ਼ ਕਰਨਾ ਪੈਂਦਾ ਹੈ। ਜੇ ਪਿਆਰ ਵਿਹੂਣਾ ਜੀਵਨ ਅਰਥ ਵਿਹੂਣਾ ਕਾਵਿ ਹੈ ਤਾਂ ਸੰਘਰਸ਼ ਵਿਹੂਣਾ ਪਿਆਰ ਰਾਗ-ਵਿਹੂਣਾ ਕਾਵਿ ਹੈ। ਜਾਵਨ ਤਾਂ ਆਰੰਭ ਹੀ ਪਿਆਰ ਤੋਂ ਹੁੰਦਾ ਹੈ ਬੱਚੇ ਦਾ ਪਹਿਲਾ ਪਿਆਰ ਮਾਂ ਦਾ ਦੁੱਧ ਹੁੰਦਾ ਹੈ ਤੇ ਇਸ ਦੁੱਧ ਲਈ ਉਸਨੂੰ ਸੰਘਰਸ਼ ਕਰਨਾ ਪੈਂਦਾ ਹੈ। ਦੁੱਧ ਦੇ ਪਿਆਰ ਰਾਹੀ ਉਸਨੂੰ ਮਾਂ ਦੇ ਰਿਸ਼ਤੇ ਦੀ ਪਹਿਚਾਣ ਹੁੰਦੀ ਹੈ। ਫੇਰ ਨੇੜਲੇ ਰਿਸ਼ਤਿਆ ਦਾ ਨਿੱਘ ਮਿਲਦਾ ਹੈ। ਫੇਰ ਪਿਆਰ ਦੀ ਖਿੱਚ ਵਧਦੀ ਹੈ ਜਿਹੜੀ ਉਸਨੂੰ ਰਿਸ਼ਤਿਆਂ ਦੇ ਸੰਸਾਰ ਵੱਲ ਧਕੇਲ ਦਿੰਦੀ ਹੈ ਰਿਸ਼ਤਿਆਂ ਦੇ ਸੰਸਾਰ ਵਿਚ ਵਿਚਰਦਿਆਂ ਉਸਨੂੰ ਵੰਨ-ਸੁਵੰਨਤਾ ਮਿਲਣ ਕਰਕੇ ਚੋਣ ਕਰਨੀ ਪੈਂਦੀ ਹੈ ਇਉਂ ਉਸਨੂੰ ਚੋਣ ਦੇ ਸੰਘਰਸ਼ ਵਿਚੋਂ ਗੁਜਰਦਿਆਂ ਕਿਸੇ ਇਕ ਨੂੰ ਚੁਣਨਾ ਹੁੰਦਾ ਹੈ। ਪਤੀ ਪਤਨੀ ਨੂੰ, ਪ੍ਰੇਮੀ ਪ੍ਰੇਮਿਕਾ ਨੂੰ, ਮਾਂ-ਬਾਪ ਬੱਚਿਆ ਨੂੰ, ਗੁਰੂ ਜਨ ਭਗਤਾਂ ਨੂੰ, ਭਗਤ ਗੁਰੂ ਨੂੰ, ਜਗਿਆਸੂ ਰਹੱਸ ਨੂੰ, ਆਦਰਸ਼ ਪੁਰਸ਼ ਅਦਰਸ਼ ਨੂੰ, ਮਾਇਆਧਾਰੀ ਮਾਇਆ ਨੂੰ, ਕਲਾਕਾਰ ਕਲਾ ਨੂੰ ਪਿਆਰ ਕਰਦਾ ਹੈ। ਪਰ ਇਨ੍ਹਾਂ ਪਿਆਰਾ ਦੀ ਪ੍ਰਾਪਤੀ ਉਸ ਲਈ ਸੰਘਰਸ਼ ਬਣ ਜਾਂਦੀ ਹੈ।

ਜੇ ਜੀਵਨ ਦਾ ਅਰੰਭ ਪਿਆਰ ਹੈ ਤਾਂ ਉਸਦੇ ਨਾਲ ਸੰਘਰਸ਼ ਵੀ ਅਰੰਭ ਹੋ ਜਾਂਦਾ ਹੈ। ਮਨੁੱਖ ਦਾ ਪਹਿਲਾ ਸੰਘਰਸ਼ ਉਸਦੀਆਂ ਮੁਢਲੀਆਂ ਲੋੜਾ ਨਾਲ ਹੁੰਦਾ ਹੈ। ਦੂਜਾ ਸਮਾਜਿਕ ਲੋੜਾ ਨਾਲ ਤੇ ਤੀਜਾ ਸੰਘਰਸ਼ ਉਸਦੀਆਂ ਮਾਨਸਿਕ ਲੋੜਾ ਨਾਲ। ਜਦੋਂ ਉਸਦੀਆਂ ਅੰਦਰਲੀਆਂ ਲੋੜਾਂ ਬਾਹਰਲੀਆਂ ਸਕਤੀਆਂ ਨਾਲ ਟਕਰਾਉਂਦੀਆਂ ਹਨ ਤਾਂ ਵਿਰੋਧ ਵਿਚੋਂ ਮਨੁੱਖ ਅੰਦਰ ਬਹੁਤ ਸਾਰੀਆਂ ਸੰਭਾਵਨਾਵਾਂ ਉਜਾਗਰ ਹੁੰਦੀਆਂ ਹਨ। ਉਹ ਨਵੇਂ-ਨਵੇਂ ਦਿਸਹੱਸਿਆ ਦੀ ਤਲਾਸ਼ ਵਿਚ ਅੱਗੇ ਵਧਦਾ ਜ਼ਿੰਦਗੀ ਦਾ ਸਫਰ ਤਹਿ ਕਰਦਾ ਚਲਿਆ ਜਾਂਦਾ ਹੈ। ਔਕੜਾਂ ਉਸਦੇ ਜੀਵਨ ਵਿਚ ਵੀ ਆਉਂਦੀਆਂ ਨੇ ਪਰ ਪਿਆਰ ਦੀ ਲੋਅ ਉਸਦੇ ਹੌਂਸਲੇ ਬਰਕਰਾਰ ਰਖਦੀ ਹੈ, ਤੇ ਉਹ ਆਪਣਾ ਸਫਰ ਸੁਖਾਲਾ ਤਹਿ ਕਰ ਲੈਂਦਾ ਹੈ।

ਮੇਰੀ ਜਾਚੇ ਪਿਆਰ ਵਿਹੂਣੇ' ਲੋਕ ਉਨ੍ਹਾਂ ਤਾਰਿਆਂ ਵਰਗੇ ਹੁੰਦੇ ਨੇ ਜਿਨ੍ਹਾਂ ਨੇ ਜੀਵਨ ਵਿਚ ਇਕ ਲਕੀਰ ਜਿਹੀ ਵਾਹਕੇ ਤੁਰ ਜਾਣਾ ਹੁੰਦਾ ਹੈ। ਉਨ੍ਹਾਂ ਦੇ ਮਿਟਣ ਤੋਂ ਵੀ ਪਹਿਲਾ ਉਸ ਲਕੀਰ ਨੇ ਵੀ ਮਿਟ ਜਾਣਾ ਹੁੰਦਾ ਹੈ। ਅਜਿਹੇ ਕਈ ਲੋਕ ਹਨ੍ਹੇਰੀਆਂ ਗੁਫ਼ਾਵਾਂ ਵਿਚ ਜਾ ਸ਼ਰਨ ਲੈਂਦੇ ਨੇ। ਕਈ ਮੁਕਤੀ ਦਾ ਰਾਹ ਲੱਭਦੇ ਲੱਭਦੇ ਭਟਕ ਜਾਂਦੇ ਨੇ। ਕਈ ਆਪਣੀਆਂ ਦਿਸ਼ਾਵਾਂ ਬਦਲ ਜਾਂਦੇ ਹਨ। ਪਰ ਜਿਨ੍ਹਾਂ ਨੂੰ ਪਿਆਰ ਨਸੀਬ ਹੁੰਦਾ ਹੈ ਉਹ ਦਿਸ਼ਾਵਾਂ ਬਦਲਦੇ ਨਹੀਂ ਬਲਕਿ ਦਿਸ਼ਾਵਾਂ ਘੜਦੇ ਹਨ ਤੇ ਉਨ੍ਹਾਂ ਦਿਸ਼ਾਵਾਂ ਤੇ ਆਪਣੀਆਂ ਪੈੜਾਂ ਦੇ ਨਿਸ਼ਾਨ ਛੱਡ ਜਾਂਦੇ ਨੇ।

**? ਤੁਸੀ ਆਪਣੇ ਪਾਤਰਾਂ ਨੂੰ ਖਾਸ ਕਰ ਇਸਤਰੀ ਪਾਤਰਾਂ ਨੂੰ ਬੇਲੌੜੇ ਤਰਸ ਦੀ ਭਾਵਨਾ ਤੋਂ ਮੁਕਤ ਰੱਖਿਆ ਹੈ ਇਸਦੇ ਦੀ ਕਾਰਨ ਹਨ ?**

– ਕਿਉਂਕਿ ਮੈਨੂੰ ਖੁਦ ਨੂੰ ਆਪਣੇ ਨਿੱਜੀ ਜੀਵਨ ਵਿਚ ਤਰਸ ਦੀ ਭਾਵਨਾ ਚੰਗੀ ਨਹੀਂ ਲਗਦੀ। ਕੋਈ ਮੇਰੇ ਤੇ ਤਰਸ ਕਰੇ ਇਹ ਮੈਂ ਬਿਲਕੁਲ ਬਰਦਾਸ਼ਤ ਨਹੀਂ ਕਰ ਸਕਦੀ। ਜੇ ਮੈਨੂੰ ਵੀ ਕਿਸੇ ਤੇ ਤਰਸ ਕਰਨਾ ਪਵੇ ਤਾਂ ਮੈਂ ਉਸਨੂੰ ਇਸ ਕਦਰ ਮਹਿਸੂਸ ਨਹੀਂ ਹੋਣ ਦਿੰਦੀ ਕਿ ਕਿ ਉਹ ਹੀਣਾ ਜਾਂ ਕਮਜ਼ੋਰ ਹੈ ਸਗੋਂ ਮੈਂ ਉਸਨੂੰ ਉਤਸ਼ਾਹਿਤ ਕਰਦੀ ਹੋਈ ਹੌਂਸਲਾ ਵਧਾਉਂਦੀ ਹਾਂ। ਜਾਂ ਹੌਂਸਲਾ ਰੱਖਣ ਦੀ ਸਲਾਹ ਦਿੰਦੀ ਹਾਂ। ਮੈਨੂੰ ਉਨ੍ਹਾਂ ਲੋਕਾਂ ਤੇ ਤਰਸ ਆਉਂਦਾ ਹੈ ਜੋ ਆਪ ਤਾਂ ਤਰਸ ਦੇ ਪਾਤਰ ਹੁੰਦੇ ਹਨ ਪਰ ਦੂਜੇ ਨਾਲ ਅਜੀਬ ਕਿਸਮ ਦੀ ਹਮਦਰਦੀ ਕਰਕੇ ਉਸਨੂੰ ਤਰਸ ਦਾ ਪਾਤਰ ਬਣਾ ਦਿੰਦੇ ਨੇ। ਇਉਂ ਇਹ ਮੇਰੀ ਫਿਤਰਤ ਹੈ ਜਾਂ ਮੇਰੀ ਹਉਂ ਜਿਸ ਕਰਕੇ ਮੈਂ ਅਜਿਹਾ ਕਰਦੀ ਹਾਂ। ਲੇਖਕ ਨੇ ਆਪਣੇ ਅਨੁਭਵ ਵਿਚੋਂ ਹੀ ਆਪਣੇ ਪਾਤਰਾਂ ਦੀ ਚੋਣ ਕਰਨੀ ਹੁੰਦੀ ਹੈ ਜੇ ਮੇਰਾ ਅਨੁਭਵ ਤੇ ਮੇਰਾ ਪਿਛੋਕੜ ਸਵੈ-ਵਿਸ਼ਵਾਸੀ ਤੇ ਆਤਮ ਸਨਮਾਨ ਨਾਲ ਜਿਉਣ ਵਾਲੀ ਔਰਤ ਦਾ ਹੈ ਤਾਂ ਇਸ ਵਿਚ ਮੇਰਾ ਕੀ ਕਸੂਰ। ਜੇ ਆਮ ਲੇਖਕਾਵਾਂ ਵਾਂਗ ਮੈਂ ਪਾਤਰ ਨੂੰ ਮਾਰ ਨਹੀਂ ਸਕਦੀ, ਪਾਗਲ ਨਹੀਂ ਬਣਾ ਸਕਦੀ ਤਾਂ ਉਸ ਵਿਚ ਸ਼ਾਇਦ ਮੇਰੇ ਇਨ੍ਹਾਂ ਮੁੱਲਾਂ ਦਾ ਹੀ ਯੋਗਦਾਨ ਹੋਏਗਾ। ਇਸੇ ਲਈ ਮੇਰੇ ਬਹੁਤੇ ਇਸਤਰੀ ਪਾਤਰ ਟੁੱਟਦੇ ਤਾਂ ਹਨ ਪਰ ਟੁੱਟਦੇ ਖਿਲਰਦੇ ਨਹੀਂ। ਉਨ੍ਹਾਂ ਵਿਚ ਲੜਨ ਦੀ ਹਿੰਮਤ ਹੁੰਦੀ ਹੈ। ਅਜਿਹਾ ਮੈਂ ਸੋਚ ਸਮਝਕੇ ਜਾਂ ਗਿਣ-ਮਿਥਕੇ ਨਹੀਂ ਬਣਾਉਂਦੀ ਬਲਕਿ ਅਜਿਹਾ ਮੈਥੋਂ ਹੋ ਜਾਂਦਾ ਹੈ। ਜਿਵੇਂ 'ਰੁੱਤ-ਕਰੁਤੀ' ਦਾ ਬਿਮਾਰ ਪਾਤਰ ਵੀ ਟੁੱਟ ਰਹੀ ਔਰਤ ਨੂੰ ਹੌਂਸਲਾ ਦਿੰਦਾ ਹੈ। ਮੈਂ ਜੇ 'ਰੁੱਤ-ਕਰੁੱਤੀ' ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਬੁਢਾਪਾ , ਬਿਮਾਰੀ ਤੇ ਕਮਜ਼ੋਰੀ ਦਾ ਜ਼ਿਕਰ ਕੀਤਾ ਹੈ ਤਾਂ ਉਹ ਵੀ ਇਸ ਲਈ ਕਿ ਮਨੁੱਖ ਨੂੰ ਆਪਣੇ ਆਪ ਨੂੰ ਇਨ੍ਹਾਂ ਅਲਾਮਤਾਂ ਤੋਂ ਬਚਾਉਣ ਲਈ ਪਹਿਲਾਂ ਤਿਆਰੀ ਕਰਨੀ ਚਾਹੀਦੀ ਹੈ। ਉਸਨੂੰ ਇਸ ਗੱਲ ਦੀ ਸਮਝ ਹੋਣੀ ਚਾਹੀਦੀ ਹੈ ਕਿ ਪੈਸੇ ਅਤੇ ਸਿਹਤ ਦੀ ਤਾਕਤ ਵਿਚ ਕੀ ਅੰਤਰ ਹੁੰਦਾ ਹੈ ਤੇ ਪਿਆਰ ਵਿਹੂਣਾ ਤੇ ਸਾਥ ਵਿਹੂਣਾ ਕਿੰਜ ਵਿੱਖਰ ਜਾਂਦਾ ਹੈ।

**ਪਤਾ-ਪਟੇਲ ਮੈਮੋਰੀਅਲ ਨੈਸ਼ਨਲ ਕਾਲਜ, ਰਾਜਪੁਰਾ।** o



## ਚਿੰਤਨ

# ਦਲਿਤਾਂ ਦੇ ਰਾਜਸੀ ਅਧਿਕਾਰਾਂ ਦਾ ਦਸਤਾਵੇਜ਼ ਪੂਨਾ ਪੈਕਟ

**- ਡਾ. ਗੁਰਮੀਤ ਕੱਲਰ ਮਾਜਰੀ**

ਭਾਰਤ ਦੇ ਕਰੋੜਾਂ ਦਲਿਤਾਂ ਲਈ ਕੀਤੇ ਸੰਘਰਸ਼ ਵਿੱਚ ਡਾ. ਭੀਮ ਰਾਵ ਅੰਬੇਡਕਾਰ ਨੇ ਜੋ ਭੂਮਿਕਾ ਅਦਾ ਕੀਤੀ ਹੈ, ਉਸ ਵਿਚ 24 ਸਤੰਬਰ, 1932 ਦਾ ਦਿਨ ਵਿਸ਼ੇਸ਼ ਸਥਾਨ ਰਖਦਾ ਹੈ। ਅੰਬੇਡਕਰ ਨੇ ਅਛੂਤ ਮੁਕਤੀ ਲਈ ਸਮਾਜਿਕ ਬਰਾਬਰੀ ਅਤੇ ਰਾਜਨੀਤਿਕ ਹੱਕਾਂ ਲਈ ਜੋ ਸੰਘਰਸ਼ ਕੀਤਾ, ਉਸ ਦੇ ਕਾਰਣ ਭਾਰਤੀ ਰਾਜਨੀਤਿਕ ਦ੍ਰਿਸ਼ ਵਿੱਚ ਬਾਬਾ ਸਾਹਿਬ ਨੂੰ 'ਦਲਿਤਾਂ ਦਾ ਮਸੀਹਾ" ਦੇ ਤੌਰ ਤੇ ਜਾਣਿਆ ਜਾਂਦਾ ਹੈ।

ਭਾਰਤ ਦੇ ਸਮਾਜਿਕ ਅਤੇ ਰਾਜਨੀਤਿਕ ਇਤਿਹਾਸ ਵਿੱਚ ਇਹ ਗੱਲ ਸਾਫ ਤੌਰ ਤੇ ਅੰਕਿਤ ਹੈ ਕਿ ਸਮਾਜਕ ਤੋਰ ਤੇ ਅਛੂਤ ਬਰਾਬਰੀ ਦਾ ਦਰਜਾ ਹੀ ਨਹੀਂ ਰਖਦੇ, ਸਗੋਂ ਰਾਜਨੀਤਿਕ ਤੌਰ ਤੇ ਵੀ ਇਹ ਸਤਾਹ ਦੇ ਭਾਗੀਦਾਰ ਬਣਨ ਦੇ ਯੋਗ ਨਹੀਂ। ਇਉਂ ਹਾਸ਼ੀਏ ਤੇ ਰਹਿ ਰਹੇ ਇਹਨਾਂ ਲੋਕਾਂ ਲਈ ਬੇਸ਼ਕ ਸਮਾਜਿਕ, ਧਾਰਮਿਕ ਪੱਧਰ ਤੇ ਜਾਤ-ਪਾਤ ਤੋੜਨ ਅਤੇ ਬਰਾਬਰੀ ਦਾ ਸਮਾਜ ਬਣਾਉਣ ਲਈ ਹਿੰਦੂਆਂ ਵੱਲੋਂ ਕਈ ਲਹਿਰਾਂ ਚਲਾਈਆਂ ਗਈਆਂ ਜਿਨਾਂ ਵਿੱਚ ਸਵਾਮੀ ਵਿਵੇਕਾਨੰਦ ਅਤੇ ਮਹਾਤਮਾ ਗਾਂਧੀ ਤੋਂ ਬਿਨਾਂ ਅਨੇਕ ਹੋਰ ਸਮਾਜ ਸੁਧਾਰਕਾਂ ਨੇ ਬਣਦਾ ਯੋਗਦਾਨ ਪਾਇਆ ਪ੍ਰੰਤੂ ਡਾ. ਬੀ. ਆਰ. ਅੰਬੇਡਕਾਰ ਦੇ ਸ਼ਬਦਾਂ ਵਿੱਚ, "ਭਾਰਤ ਵਿਚ ਅਨੇਕਾਂ ਹੀ ਧਾਰਮਿਕ ਤੇ ਸਮਾਜਿਕ ਸੁਧਾਰ ਲਈ ਅਨੇਕਾਂ ਹੀ ਮਹਾਤਮਾ ਆਏ ਪ੍ਰੰਤੂ ਦਲਿਤਾਂ ਦੀ ਸਮਾਜਿਕ ਤੇ ਆਰਥਿਕ ਵਿਸਥਾ ਜਿਉਂ ਦੀ ਤਿਉਂ ਰਹੀ" ਭਾਵ ਹਿੰਦੂ ਸਮਾਜ ਸੁਧਾਰਕ ਮਹਿਜ਼ ਅਛੂਤ ਮੁਕਤੀ ਲਈ ਕੀਤੇ ਯਤਨਾਂ ਵਿੱਚ ਪ੍ਰਚਾਰ ਤੱਕ ਹੀ ਸੀਮਿਤ ਰਹੇ ਤੇ ਵਿਸ਼ੇਸ਼ ਤੌਰ ਉੱਤੇ ਉਸ ਦਾ ਰਾਜਨੀਤਿਕ ਲਾਭ ਲੈ ਕੇ ਸੱਤਾ ਪ੍ਰਾਪਤੀ ਲਈ ਇੱਕ ਪੌੜੀ ਵਾਂਗ ਵਰਤਦੇ ਰਹੇ ਹਨ ਜਿਸ ਕਾਰਣ ਪਿਛਲੀ ਇਕ ਸਦੀ ਤੋਂ ਅਛੂਤਾਂ ਨੂੰ ਡਾ. ਅੰਬੇਡਕਰ ਤੋਂ ਬਿਨਾਂ ਕੋਈ ਦੂਜਾ ਵਿਅਕਤੀ 'ਅਛੂਤਾਂ ਦੇ ਨੇਤਾ' ਵਜੋਂ ਪਾਵਨ ਨਹੀਂ ਹੋ ਸਕਿਆ।

ਵੀਹਵੀਂ ਸਦੀ ਦੇ ਮੁਢਲੇ ਦੋ ਦਹਾਕੇ ਭਾਰਤ ਦੀ ਸਮਾਜਿਕ ਅਤੇ ਰਾਜਨੀਤਿਕ ਆਜ਼ਾਦੀ ਦੇ ਸੰਬੰਧ ਵਿੱਚ ਕਾਫੀ ਮਹੱਤਵਪੂਰਣ ਮੰਨੇ ਜਾ ਸਕਦੇ ਹਨ। ਧਾਰਮਿਕ ਤੌਰ ਤੇ ਹਿੰਦੂ ਸਮਾਜ ਅਤੇ ਧਰਮ ਪੱਖੋਂ ਇਹ ਹਿੰਦੂ ਧਾਰਮਿਕ ਤੇ ਸਮਾਜਿਕ ਕੋਡ ਦੇ ਪੁਨਰ ਮੁਲਾਂਕਣ ਤੇ ਵਿਚਾਰ ਦਾ ਧਰਮ ਸੀ ਜਿਸ ਵਿੱਚ ਸਿੱਖ ਧਰਮ ਅਤੇ ਸਮਾਜ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਤੇ ਮਹੰਤਾਂ ਦੇ ਚੁੰਗਲ 'ਚੋਂ ਛੁਡਾਉਣ ਲਈ ਸਿੰਘ ਸਭਾ ਲਹਿਰ ਦੀ ਸਥਾਪਨਾ ਦਾ ਯੋਗਦਾਨ ਵੀ ਸ਼ਾਮਲ ਸੀ। ਇਸ ਸਮਾਂਤਰ ਹਿੰਦੂ ਅਤੇ ਮੁਸਲਿਮ ਘੱਟ ਗਿਣਤੀ ਸੰਗਠਨਾਂ ਵੱਲੋਂ ਭਾਰਤ ਦੀ ਆਜ਼ਾਦੀ ਲਈ ਕੀਤੇ ਸੰਘਰਸ਼ ਦੀ ਰੂਪ ਰੇਖਾ ਜ਼ੋਰ ਫੜਦੀ ਜਾ ਰਹੀ ਸੀ। ਪ੍ਰੰਤੂ ਘੱਟ ਗਿਣਤੀਆਂ ਵਿੱਚ ਦਲਿਤਾਂ-ਈਸਾਈਆਂ ਦੇ ਪੱਖ ਨੂੰ ਆਜ਼ਾਦੀ ਮੁਕਤੀ ਮੋਰਚੇ ਨਾਲ ਜੋੜ ਕੇ ਵੇਖਣ ਦੀ ਵਕਾਲਤ ਕਰਨ ਵਾਲੇ ਡਾ. ਅੰਬੇਡਕਰ ਦੇ ਸੰਘਰਸ਼ ਨੂੰ ਮਹਾਤਮਾ ਗਾਂਧੀ ਅਤੇ ਉਸ ਦੇ ਰਾਜਨੀਤਿਕ ਅਖਾੜੇ ਦੇ ਸਹਿਯੋਗੀ, ਰਿਆਸਤੀ ਰਾਜੇ, ਘਟਾ ਕੇ ਵੇਖਦੇ ਸਨ।

ਭਾਰਤ ਦੀਆਂ ਵਿਭਿੰਨ ਰਿਆਸਤਾਂ ਦੇ ਰਾਜੇ ਸੰਪੂਰਣ ਆਜਾਦੀ ਦੀ ਵਜਾਇ, ਸਵਰਾਜ ਦੇ ਹੱਕ ਵਿੱਚ ਸਨ ਜਿੱਥੇ ਉਹਨਾਂ ਦੇ ਵੱਧ ਅਧਿਕਾਰਾਂ ਦਾ ਮਸਲਾ ਸੁਰੱਖਿਅਤ ਸੀ। ਮਹਾਤਮਾ ਗਾਂਧੀ ਅਤੇ ਉਸ ਦੀ ਸਹਿਯੋਗੀ ਕਾਂਗਰਸ ਪੂਰਣ ਆਜਾਦੀ ਦੀ ਮੰਗ ਤਾਂ ਕਰਦੀ ਸੀ ਪ੍ਰੰਤੂ ਇਸ ਵਿੱਚ ਦਲਿਤਾਂ ਦੇ ਲਈ ਕਿਸੇ ਵਿਸ਼ੇਸ਼ ਪੈਕੇਜ਼ ਬਾਰੇ ਉਹ ਮੂਲੋਂ ਹੀ ਵਿਰੋਧ ਕਰਦੀ ਸੀ। ਨਾਲ ਹੀ ਉਹ ਮੁਸਲਮਾਨਾਂ, ਸਿੱਖਾਂ ਲਈ ਵੱਖਰੇ ਰਾਜਨੀਤਿਕ ਅਤੇ ਸਮਾਜਿਕ ਵਿਦਿਅਕ ਅਧਿਕਾਰਾਂ ਦੀ ਵਕਾਲਤ ਤਾਂ ਕਰਦੀ ਸੀ ਪ੍ਰੰਤੂ ਅਛੂਤਾਂ ਦੇ ਸੰਘਰਸ਼ ਨੂੰ ਇਸ ਤੋਂ ਬਾਹਰ ਰਖਦੀ ਸੀ। ਅਛੂਤਾਂ ਦੇ ਵੱਧ ਅਧਿਕਾਰਾਂ ਨੂੰ "ਭਾਰਤ ਦੀ ਅੰਦਰੂਨੀ ਵੰਡ" ਦੇ ਰੂਪ ਖਤਰਾ ਸਮਝ ਕੇ ਇਸ ਦੇ ਵਿਰੋਧ ਵਿੱਚ ਪ੍ਰਚਾਰ ਕਰਨਾ ਉਚਿਤ ਸਮਝਦੀ ਸੀ।

ਇਸ ਪ੍ਰਸੰਗ ਵਿੱਚ ਮਹਾਤਮਾ ਗਾਂਧੀ ਅਛੂਤਾਂ ਬਾਰੇ ਦਿੱਤਾ ਉਹ ਬਿਆਨ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ, "ਕਾਂਗਰਸ ਅਛੂਤਾਂ ਦੀ ਭਲਾਈ ਲਈ ਸਭ ਕੁਝ ਕਰ ਰਹੀ ਹੈ, ਇਸ ਲਈ ਅਛੂਤਾਂ ਨੂੰ ਵਿਸ਼ੇਸ਼ ਪ੍ਰਤੀਨਿਧਤਾ ਦੇਣ ਦੀ ਯੋਜਨਾ ਪ੍ਰਤੀ ਮੇਰਾ ਕੱਟੜ ਵਿਰੋਧ ਰਹੇਗਾ।" ਕਾਂਗਰਸ ਅਤੇ ਮਹਾਤਮਾ ਗਾਂਧੀ ਦੇ ਆਪਸੀ ਰਿਸ਼ਤੇ ਅਤੇ ਅਛੂਤਾਂ ਬਾਰੇ ਅਪਨਾਏ ਰਵਈਏ ਤੋਂ ਸਾਧਾਰਣ ਵਿਅਕਤੀ ਅੰਦਾਜ਼ਾ ਲਾ ਸਕਦਾ ਹੈ ਕਿ ਮਹਾਤਮਾ ਗਾਂਧੀ ਦੀ ਰਾਜਨੀਤਿਕ ਦ੍ਰਿਸ਼ਟੀ 'ਚ ਅਛੂਤਾਂ ਦੇ ਹੱਕ ਕਿਨੇ ਕੁ ਸੁਰੱਖਿਅਤ ਰਹਿ ਸਕਦੇ ਸਨ।

ਮਹਾਤਮਾ ਗਾਂਧੀ ਅਤੇ ਕਾਂਗਰਸ ਜਮਾਤ ਅਛੂਤਾਂ ਦੇ ਮਸਲੇ ਤੇ ਇਹ ਗੱਲ ਮੰਨਣ ਲਈ ਤਿਆਰ ਨਹੀਂ ਸੀ ਕਿ ਅਛੂਤਾਂ ਦੀ ਸਮੱਸਿਆ ਬਾਰੇ, ਹੋਰਨਾਂ ਜਾਤਾਂ ਨਾਲੋਂ ਸਮਾਜਿਕ ਅਤੇ ਆਰਥਿਕ ਪੱਖੋਂ ਜ਼ਿਆਦਾ ਧਿਆਨ ਦੇਣ ਦੀ ਲੋੜ। ਭਾਵ ਕਿਸੇ ਵੀ ਤਰੀਕੇ ਨਾਲ ਇਹਨਾਂ ਨੂੰ ਸਮਾਜਿਕ ਅਤੇ ਰਾਜਨੀਤਿਕ ਅਧਿਕਾਰ ਦਿੱਤੇ ਬਿਨਾਂ ਭਾਰਤ ਦੀ ਆਜ਼ਾਦੀ ਦਾ ਸੁਪਨਾ ਅਧੂਰਾ ਰਹੇਗਾ। ਜਦੋਂ ਕਿ ਮਹਾਤਮਾ ਗਾਂਧੀ ਬਿਲਕੁਲ ਕਮਿਊਨਿਸਟ ਇਨਕਲਾਬੀਆਂ ਵਾਂਗ ਹੀ ਸੋਚਦੇ ਸਨ ਕਿ ਇਨਕਲਾਬ ਆਉਣ ਤੇ ਜਦੋਂ ਭਾਰਤ ਨੂੰ ਅਰਥਿਕ ਆਜ਼ਾਦੀ ਮਿਲ ਜਾਵੇਗੀ ਤਾਂ ਜਾਤ, ਰੰਗ , ਨਸਲ ਦੇ ਵਿਤਕਰੇ ਆਪਣੇ ਆਪ ਹੀ ਹੱਲ ਹੋ ਜਾਣਗੇ।

ਇਸ ਪ੍ਰਸੰਗ ਵਿੱਚ ਡਾ. ਅੰਬੇਡਕਰ ਦੇ ਵਿਚਾਰ ਉਚੇਚਾ ਧਿਆਨ ਦੀ ਮੰਗ ਕਰਦੇ ਹਨ, "ਘੱਟ ਗਿਣਤੀਆਂ ਦੇ ਪ੍ਰਸ਼ਨ ਦਾ ਹੱਲ ਵਿਵੇਕਪੂਰਣ ਹੋਣਾ ਚਾਹੀਦਾ ਹੈ। ਦੇਸ਼ ਦੇ ਸੰਵਿਧਾਨ ਵਿਚ ਹੀ ਉਹਨਾਂ ਦੇ ਹੱਕਾਂ ਨੂੰ ਸੁਰੱਖਿਅਤ ਰੱਖਣ ਦੀ ਵਿਵਸਥਾ ਹੋਣੀ ਚਾਹੀਦੀ ਹੈ।" ਇਸ ਹੱਕ ਦੀ ਰੱਖਿਆ ਲਈ ਵਿਧਾਨ ਸਭਾ ਵਿੱਚ ਅਛੂਤਾਂ ਨੂੰ ਪੂਰੀ ਪ੍ਰਤੀਨਿਧਤਾ ਮਿਲਣੀ ਚਾਹੀਦੀ ਹੈ। ਜੇ ਉਹਨਾਂ ਲਈ ਰਾਖਵੀਆਂ ਥਾਵਾਂ ਦਾ ਉਚਿਤ ਪ੍ਰਬੰਧ ਹੋਵੇ ਤਾਂ ਫਿਰ ਸੰਯੁਕਤ ਮਤਦਾਰ ਸੰਘ ਨੂੰ ਸਵੀਕਾਰ ਕਰਨ ਵਿੱਚ ਕੋਈ ਇਤਰਾਜ ਨਹੀਂ ਹੋਵੇਗਾ। ਸਰਕਾਰੀ ਨੌਕਰੀਆਂ ਵਿੱਚ ਵੀ ਉਚਿਤ ਮਾਪਦੰਡ ਨਿਸ਼ਚਿਤ ਕਰਨਾ ਚਾਹੀਦਾ ਹੈ।

ਅਜਿਹਾ ਉਹਨਾਂ ਨੇ ਮਹਿਜ਼ ਸਮਾਗਮ 'ਚ ਭਾਸ਼ਨ ਦੇ ਰੂਪ 'ਚ ਹੀ ਨਹੀਂ ਕਿਹਾ ਸਗੋਂ ਇਸ ਲਈ ਲੰਮੀ ਜਦੋਂ ਜਹਿਦ ਵੀ ਕੀਤੀ। ਜਿਸ ਲਈ ਉਹਨਾਂ ਨੇ ਆਪਣੀ ਸਿਹਤ, ਪਰਿਵਾਰ ਦੀ ਵੀ ਪ੍ਰਵਾਹ ਨਹੀਂ ਕੀਤੀ।

ਇਹ ਉਹ ਸਮਾਂ ਸੀ ਜਦੋਂ ਅਛੂਤਾਂ ਨੂੰ ਵੋਟ ਪਾਉਣ ਦਾ ਹੱਕ ਤਾਂ ਕੀ ਹੋਣਾ ਸੀ ਸਗੋਂ ਉਹਨਾਂ ਨਾਲ ਸਮਾਜਿਕ ਪੱਧਰ ਤੇ ਬਹੁਤ ਹੀ ਨੀਵੇਂ ਢੰਗ ਦਾ ਵਿਵਹਾਰ ਕੀਤਾ ਜਾਂਦਾ ਸੀ। ਡਾ. ਅੰਬੇਡਕਰ ਸਾਹਮਣੇ ਦੋ ਮਹੱਤਵਪੂਰਣ ਸਵਾਲ ਸਨ।



0 ਭਾਰਤ ਦੀ ਸੁਤੰਤਰਤਾ ਲਈ ਲੜਨ ਦਾ ਸਵਾਲ

0 ਭਾਰਤ ਵਿੱਚ ਰਹਿ ਰਹੇ ਕਰੋੜਾਂ ਅਛੂਤਾਂ ਦੀ ਸਮਾਜਿਕ ਗੁਲਾਮੀ ਤੋਂ ਮੁਕਤੀ ਅਤੇ ਰਾਜਨੀਤਿਕ ਅਧਿਕਾਰਾਂ ਦੀ ਬਹਾਲੀ ਦਾ ਸਵਾਲ

ਡਾ. ਅੰਬੇਡਕਰ ਦੀ ਭੂਮਿਕਾ ਉਸ ਵੇਲੇ ਬ੍ਰਿਟਿਸ਼ ਹਕੂਮਤ ਕੋਲੋਂ ਸੰਪੂਰਣ ਭਾਰਤੀ ਆਜ਼ਾਦੀ ਦੇ ਮਸਲੇ ਤੇ ਕਾਂਗਰਸੀ ਨੇਤਾਵਾਂ ਖਾਸ ਕਰਕੇ ਮਹਾਤਮਾ ਗਾਂਧੀ ਅਤੇ ਉਸ ਦੇ ਸਹਿਯੋਗੀ ਨਾਲੋਂ ਅਲੱਗ ਸੀ। ਪਹਿਲੀ ਗੋਲਮੇਜ਼ ਕਾਨਫਰੰਸ਼ 'ਚ ਭਾਗ ਲੈਣ 'ਤੋਂ ਪਹਿਲਾਂ ਅਛੂਤ ਸਮਾਜ ਵੱਲੋਂ ਡਾ. ਅੰਬੇਡਕਰ ਨੇ ਆਪਣੇ ਸਨਮਾਨ 'ਚ 2 ਅਕਤੂਬਰ, 1930 ਨੂੰ ਪਰੇਲ 'ਚ ਆਯੋਜਿਤ ਸਮਾਗਮ 'ਚ ਬੋਲਦਿਆਂ ਕਿਹਾ ਸੀ, ਸਵਰਾਜ ਤਾਂ ਅਛੂਤਾਂ ਨੂੰ ਚਾਹੀਦਾ ਹੈ। ਪਰ ਭਾਵੀ ਸੰਵਿਧਾਨ ਵਿਚ ਅਛੂਤਾਂ ਨੂੰ ਸਵਾਧੀਨਤਾ ਦਿਵਾਉਣ ਦਾ ਪ੍ਰਬੰਧ ਪਹਿਲੇ ਹੀ ਕਰਕੇ ਰਖਣਾ ਜ਼ਰੂਰੀ ਹੈ।" ਇਹ ਗੱਲ ਉਹ ਚੰਗੀ ਤਰ੍ਹਾਂ ਸਮਝਦੇ ਸਨ ਕਿ ਜੇਕਰ ਅਛੂਤ ਸਮਾਜ ਲਈ ਸੰਵਿਧਾਨ ਵਿੱਚ ਆਜਾਦੀ ਪ੍ਰਾਪਤੀ ਤੋਂ ਪਹਿਲਾਂ ਕੋਈ ਵਿਸ਼ੇਸ਼ ਅਧਿਕਾਰਾਂ ਦੀ ਗੱਲ ਨਾ ਅੰਕਿਤ ਕੀਤੀ ਗਈ ਤਾਂ ਅਛੂਤ ਸਮਾਜ ਕਈ ਸਦੀਆਂ ਹੋਰ ਪਿੱਛੇ ਪਰਤ ਜਾਵੇਗਾ।

ਵੀਹਵੀਂ ਸਦੀ ਦੇ ਤੀਸਰੇ ਦਹਾਕੇ 'ਚ ਭਾਰਤੀ ਸਮਾਜਿਕ ਅਤੇ ਆਰਥਿਕ, ਰਾਜਨੀਤਿਕ ਵਿਵਸਥਾ 'ਚ ਦੋ ਕਿਸਮ ਦੇ ਸੰਕਲਪਾਂ ਅਧੀਨ ਬ੍ਰਿਟਿਸ਼ ਹਕੂਮਤ ਦੇ ਖਿਲਾਫ ਲੜਾਈ ਚਲ ਰਹੀ ਸੀ।

ਕਾਂਗਰਸੀ ਖੇਮਿਆਂ 'ਚ ਦਲਿਤਾਂ, ਮੁਸਲਮਾਨਾਂ, ਹਿੰਦੂਆਂ ਅਤੇ ਈਸਾਈਆਂ ਸਿੱਖਾਂ ਦੇ ਪ੍ਰਤੀਨਿਧੀਆਂ ਰਾਹੀਂ ਇਸ ਗੱਲ ਤੇ ਪੂਰੀ ਬਹਿਸ ਹੋ ਰਹੀ ਸੀ ਕਿ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਭਾਰਤ ਨੂੰ ਕਿਹੜੇ ਕਿਹੜੇ ਰਾਜਸੀ ਹੱਕ ਮਿਲਣੇ ਚਾਹੀਦੇ ਹਨ। ਨਾਲ ਹੀ ਸਮਾਜਵਾਦੀ (ਅਹਿੰਸਾਵਾਦੀ ਗਰੁੱਪਾਂ) ਗਰੁੱਪਾਂ ਵੱਲੋਂ ਵੀ ਇਹ ਮੰਗ ਜ਼ੋਰ ਨਾਲ ਉਠਾਈ ਜਾ ਰਹੀ ਸੀ ਪ੍ਰੰਤੂ ਉਹ ਰਾਜਨੀਤਿਕ ਹੱਕਾਂ ਲਈ ਕਿਸੇ ਕਿਸਮ ਦੇ ਸਮਝੌਤੇ ਨਹੀਂ ਸਨ ਕਰਨਾ ਚਾਹੁੰਦੇ, ਇਸ ਸਮੂਹ ਵਿਚ ਜ਼ਿਆਦਾਤਰ ਲੋਕ ਦੇਸ਼ ਪ੍ਰਤੀ ਕੁਰਬਾਨੀ ਦੇ ਜ਼ਜ਼ਬੇ ਨਾਲ ਇਸ ਕਦਰ ਲਬਰੇਜ਼ ਸਨ ਕਿ ਉਹ ਸਾਮਰਾਜੀ ਮੰਡੀ ਵਿੱਚ ਅੰਗਰੇਜ਼ ਹਕੂਮਤ ਨੂੰ ਕੱਟੜ ਦੁਸ਼ਮਣੀ ਦੀ ਨਜ਼ਰ ਨਾਲ ਵੇਖ ਰਹੇ ਸਨ।

ਅਛੂਤ ਸਮਾਜ ਦੇ ਇਕੋ ਇਕ ਪ੍ਰਵਾਨਿਤ ਨੇਤਾ ਵਜੋਂ ਡਾ. ਬੀ. ਆਰ. ਅੰਬੇਡਕਰ ਦੇ ਵਿਚਾਰ ਵੀ ਬ੍ਰਿਟਿਸ਼ ਹਕੂਮਤ ਦੇ ਖਿਲਾਫ਼ ਸਨ, ਉਹਨਾਂ ਦੀ ਜਦੋਂ ਜਹਿਦ ਵੀ ਸਵਾਧੀਨਤਾ ਲਈ ਸੰਘਰਸ਼ ਦਾ ਇਕ ਹਿੱਸਾ ਸੀ। ਪ੍ਰੰਤੂ ਉਹ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਿਸ ਸਮਾਜ ਦੀ ਉਹ ਮੁਕਤੀ ਲਈ ਉਹ ਸੰਘਰਸ਼ ਕਰ ਰਹੇ ਹਨ। ਉਹ ਸਮਾਜ ਰਾਜਨੀਤੀ / ਸਿੱਖਿਆ / ਸਮਾਜਿਕ ਨਿਆਂ ਤੇ ਵਿਚਾਰ ਦੇ ਪੱਧਰ ਤੇ ਜਾਤੀ ਵਿਵਸਥਾ ਕਾਰਣ ਐਨਾ ਪਿਸ ਚੁੱਕਾ ਹੈ ਕਿ ਉਹਨਾਂ ਨੂੰ ਵਿਸ਼ੇਸ਼ ਰਾਖਵੇਂ ਹੱਕਾਂ ਦਾ ਪ੍ਰਬੰਧ ਕੀਤੇ ਬਿਨਾਂ ਕਿਸੇ ਵੀ ਕਿਸਮ ਦੀ ਲੜਾਈ ਵਿੱਚ ਝੋਕਿਆ ਨਹੀਂ ਜਾ ਸਕਦਾ। ਉਹ ਦੂਹਰੀ ਗੁਲਾਮੀ 'ਚ ਜੀ ਰਹੇ ਸਨ।

ਬ੍ਰਿਟਿਸ਼ ਹਕੂਮਤ ਦੀ ਰਾਜਨੀਤਿਕ ਗੁਲਾਮੀ ਦੇ ਨਾਲ ਨਾਲ ਉਚ ਜਾਤ ਆਧਾਰਤ ਉਚ ਵਰਗਾਂ ਦੇ ਅਧੀਨ ਉਹ ਜਿਸ ਕਿਸਮ ਦੀ ਸਮਾਜਿਕ ਗੁਲਾਮੀ ਭੋਗ ਰਹੇ ਸਨ ਸਭ ਤੋਂ ਪਹਿਲਾਂ ਉਹਨਾਂ ਨੂੰ ਆਜ਼ਾਦ ਕੀਤਾ ਜਾਵੇ।

ਡਾ. ਅੰਬੇਡਕਰ ਦੀ ਨਜ਼ਰ 'ਚ ਅਛੂਤ ਸਮਾਜ ਨੂੰ ਰਾਜਸੀ ਹੱਕਾਂ ਦੇ ਨਾਲ ਨਾਲ , ਭਾਰਤੀ ਸਮਾਜ ਵਿੱਚ ਜਾਤ ਦੀ ਗੁਲਾਮੀ ਤੋਂ ਭਾਰਤੀਆਂ ਕੋਲੋਂ ਮੁਕਤ ਕਰਨਾ ਪਵੇਗਾ। ਇਹਨਾਂ ਦੀ ਬਦ ਤੋਂ

ਬਦਤਰ ਹੁੰਦੀ ਹਾਲਤ ਬਾਰੇ ਡਾ. ਬੀ. ਆਰ. ਅੰਬੇਡਕਰ ਨੇ ਬ੍ਰਿਟਿਸ਼ ਹਕੂਮਤ ਨੂੰ ਵੀ ਜਾਣੂ ਕਰਵਾਇਆ।

ਇਸ ਸਬੰਧੀ ਵੀਹਵੀਂ ਸਦੀ ਦੇ ਤੀਸਰੇ ਦਹਾਕੇ ਦੇ ਮੁਢਲੇ ਦੋ ਸਾਲ (1930-1932) ਦਲਿਤਾਂ ਦੇ ਇਤਿਹਾਸ ਵਿੱਚ ਬਹੁਤ ਹੀ ਅਹਿਮ ਸਥਾਨ ਰਖਦੇ ਹਨ। ਭਾਰਤੀ ਸੰਵਿਧਾਨ ਕਿਹੋ ਜਿਹਾ ਹੋਵੇ ਤੇ ਭਾਰਤੀਆਂ ਨੂੰ ਕਿਹੋ ਜਿਹੇ ਰਾਜਨੀਤਿਕ ਅਧਿਕਾਰ ਦਿੱਤੇ ਜਾਣ। ਇਸ ਸਵਾਲ ਦੇ ਨਾਲ ਨਾਲ ਦਲਿਤਾਂ ਨੂੰ ਸਮਾਜ ਵਿੱਚ ਬਰਾਬਰੀ ਦਾ ਦਰਜਾ ਦੇਣ ਲਈ ਅਲੱਗ ਰਾਜਨੀਤਿਕ ਅਤੇ ਨੌਕਰੀਆਂ 'ਚ ਵੱਖ ਅਧਿਕਾਰ ਦਿੱਤੇ ਜਾਣ। ਇਹੋ ਸਮਾਂ ਸੀ ਜਦੋਂ 26 ਜਨਵਰੀ, 1930 ਨੂੰ "ਸਵਤੰਤਰਤਾ ਦਿਵਸ" ਵਜੋਂ ਮਨਾਇਆ ਗਿਆ ਤੇ ਗਾਂਧੀ ਨੇ ਸਮੁੱਚੇ ਭਾਰਤੀਆਂ ਨੂੰ ਸੰਪੂਰਣ ਆਜਾਦੀ ਪ੍ਰਾਪਤੀ ਲਈ ਸੰਘਰਸ਼ 'ਚ ਜੁੱਟ ਜਾਣ ਲਈ ਅੰਦੋਲਨ ਆਰੰਭ ਕਰ ਦਿੱਤਾ।

ਸਾਈਮਨ ਕਮਿਸ਼ਨ ਦੇ ਵਿਰੋਧ ਕਾਰਣ ਬ੍ਰਿਟਿਸ਼ ਹਕੂਮਤ ਨੇ ਇਹ ਐਲਾਨ ਕਰ ਦਿੱਤਾ ਕਿ ਕਮਿਸ਼ਨ ਦਾ ਕੰਮ ਸਮਾਪਤ ਹੋਣ ਪਿੱਛੋਂ ਨਵੇਂ ਸੰਵਿਧਾਨ ਦੀ ਰੂਪ -ਰੇਖਾ ਉਲੀਕਣ ਲਈ ਭਾਰਤ ਦੇ ਕੁੱਝ ਪ੍ਰਤੀਨਿਧੀਆਂ ਨੂੰ ਵਿਚਾਰ ਵਿਮਰਸ਼ ਲਈ ਬੁਲਾਇਆ ਜਾਵੇਗਾ।

ਦਲਿਤ ਮੁਕਤੀ ਦੇ ਇਤਿਹਾਸਕ ਸੰਘਰਸ਼ ਵਿੱਚ ਇਸ ਸਮੇਂ ਨੂੰ ਸੁਨਹਿਰੀ ਕਾਲ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ ਕਿਉਂਕਿ ਭਾਰਤ ਦੇ ਨਵੇਂ ਸੰਵਿਧਾਨ ਦੀ ਰੂਪ ਰੇਖਾ ਉਲੀਕਣ ਅਤੇ ਰਾਜਸੀ ਹੱਕਾਂ ਬਾਰੇ ਵਿਚਾਰ ਚਰਚਾ ਕਰਨ ਲਈ ਬ੍ਰਿਟਿਸ਼ ਹਕੂਮਤ ਵਲੋਂ ਜਿਹੜੀ ਗੋਲਮੇਜ਼ ਕਾਨਫਰੰਸ ਕੀਤੀ ਗਈ, ਉਸ ਵਿਚ ਭਾਰਤ ਦੇ ਕਰੋੜਾ ਦਲਿਤਾਂ ਨੂੰ ਰਾਜਸੀ ਅਤੇ ਸਮਾਜਿਕ ਹੱਕ ਦਿਵਾਉਣ ਲਈ ਜਿਨ੍ਹਾਂ ਦੋ ਅਛੂਤ ਨੇਤਾਵਾਂ ਨੂੰ ਬੁਲਾਇਆ ਗਿਆ। ਉਹ ਸਨ, ਡਾ. ਬੀ. ਆਰ. ਅੰਬੇਡਕਰ ਅਤੇ ਦੀਵਾਨ ਬਹਾਦਰ ਆਰ. ਸੀ. ਨਿਵਾਸਨ।

ਇਹ ਉਹ ਸਮਾਂ ਸੀ ਜਦੋਂ ਡਾ. ਅੰਬੇਡਕਰ ਦੇ ਦਲਿਤ ਸਮਾਜ ਨਾਲ ਹੁੰਦੇ ਅਮਾਨਵੀ ਵਿਵਹਾਰ ਨੂੰ ਇਹਨਾਂ ਦੀ ਗੁਲਾਮੀ ਅਤੇ ਜਿਲਤ ਨੂੰ ਇਹਨਾਂ ਨਾਲ ਹੁੰਦੇ ਕੁੱਤਿਆਂ ਵਰਗੇ ਵਿਵਹਾਰ ਨੂੰ ਬ੍ਰਿਟਿਸ਼ ਹਕੂਮਤ ਕੋਲ ਗੋਲਮੇਜ਼ ਕਾਨਫਰੰਸ ਵਿੱਚ ਹੀ ਨਹੀਂ ਸਮੁੱਚੀ ਯੂਰਪੀਅਨ ਪ੍ਰੈਸ ਸਾਹਮਣੇ, ਭਾਰਤੀ ਸਮਾਜ ਦੀ ਇਕ ਵੱਡੀ ਸਮੱਸਿਆ ਦੇ ਰੂਪ 'ਚ ਉਭਾਰਿਆ। ਇਸ ਛੂਤਛਾਤ ਦੀ ਸਮੱਸਿਆ ਦੀ ਰੰਗਨਸਲੀ ਵਿਤਕਰੇ ਦੇ ਪ੍ਰਸੰਗ ਵਿਚ, ਵਧੇਰੇ ਖਤਰਨਾਕ ਰੂਪ 'ਚ ਵਕਾਲਤ ਕਰਕੇ , ਭਾਰਤੀ ਸੰਵਿਧਾਨ ਵਿੱਚ ਕੁਝ ਰਾਖਵੇਂ ਰਾਜਨੀਤਿਕ ਅਧਿਕਾਰਾਂ ਲਈ ਪ੍ਰਾਵਧਾਨ ਕਰਨ ਲਈ ਬ੍ਰਿਟਿਸ਼ ਹਕੂਮਤ ਨੂੰ ਮਜਬੂਰ ਕਰ ਦਿੱਤਾ। ਨਾਲ ਹੀ ਉਹਨਾਂ ਨੇ ਇਹ ਵੀ ਸੰਕੇਤ ਦੇ ਦਿੱਤਾ ਕਿ ਜੇਕਰ ਅਛੂਤਾਂ ਦੀ ਇਸ ਮੰਗ ਨੂੰ ਨਜ਼ਰ ਅੰਦਾਜ਼ ਕਰਕੇ, ਭਾਰਤ ਨੂੰ ਆਜ਼ਾਦ ਕਰ ਦਿੱਤਾ ਜਾਂਦਾ ਹੈ ਤਾਂ ਇਹ ਆਜ਼ਾਦੀ ਭਾਰਤੀ ਉਚ ਵਰਗਾਂ / ਅਮੀਰਾਂ / ਰਾਜ ਘਰਾਣਿਆਂ ਦੀ ਆਜ਼ਾਦੀ ਹੋਵੇਗੀ, ਸਮੁੱਚੇ ਭਾਰਤ ਦੀ ਆਜ਼ਾਦੀ ਨਹੀਂ। ਉਹਨਾਂ ਨੇ ਇਹ ਵੀ ਕਿਹਾ ਕਿ ਕਾਂਗਰਸ ਦੇ ਹੱਥਾਂ ਵਿੱਚ ਅਛੂਤਾਂ ਦੇ ਹੱਕ ਸੁਰੱਖਿਅਤ ਨਹੀਂ।

ਕਾਂਗਰਸ ਨੇ ਇਸ ਪਹਿਲੀ ਗੋਲਮੇਜ਼ ਕਾਨਫਰੰਸ ਦਾ ਬਾਈਕਾਟ ਕੀਤਾ ਪ੍ਰੰਤੂ ਇਸ ਵਿਚ ਭਾਰਤ ਦੇ ਵਿਭਿੰਨ ਦਲਾਂ / ਧਰਮਾਂ ਹਿੰਦੂਆਂ / ਮੁਸਲਮਾਨਾਂ / ਸਿੱਖਾਂ / ਭਾਰਤੀ ਇਸਾਈਆਂ ਦੇ ਮੁਖੀਆਂ ਨੇ ਇਸ ਕਾਨਫਰੰਸ ਵਿੱਚ ਭਰਵੀਂ ਸ਼ਿਰਕਤ ਕੀਤੀ।

ਇਸ ਸਮੇਂ ਕਾਂਗਰਸ ਦਾ ਹੀ ਨਹੀਂ, ਭਾਰਤ ਦੀ ਆਜ਼ਾਦੀ ਲਈ ਲੜ ਰਹੇ ਸਾਰੇ ਦੇਸ਼ ਭਗਤਾਂ ਦਾ ਬ੍ਰਿਟਿਸ਼ ਹਕੂਮਤ ਵੱਲੋਂ ਇਸ ਕਾਨਫਰੰਸ 'ਚ ਸ਼ਾਮਲ ਹੋਣ ਵਾਲੇ ਲੋਕਾਂ ਨਾਲ ਵਿਰੋਧ ਚਲ ਰਿਹਾ



ਸੀ। ਅਛੂਤਾਂ ਲਈ ਅਲੱਗ ਰਾਜਨੀਤਿਕ ਅਧਿਕਾਰਾਂ ਦੀ ਵਕਾਲਤ ਕਾਰਣ, ਡਾ. ਅੰਬੇਡਕਰ ਨੂੰ ਜ਼ਿਆਦਾ ਵਿਰੋਧ ਸਹਿਣ ਕਰਨਾ ਪੈ ਰਿਹਾ ਸੀ। ਡਾ. ਅੰਬੇਡਕਰ ਦੇ ਭਾਰਤ ਦੀ ਆਜ਼ਾਦੀ ਦੇ ਮਸਲੇ ਤੇ ਵਿਚਾਰ ਕੁੱਝ ਅਲੱਗ ਸਨ। ਉਹਨਾਂ ਲਈ ਵੱਡਾ ਸਵਾਲ ਇਹ ਸੀ ਕਿ ਆਰੀਆ ਲੋਕਾਂ ਦੇ ਆਉਣ, ਮੁਸਲਮਾਨ ਸ਼ਾਸਕਾਂ ਦੇ ਰਾਜ ਕਰਨ ਤੇ ਅੰਗਰੇਜੀ ਹਕੂਮਤ ਦੇ ਰਾਜ ਕਰਨ ਤੱਕ ਲਗਭਗ 2000 ਸਾਲ ਤੋਂ ਅਛੂਤ ਮੁਕਤੀ ਲਈ ਕੋਈ ਰਾਜਨੀਤਿਕ ਜਾਂ ਕਾਨੂੰਨੀ ਵਿਵਸਥਾ ਨਹੀਂ ਕੀਤੀ ਗਈ। ਅੱਜ ਜਦੋਂ ਅੰਗਰੇਜ਼ ਭਾਰਤ ਦੇ ਸੰਵਿਧਾਨ 'ਚ ਕੁੱਝ ਰਾਜਨੀਤਿਕ ਅਧਿਕਾਰ ਭਾਰਤੀਆਂ ਨੂੰ ਦੇਣ ਜਾ ਰਹੇ ਸਨ ਤੇ ਬਿਨਾਂ ਰਾਖਵੇਂ ਹੱਕਾਂ ਤੋਂ ਜੇਕਰ ਸੰਵਿਧਾਨ ਲਾਗੂ ਕਰ ਦਿੱਤਾ ਜਾਂਦਾ ਹੈ ਤਾਂ ਅਛੂਤਾਂ ਦੀ ਮੁਕਤੀ ਦਾ ਮਸਲਾ ਹੋਰ ਵੀ ਪਛੜ ਜਾਵੇਗਾ। ਡਾ. ਅੰਬੇਡਕਰ ਦੀ ਨਜ਼ਰ ਵਿੱਚ ਉਚ ਵਰਗਾਂ ਲਈ ਰਾਜਨੀਤਿਕ ਅਜ਼ਾਦੀ ਦਾ ਸਵਾਲ, ਅਛੂਤਾਂ ਦੀ ਰਾਜਨੀਤਿਕ ਤੇ ਸਮਾਜਿਕ ਆਜ਼ਾਦੀ ਦੇ ਸਮਾਂਤਰ ਰਖ ਕੇ ਵੇਖਣ ਤੋਂ ਬਿਨਾਂ ਅਧੂਰਾ ਹੈ। ਸੰਪੂਰਣ ਆਜ਼ਾਦੀ ਦੇ ਸਵਾਲ ਵਿੱਚ ਅਛੂਤਾਂ ਦੀ ਆਜ਼ਾਦੀ ਦਾ ਸਵਾਲ ਵੀ ਹੋਣਾ ਚਾਹੀਦਾ ਹੈ।

12 ਨਵੰਬਰ 1930 ਨੂੰ ਪਹਿਲੀ ਗੋਲਮੇਜ਼ ਕਾਨਫਰੰਸ ਇੰਗਲੈਂਡ ਵਿਚ ਹੋਈ। ਬ੍ਰਿਟਿਸ਼ ਪ੍ਰਧਾਨ ਮੰਤਰੀ ਰਾਮਸੇ ਮੈਕਡੋਨਾਲਡ ਦੀ ਪ੍ਰਧਾਨਗੀ ਵਿੱਚ ਇਕ ਕਮੇਟੀ ਗਠਿਤ ਕੀਤੀ ਗਈ ਜਿਸ ਦਾ ਉਦੇਸ਼ ਭਾਰਤ ਦੇ ਅੰਦਰ ਵਿਭਿੰਨ ਰਾਜਸੀ ਅਤੇ ਧਾਰਮਿਕ / ਜਾਤੀ ਸੰਗਠਨਾਂ ਦੇ ਰਾਜਨੀਤਿਕ ਹੱਕਾਂ ਲਈ ਕਿਸੇ ਨਤੀਜੇ ਤੇ ਪਹੁੰਚਣਾ ਸੀ। ਇਥੇ ਇਹ ਗੱਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਕਿ ਡਾ. ਬੀ. ਆਰ. ਅੰਬੇਡਕਰ ਦੇ ਯਤਨਾਂ ਸਕਦਾ ਬ੍ਰਿਟਿਸ਼ ਹਕੂਮਤ ਨੇ ਇਹ ਫੈਸਲਾ ਕਰ ਲਿਆ ਸੀ ਕਿ ਉਹ ਕਿਸੇ ਵੀ ਹਾਲਤ ਵਿੱਚ ਭਾਰਤੀ ਲੋਕਾਂ ਦੇ ਹੱਥਾਂ ਵਿਚ ਸਤਾਹ ਨਹੀਂ ਸੌਂਪੇਗੀ ਜਦੋਂ ਤੱਕ ਉਹਨਾਂ ਨੂੰ ਇਹ ਯਕੀਨ ਨਹੀਂ ਹੋ ਜਾਂਦਾ ਕਿ ਆਜ਼ਾਦ ਭਾਰਤ ਵਿਚ ਸੰਵਿਧਾਨਕ ਹੱਕਾਂ ਕਾਰਣ ਦਲਿਤ ਸੁਰੱਖਿਅਤ ਰਹਿ ਸਕਣਗੇ। ਹਾਲਾਂਕਿ ਉਹਨਾਂ ਦੇ ਸਮੁੱਚੇ ਸ਼ਾਸਨਕਾਰ ਦੌਰਾਨ 1930 ਤੋਂ ਪਹਿਲਾਂ ਉਹਨਾਂ ਨੇ ਦਲਿਤਾਂ ਦੀ ਸਮਾਜਿਕ ਗੁਲਾਮੀ ਸਬੰਧੀ ਕੋਈ ਖਾਸ ਧਿਆਨ ਨਹੀਂ ਦਿੱਤਾ ਸੀ।

ਗੋਲਮੇਜ਼ ਕਾਨਫਰੰਸ ਸਮੇਂ ਲਈ ਉਪ ਕਮੇਟੀ ਅੱਗੇ ਡਾ. ਬੀ. ਆਰ. ਅੰਬੇਡਕਰ ਨੇ ਦਲਿਤਾਂ ਦੀਆਂ ਮੰਗਾ ਦਾ ਚਾਰਟਰ ਪੇਸ਼ ਕਰ ਦਿੱਤਾ-

1. ਛੂਤ-ਚਾਤ ਨੂੰ ਖਤਮ ਕਰਕੇ ਬਰਾਬਰ ਨਾਗਰਿਕਤਾ ਸਥਾਪਿਤ ਕੀਤੀ ਜਾਵੇ।
2. ਸਾਰਿਆਂ ਨੂੰ ਬਰਾਬਰ ਅਧਿਕਾਰਾਂ ਦੀ ਵਰਤੋਂ ਦੀ ਖੁੱਲ੍ਹ ਦਿੱਤੀ ਜਾਵੇ।
3. ਉਚ ਜਾਤੀ ਹਿੰਦੂਆਂ ਰਾਹੀਂ ਦਲਿਤ ਵਰਗਾਂ ਦੇ ਬਾਈਕਾਟ ਨੂੰ ਅਪਰਾਧਿਕ ਸੂਚੀ ਵਿਚ ਦਰਜ ਕੀਤਾ ਜਾਵੇ।
4. ਦਲਿਤ ਵਰਗਾਂ ਨੂੰ ਕੇਂਦਰ ਤੇ ਪ੍ਰਾਂਤਕ, ਵਿਧਾਨ ਸਭਾਵਾਂ ਵਿਚ ਲੋੜੀਂਦੇ ਅਧਿਕਾਰ ਦਿੱਤੇ ਜਾਣ।
5. ਪਹਿਲੇ ਦਸ ਸਾਲਾਂ ਲਈ ਉਹਨਾਂ ਨੂੰ ਅਲੱਗ ਮਤਾਧਿਕਾਰ ਦਿੱਤਾ ਜਾਵੇ। ਉਸ ਤੋਂ ਬਾਅਦ ਉਹਨਾਂ ਨੂੰ ਸਾਂਝੀ ਚੋਣ 'ਚ ਰਾਖਵੀਆਂ ਸੀਟਾਂ ਦਿੱਤੀਆਂ ਜਾਣ।
6. ਸਰਕਾਰੀ ਨੌਕਰੀਆਂ ਵਿੱਚ ਦਲਿਤਾਂ ਨੂੰ ਲੋੜੀਂਦੇ ਸਥਾਨ ਦਿੱਤੇ ਜਾਣ ਭਾਵ (ਸਰਕਾਰੀ) ਸੇਵਾਵਾਂ ਦਾ ਪੁਨਰ ਗਠਨ ਇਸ ਪ੍ਰਕਾਰ ਕੀਤਾ ਜਾਵੇ ਤਾਂ ਕਿ ਸਾਰੇ ਵਰਗਾਂ ਨੂੰ ਪ੍ਰਤੀਨਿਧਤਾ ਦਿੱਤੀ ਜਾ ਸਕੇ।

7. ਦਲਿਤ ਵਰਗ ਦੀਆਂ ਹੋਰ ਮੁਸ਼ਕਲਾਂ ਦਾ ਹੱਲ ਕੀਤਾ ਜਾਵੇ, ਭੇਦ ਭਾਵ ਉਹਨਾਂ ਦੇ ਹੱਕਾਂ ਦੀ ਅਣਦੇਖੀ ਨੂੰ ਵਿਸ਼ੇਸ਼ ਵਿਕਾਸਾਤਮਕ ਯੋਜਨਾਵਾਂ ਰਾਹੀਂ ਪੂਰਾ ਕੀਤਾ ਜਾਵੇ।

8. ਮੰਤਰੀ ਮੰਡਲ (ਪ੍ਰੀਸ਼ਦ) ਦੇ ਨਿਰਮਾਣ ਭਾਵ ਸਰਕਾਰੀ ਨੀਤੀ ਨਿਰਧਾਰਣ ਵਿਚ ਦਲਿਤਾਂ (ਵਰਗਾਂ) ਨੂੰ ਬਣਦਾ ਹੱਕ ਦਿੱਤਾ ਜਾਵੇ।

ਉਪਰੋਕਤ ਤੱਥਾਂ ਦੇ ਸੰਦਰਭ ਵਿੱਚ ਡਾ. ਬੀ. ਆਰ. ਅੰਬੇਡਕਰ ਨੇ ਗੋਲਮੇਜ਼ ਕਾਨਫਰੰਸ ਦੇ ਮੈਂਬਰਾਂ ਨਾਲ ਵੱਖ ਵੱਖ ਸਮਿਆਂ 'ਚ ਕਾਫੀ ਮੁਲਾਕਾਤਾਂ ਕੀਤੀਆਂ। ਉਹਨਾਂ ਦੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਸੀ ਕਿ ਮੁਸਲਮਾਨ / ਸਿੱਖਾਂ / ਇਸਾਈਆਂ ਆਦਿਕ ਨਾਲੋਂ ਦਲਿਤਾਂ ਦੀ ਸਮੱਸਿਆ ਭੇਦ-ਭਾਵ ਦੇ ਸੰਬੰਧ ਵਿਚ ਹੀ ਅਲੱਗ ਨਹੀਂ, ਸਗੋਂ ਰਾਜਨੀਤਿਕ ਤੌਰ ਤੇ ਵੀ ਦਲਿਤਾਂ ਦਾ ਅਸਤਿਤਵ ਵਿਸ਼ੇਸ਼ ਅਧਿਕਾਰਾਂ ਦੀ ਮੰਗ ਕਰਦਾ ਹੈ। ਬੇਸ਼ਕ ਦਲਿਤ ਹਿੰਦੂ ਸਮਾਜ ਅਤੇ ਧਰਮ ਦਾ ਅਭਿੰਨ ਅੰਗ ਮੰਨੇ ਜਾਂਦੇ ਹਨ ਪ੍ਰੰਤੂ ਸਮਾਜਿਕ ਦਰਜਾਬੰਦੀ ਵਿੱਚ ਉਹਨਾਂ ਨੂੰ ਉਹ ਮਨੁੱਖੀ ਅਧਿਕਾਰ / ਹੱਕ ਪ੍ਰਾਪਤ ਨਹੀਂ ਜਿਹੜੇ ਉਚ ਜਾਤੀ ਹਿੰਦੂ ਪਰਿਵਾਰਾਂ ਨੂੰ ਹਾਸਲ ਹਨ।

ਇਸ ਸੰਬੰਧ ਵਿਚ ਡਾ. ਅੰਬੇਡਕਰ ਨੇ ਹਿੰਦੂ ਸਮਾਜ ਦੀ ਹੀ ਆਲੋਚਨਾ ਨਹੀਂ ਕੀਤੀ ਸਗੋਂ ਉਹ ਬ੍ਰਿਟਿਸ਼ ਹਕੂਮਤ ਨੂੰ ਵੀ ਬਰਾਬਰ ਦਾ ਜੁੰਮੇਵਾਰ ਸਮਝਦੇ ਸਨ। "ਬ੍ਰਿਟਿਸ਼ ਕਾਲ ਤੋਂ ਪਹਿਲਾਂ ਅਸੀਂ ਮੰਦਰਾਂ 'ਚ ਦਾਖਲ ਨਹੀਂ ਹੋ ਸਕਦੇ ਸਾਂ ? ਕੀ ਹੁਣ ਦਾਖਲ ਹੋ ਸਕਦੇ ਹਾਂ ? ਅੰਗਰੇਜੀ ਹਕੂਮਤ ਤੋਂ ਪਹਿਲਾਂ ਸਾਨੂੰ ਪੁਲਿਸ 'ਚ ਭਾਰਤੀ ਨਹੀਂ ਕੀਤੀ ਜਾਂਦੀ ਸੀ ? ਕੀ ਅੰਗਰੇਜ਼ੀ ਸਰਕਾਰ ਹੁਣ ਸਾਨੂੰ ਭਰਤੀ ਕਰ ਸਕਦੀ ਹੈ। ਅੰਗਰੇਜੀ ਰਾਜ ਤੋਂ ਪਹਿਲਾਂ ਸਾਨੂੰ ਸੈਨਾ ਵਿਚ ਭਰਤੀ ਨਹੀਂ ਕੀਤਾ ਜਾਂਦਾ ਸੀ। ਕੀ ਸੈਨਾ 'ਚ ਭਰਤੀ ਹੋਣਾ ਹੁਣ ਸਾਡੇ ਲਈ ਖੁਲ੍ਹਾ ਹੈ। ਇਹਨਾਂ ਵਿੱਚ ਕਿਸੇ ਵੀ ਸੁਆਲ ਦਾ ਜਵਾਬ ਸਾਨੂੰ ਕੋਈ ਹਾਂ ਪੱਖੀ ਰੂਪ 'ਚ ਨਹੀਂ ਮਿਲਦਾ। ਸਾਡੇ ਦੁੱਖ ਸਪੱਸ਼ਟ ਜਖਮ ਬਣੇ ਹੋਏ ਹਨ, ਉਹਨਾਂ ਦਾ ਹੁਣ ਤੱਕ ਕੋਈ ਇਲਾਜ਼ ਨਹੀਂ ਹੋ ਸਕਿਆ ਹਾਲਾਂਕਿ ਬ੍ਰਿਟਿਸ਼ ਹਕੂਮਤ ਦੇ 150 ਸਾਲ ਪੂਰੇ ਹੋ ਚੁੱਕੇ ਹਨ।" ਆਪਣੇ ਦ੍ਰਿਸ਼ਟੀਕੋਣ ਨੂੰ ਸਾਫ ਕਰਦੇ ਹੋਏ ਉਹਨਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਜਦੋਂ ਤੱਕ ਅੰਗਰੇਜ਼ੀ ਹਕੂਮਤ ਸੰਵਿਧਾਨ ਵਿਚ ਕੋਈ ਵਿਸ਼ੇਸ਼ ਅਧਿਕਾਰ ਦਲਿਤਾਂ ਲਈ ਸੁੱਰਖਿਅਤ ਨਹੀਂ ਕਰਦੀ ਉਦੋਂ ਤੱਕ ਦਲਿਤਾਂ ਦੀ ਦਸ਼ਾ ਇਵੇਂ ਹੀ ਬਰਕਰਾਰ ਰਹੇਗੀ। ਅਸੀਂ ਇਹ ਮੰਨਦੇ ਹਾਂ ਕਿ ਜਦੋਂ ਤੱਕ ਸਾਡੇ ਹੱਥਾਂ ਵਿਚ ਰਾਜਨੀਤਿਕ ਸੱਤਾ ਨਹੀਂ ਆ ਜਾਂਦੀ ਉਦੋਂ ਤੱਕ ਸਾਡੀ ਸਮੱਸਿਆ ਦਾ ਕੋਈ ਹੱਲ ਨਹੀਂ ਹੋ ਸਕਦਾ। ਉਹਨਾਂ ਨੇ ਮੁਸਲਮਾਨਾਂ ਦੀ ਇਸ ਪੱਖੋਂ ਆਲੋਚਨਾ ਕੀਤੀ ਕਿਉਂਕਿ ਮੁਸਲਮਾਨ ਵੀ ਦਲਿਤਾਂ ਦੇ ਅਲੱਗ ਅਸਤਿਤਵ ਭਾਵ ਪਛਾਣ ਨੂੰ ਆਪਣੇ ਆਪ ਲਈ ਖਤਰਾ ਸਮਝ ਰਹੇ ਸਨ, ਉਹਨਾਂ ਨੂੰ ਇਉਂ ਜਾਪ ਰਿਹਾ ਸੀ ਕਿ ਦਲਿਤਾਂ ਲਈ ਵਿਸ਼ੇਸ਼ ਅਧਿਕਾਰਾਂ ਕਾਰਣ ਕਿਧਰੇ ਉਹਨਾਂ ਦੇ ਹੱਕਾਂ ਉੱਪਰ ਕੱਟ ਨਾ ਲੱਗ ਜਾਵੇ।

ਸੰਵਿਧਾਨ ਬਾਰੇ ਉਹਨਾਂ ਦੀ ਰਾਇ ਸਾਰਿਆਂ ਨਾਲੋਂ ਅਲੱਗ ਸੀ। ਉਹ ਭਾਰਤ ਦੀ ਏਕਾਤਮਕ ਸਥਿਤੀ ਉਪਰ ਵਿਸ਼ਵਾਸ ਪ੍ਰਗਟ ਕਰਦੇ ਹੋਏ ਕਿਹਾ ਕਰਦੇ ਸਨ ਕਿ ਭਾਰਤ ਵਿਚ ਕੋਈ ਵੀ ਅਜਿਹਾ ਸੰਵਿਧਾਨ ਲਾਗੂ ਨਹੀਂ ਕੀਤਾ ਜਾ ਸਕਦਾ ਜਿਹੜਾ ਸਾਰੇ ਹੀ ਵਰਗਾਂ ਨੂੰ ਸਵੀਕਾਰ ਨਾ ਹੋਵੇ!

31 ਦਸੰਬਰ, 1930 ਨੂੰ ਘੱਟ ਗਿਣਤੀ ਸਭਾ ਵਿਚ ਆਪਣਾ ਪ੍ਰਭਾਵਸ਼ਾਲੀ ਭਾਸ਼ਣ ਦਿੰਦਿਆਂ ਬ੍ਰਿਟਿਸ਼ ਹਕੂਮਤ ਉਪਰ ਭਰਵਾਂ ਵਾਰ ਕੀਤਾ। ਅਛੂਤਾਂ ਦੇ ਰਾਜਸੀ ਹੱਕਾਂ ਬਾਰੇ ਕੀਤੀ ਚਰਚਾ 'ਚ ਉਹਨਾਂ ਦਾ ਵਿਚਾਰ ਸੀ, "ਅਛੂਤਾਂ ਨੂੰ ਸੁਤੰਤਰ ਮਤਦਾਰ ਸੰਘ ਤੇ ਨਾਮਿਨੇਸ਼ਨ ਪ੍ਰਣਾਲੀ ਮਨਜੂਰ



ਨਹੀਂ ਹੈ ਪਰ ਬਾਲਗ ਮਤਾਧਿਕਾਰ ਜੇ ਮਿਲਦਾ ਹੈ ਤਾਂ ਸਾਨੂੰ ਸੰਯੁਕਤ ਮਤਦਾਰ ਸੰਘ ਮੰਨਣਯੋਗ ਹੈ। ਜੇ ਇਹ ਹੱਕ ਵੀ ਸਾਨੂੰ ਨਾ ਮਿਲ ਰਿਹਾ ਹੋਵੇ ਤਾਂ ਫਿਰ ਸਾਨੂੰ ਰਾਖਵੀਆਂ ਥਾਵਾਂ ਮਿਲਣੀਆਂ ਚਾਹੀਦੀਆਂ ਹਨ।" ਇਹ ਪਹਿਲੀ ਗੋਲਮੇਜ਼ ਕਾਨਫਰੰਸ ਵਿੱਚ 17 ਨਵੰਬਰ ਤੋਂ 21 ਨਵੰਬਰ ਤੱਕ ਭਾਰਤੀ ਨੇਤਾਵਾਂ ਵਿੱਚ ਸਪਰੂ, ਡਾ. ਮੁੰਜੇ, ਬੈਰਿਸਟਰ ਜਿਨਾਹ, ਬੀਕਾਨੇਰ ਨਰੇਸ਼ ਦੇ ਵੀ ਪ੍ਰਭਾਵਸ਼ਾਲੀ ਭਾਸ਼ਨ ਹੋਏ। ਡਾ. ਅੰਬੇਡਕਰ ਦੇ ਪ੍ਰਭਾਵਸ਼ਾਲੀ ਭਾਸ਼ਨ ਤੋਂ ਖੁਸ਼ ਹੋ ਕੇ ਬੜੌਦਾ ਨਰੇਸ਼ ਸਰ ਗਇਆ ਜੀ ਰਾਵ ਗਾਇਕਵਾੜ ਬਹੁਤ ਖੁਸ਼ ਹੋਏ। ਉਹਨਾਂ ਦੀ ਮੌਤ ਤੇ ਡਾ. ਬੀ. ਆਰ. ਅੰਬੇਡਕਰ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਸੀ, "ਮਹਾਰਾਜ ਦੇ ਸਵਰਗਵਾਸ ਹੋਣ ਨਾਲ ਮੈਨੂੰ ਜਾਤੀ ਨੁਕਸਾਨ ਹੋਇਆ ਹੈ।" ਇਸ ਤਰ੍ਹਾਂ ਅਛੂਤ ਸਮਾਜ ਦੀ ਦੁਰਦਸ਼ਾ ਦਾ ਇਜ਼ਹਾਰ ਕਰਕੇ ਉਹਨਾਂ ਦੀ ਸਮਾਜਿਕ ਮੁਕਤੀ ਦੇ ਪਰਚਮ ਨੂੰ ਬ੍ਰਿਟਿਸ਼ ਹਕੂਮਤ ਅਤੇ ਯੂਰੋਪੀਅਨ ਪ੍ਰੈਸ ਅੱਗੇ ਲਹਿਰਾ ਕੇ, ਡਾ. ਅੰਬੇਡਕਰ 22-2-1931 ਨੂੰ ਭਾਰਤ ਵਾਪਸ ਪਰਤ ਆਏ।

ਭਾਰਤ ਵਿਚ ਅਛੂਤ ਸਮਾਜ ਵੱਲੋਂ ਡਾ. ਸਾਹਿਬ ਦਾ ਭਰਵਾਂ ਸਵਾਗਤ ਕੀਤਾ ਗਿਆ। ਦੂਸਰੀ ਗੋਲਮੇਜ਼ ਕਾਨਫਰੰਸ ਸਮੇਂ ਡਾ. ਬੀ. ਆਰ. ਅੰਬੇਡਕਰ ਨੂੰ "ਫੈਡਰਲ ਸਟ੍ਰਕਚਰ ਕਮੇਟੀ" ਦਾ ਮੈਂਬਰ ਲਿਆ ਗਿਆ। 16 ਸਤੰਬਰ , 1931 ਨੂੰ ਕਮੇਟੀ ਅੱਗੇ ਕਾਂਗਰਸ ਦਾ ਪੱਖ ਰਖਦੇ ਹੋਏ ਮਹਾਤਮਾ ਗਾਂਧੀ ਨੇ ਕਿਹਾ ਕਿ ਕਾਂਗਰਸ ਭਾਰਤ ਦੇ ਸਾਰੇ ਹਿੰਦੂ, ਮੁਸਲਮਾਨ, ਅਛੂਤਾਂ ਅਤੇ ਰਿਆਸਤੀ ਪਰਜਾ ਆਦਿਕ ਦੀ ਪ੍ਰਤੀਨਿਧ ਜਮਾਤ ਹੈ। ਉਹਨਾਂ ਦਾ ਭਾਵ ਸੀ ਕਿ ਉਹ ਕਾਂਗਰਸ ਦੇ ਹੀ ਪ੍ਰਤੀਨਿਧੀ ਨਹੀਂ ਸਗੋਂ ਬਾਕੀ ਵਰਗਾਂ ਦੇ ਨਾਲ ਨਾਲ ਖਾਸ ਕਰਕੇ ਅਛੂਤ ਵਰਗ ਦੇ ਵੀ ਪ੍ਰਤੀਨਿਧੀ ਵਜੋਂ ਕਾਨਫਰੰਸ 'ਚ ਭਾਗ ਲੈਣ ਲਈ ਆਏ ਹਨ।

ਡਾ. ਅੰਬੇਡਕਰ ਨੇ ਗਾਂਧੀ ਦੀ ਇਸ ਚਾਲ ਨੂੰ ਭਲੀ ਭਾਂਤ ਸਮਝ ਕੇ ਆਪਣੇ ਭਾਸ਼ਨ 'ਚ ਕਿਹਾ ਕਿ ਹੁਕਮਰਾਨਾ ਨੂੰ ਇਹ ਗਾਰੰਟੀ ਦੇਣੀ ਪਵੇਗੀ ਕਿ ਉਹ ਆਮ ਜਨਤਾ ਨੂੰ ਸਭਿਆ ਤੇ ਸਮਾਜਿਕ ਜੀਵਨ ਜੀਊਣ ਲਈ ਜ਼ਰੂਰੀ ਲੋੜਾਂ ਨੂੰ ਪੂਰਾ ਕਰਨਗੇ। ਨਾਲ ਹੀ ਰਿਆਸਤਾਂ ਵਿੱਚ ਚੋਣਾਂ ਦੁਆਰਾ ਜਨਤਾ ਦੇ ਪ੍ਰਤੀਨਿਧੀਆਂ ਨੂੰ ਥਾਂ ਦੇਣੀ ਚਾਹੀਦੀ ਹੈ।

ਰਿਆਸਤਾਂ ਵਿਚ ਚੋਣਾਂ ਦੁਆਰਾ ਜਨਤਾ ਦੇ ਪ੍ਰਤੀਨਿਧੀ ਚੁਣਕੇ ਭੇਜਣ ਦੀ ਮੰਗ ਕਰਨ ਤੇ ਰਿਆਸਤੀ ਤੰਤਰ ਹੀ ਨਹੀਂ ਸਗੋਂ ਮਹਾਤਮਾ ਗਾਂਧੀ ਵੀ ਨਾਰਾਜ਼ ਹੋ ਗਏ। ਪ੍ਰੰਤੂ ਡਾ. ਅੰਬੇਡਕਰ ਨੇ ਆਪਣੀ ਵਿਦਵਤਾ ਤੇ ਨਿਪੁੰਨ ਸ਼ੈਲੀ ਰਾਹੀਂ ਇਹ ਗੱਲ ਅੰਗਰੇਜ਼ਾਂ ਦੇ ਹੀ ਨਹੀਂ, ਸਗੋਂ ਫੈਡਰਲ ਸਟਰਕਚਰ ਕਮੇਟੀ ਅੱਗੇ ਕਹਿਣ 'ਚ ਕਾਮਯਾਬ ਹੋ ਗਏ। ਕੁੱਝ ਖਾਸ ਵਿਅਕਤੀਆਂ ਨੂੰ ਹੀ ਮਤਾਧਿਕਾਰ ਦੇਣ ਨਾਲ ਜਿਹੜੀ ਸਰਕਾਰ ਬਣੇਗੀ, ਉਹ ਘੱਟ ਗਿਣਤੀ ਵਾਲਿਆਂ ਦੀ ਸਰਕਾਰ ਹੋਵੇਗੀ। ਨਤੀਜਾ ਇਹ ਹੋਵੇਗਾ ਕਿ ਜ਼ਿਆਦਾ ਗਿਣਤੀ ਵਾਲਿਆਂ ਦੇ ਹਿੱਤਾਂ ਦੀ ਵਾਗਡੋਰ ਘੱਟ ਗਿਣਤੀ ਵਾਲਿਆਂ ਦੇ ਹੱਥਾਂ ਵਿਚ ਰਹੇਗੀ।

ਇਸੇ ਸਮੇਂ 'ਚ 28 ਸਤੰਬਰ ਨੂੰ ਘੱਟ ਗਿਣਤੀਆਂ ਦੀ ਇਕੱਤਰਤਾ ਹੋਣ ਵਾਲੀ ਸੀ। ਘੱਟ ਗਿਣਤੀਆਂ ਨਾਲ ਸਬੰਧਿਤ ਮਸਲੇ ਤੇ ਮਹਾਤਮਾ ਗਾਂਧੀ ਦੀ ਰਾਇ ਮੁਸਲਮਾਨਾਂ / ਸਿੱਖਾਂ ਦੇ ਰਾਜਸੀ ਅਧਿਕਾਰਾਂ ਬਾਰੇ ਅਛੂਤਾਂ ਦੇ ਮੁਕਾਬਲੇ ਤੇ ਅਲੱਗ ਸੀ। ਇਸ ਸਬੰਧੀ ਡਾ. ਅੰਬੇਡਕਰ ਦਾ ਰੁਖ ਪੂਰੀ ਤਰ੍ਹਾਂ ਸਾਫ ਸੀ। ਗਾਂਧੀ ਜੀ ਦੇ ਵਿਚਾਰਾਂ ਤੋਂ, "ਇਹ ਸਪੱਸ਼ਟ ਹੈ ਕਿ ਅਛੂਤਾਂ ਐਂਗਲੋ ਇੰਡੀਅਨਾਂ ਅਤੇ ਭਾਰਤੀ ਈਸਾਈਆਂ ਨੂੰ ਉਹ ਘੱਟ ਗਿਣਤੀ ਮੰਨਣ ਲਈ ਤਿਆਰ ਨਹੀਂ ਹਨ। ਜੇ ਭਾਵੀ ਭਾਰਤੀ ਸੰਵਿਧਾਨ ਵਿਚ ਅਛੂਤਾਂ ਨੂੰ ਥਾਂ ਨਹੀਂ ਮਿਲੇਗਾ ਤਾਂ ਅਸੀਂ ਕਿਸੇ ਵੀ ਕਮੇਟੀ ਜਾਂ

ਕਿਸੇ ਵੀ ਚਰਚਾ ਵਿੱਚ ਹਿੱਸਾ ਲੈਣ ਲਈ ਕਦੀ ਵੀ ਇਛੁੱਕ ਨਹੀਂ ਹੋਵਾਂਗੇ।"

ਅੰਬੇਡਕਰ ਦੇ ਅਛੂਤ ਸਮਾਜ ਬਾਰੇ ਦਿੱਤੇ ਇਹਨਾਂ ਬਿਆਨਾਂ ਨਾਲ ਲੰਦਨ ਵਿੱਚ ਗੋਲਮੇਜ਼ ਕਾਨਫਰੰਸ ਦੀ ਪ੍ਰੈਸ ਰਿਲੀਜ਼ ਨਾਲ ਭਾਰਤ ਹੀ ਨਹੀਂ ਸਮੁੱਚੇ ਵਿਸ਼ਵ ਵਿਚ ਇਹ ਗੱਲ ਫੈਲ ਗਈ ਕਿ ਡਾ. ਬੀ. ਆਰ. ਅੰਬੇਡਕਰ ਹੀ ਅਛੂਤਾਂ ਦੇ ਸੱਚੇ ਤੇ ਸੁੱਚੇ ਨੇਤਾ ਹਨ। ਅੰਬੇਡਕਰ ਵੱਲੋਂ ਵੱਖ ਵੱਖ ਸੰਸਥਾਵਾਂ, ਨਿੱਜੀ ਮੁਲਾਕਾਤਾਂ ਅਖ਼ਬਾਰਾਂ 'ਚ ਦਿੱਤੇ ਬਿਆਨਾਂ ਟਿੱਪਣੀਆਂ ਤੇ ਵਿਚਾਰਾਂ ਨਾਲ ਗਾਂਧੀ ਦਾ ਅਛੂਤਾਂ ਪ੍ਰਤੀ ਰਵੱਈਆ ਸਾਫ ਹੋ ਗਿਆ ਤੇ ਭਾਰਤ ਦੇ ਅਛੂਤ ਇਹ ਸਮਝਣ ਲਗ ਪਏ ਕਿ ਕਾਂਗਰਸ ਜਮਾਤ ਦੇ ਹੱਕਾਂ ਵਿਚ ਅਛੂਤਾਂ ਦੇ ਅਧਿਕਾਰ ਸੁਰਖਿਅਤ ਨਹੀਂ ਰਹਿ ਸਕਦੇ।

ਵੀਹਵੀ ਸਦੀ ਦੇ ਤੀਸਰੇ ਦਹਾਕੇ ਦੇ ਪਹਿਲੇ ਦੋ ਸਾਲ ਅਛੂਤਾਂ ਦੀ ਸਮਾਜਿਕ ਤੇ ਆਰਥਿਕ ਆਜ਼ਾਦੀ ਅਤੇ ਹੱਕਾਂ ਬਾਰੇ ਬੇਮਿਸਾਲ ਵਰ੍ਹੇ ਕਹੇ ਜਾ ਸਕਦੇ ਹਨ। ਬੇਮਿਸਾਲ ਇਸ ਕਾਰਣ ਕਿ ਹਜ਼ਾਰਾਂ ਸਾਲਾਂ ਬਾਅਦ ਬ੍ਰਾਹਮਣੀ ਸਭਿਆਚਾਰ ਨੇ ਡਾ. ਅੰਬੇਡਕਰ ਦੀ ਅਣਥੱਕ ਮਿਹਨਤ ਅਤੇ ਲਗਨ ਸਦਕਾ ਕੁਝ ਮਨੁੱਖੀ ਅਧਿਕਾਰ ਅਛੂਤਾਂ ਨੂੰ ਦੇਣੇ ਸਵੀਕਾਰ ਕੀਤੇ ਸਨ। ਜਿਨ੍ਹਾਂ ਨੂੰ ਹਮਦਰਦੀ ਨਾਲ ਇੰਗਲੈਂਡ ਦੇ ਸਮਰਾਟ ਨੇ ਗੋਲਮੇਜ਼ ਕਾਨਫਰੰਸ ਵਿੱਚ 5 ਨਵੰਬਰ, 1931 ਨੂੰ ਵਿਚਾਰਨ ਦਾ ਮਨ ਬਣਾ ਲਿਆ ਸੀ।

ਡਾ. ਅੰਬੇਡਕਰ ਦੀ ਅਣਥਕ ਮਿਹਨਤ ਤੇ ਸਿਆਣਪ ਸਦਕਾ ਬ੍ਰਿਟਿਸ਼ ਹਕੂਮਤ ਨੇ ਘੱਟ ਗਿਣਤੀਆਂ ਭਾਵ ਮੁਸਲਮਾਨਾਂ, ਸਿੱਖਾਂ ਨੂੰ ਰਾਜਸੀ ਅਧਿਕਾਰ ਅਤੇ ਸਮਾਜਿਕ ਨਿਆਂ ਦੇ ਮਸਲੇ ਤੇ ਦਲਿਤਾਂ ਨੂੰ ਵੀ ਬਣਦਾ ਹੱਕ ਦੇਣ ਦਾ ਫ਼ੈਸਲਾ ਕਰ ਲਿਆ ਸੀ। ਜਿਸ ਨਾਲ ਮਹਾਤਮਾ ਗਾਂਧੀ ਨੂੰ ਬਹੁਤ ਹੀ ਡੂੰਘਾ ਸਦਮਾ ਪਹੁੰਚਿਆ। ਅਛੂਤਾਂ ਦੇ ਅਲੱਗ ਅਸਤਿਤਵ / ਹੋਂਦ / ਹੱਕ ਰਾਜਸੀ ਅਧਿਕਾਰਾਂ ਬਾਰੇ ਕਾਂਗਰਸ ਦੀ ਨੁਮਾਇੰਦਗੀ ਕਰ ਰਹੇ ਮਹਾਤਮਾ ਗਾਂਧੀ ਲਈ ਇਹ ਇਕ ਸੰਕਟ ਬਣਿਆ ਹੋਇਆ ਸੀ। ਘੱਟ ਗਿਣਤੀਆਂ ਨਾਲ ਸੰਬਧਿਤ ਸਮੱਸਿਆਵਾਂ ਦਾ ਹੱਲ ਨਾ ਨਿਕਲਦਾ ਵੇਖ ਬ੍ਰਿਟਿਸ਼ ਹਕੂਮਤ ਦੇ ਪ੍ਰਧਾਨ ਮੰਤਰੀ ਮੈਕਡੋਨਾਲਡ ਨੇ ਇਹ ਸੂਚਨਾ ਦਿੱਤੀ ਕਿ ਗੋਲਮੇਜ਼ ਕਾਨਫਰੰਸ ਪਹੁੰਚੇ ਸਾਰੇ ਪ੍ਰਤੀਨਿਧੀ ਇਹ ਲਿਖਤੀ ਭਰੋਸਾ ਦੇਣ ਕਿ ਪ੍ਰਧਾਨ ਮੰਤਰੀ ਦੀ ਵਿਚੋਲਗੀ ਨਾਲ ਜਿਹੜਾ ਵੀ ਨਿਰਣਾ ਕੀਤਾ ਜਾਵੇਗਾ ਉਹ ਸਾਰਿਆਂ ਨੂੰ ਮਨਜੂਰ ਹੋਵੇਗਾ। ਇਸੇ ਦੌਰਾਨ ਐਸ. ਸੀ. ਰਾਜਾ ਦੇ ਵਿਰੋਧੀ ਭੂਮਿਕਾ ਨਿਭਾਉਣ ਕਾਰਣ ਡਾ. ਅੰਬੇਡਕਰ ਨੂੰ ਮੁੜ ਇੰਗਲੈਂਡ ਜਾਣਾ ਪਿਆ। ਮੁੜ ਉਹ 17 ਅਗਸਤ 1932 ਨੂੰ ਵਾਪਸ ਮੁੰਬਈ ਪਰਤੇ। ਐਮ. ਸੀ. ਰਾਜਾ ਦੇ ਵਿਰੋਧੀ ਕਿਰਦਾਰ ਨੂੰ ਡਾ. ਅੰਬੇਡਕਰ ਦੇ ਪੈਰੋਕਾਰਾਂ ਨੇ ਪ੍ਰਧਾਨ ਮੰਤਰੀ ਰੇਮਜੇ ਮੈਕਡੋਨਾਲਡ ਨੂੰ 56 ਤਾਰ ਭੇਜਕੇ ਨੰਗਾ ਕੀਤਾ, " ਡਾ. ਅੰਬੇਡਕਰ ਨੇ ਆਪਣੇ ਪ੍ਰਤੀਵੇਦਨ ਵਿੱਚ ਜਿਹੜੇ ਸੁਝਾਵ ਦਿੱਤੇ ਹਨ ਅਤੇ ਮੰਗਾਂ ਰਖੀਆਂ ਹਨ, ਉਹਨਾਂ ਨੂੰ ਜੇ ਦੇਸ਼ ਦੇ ਸੰਵਿਧਾਨ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਤਾਂ ਅਛੂਤ ਸਮਾਜ ਉਸ ਸੰਵਿਧਾਨ ਨੂੰ ਸਵੀਕਾਰ ਨਹੀਂ ਕਰੇਗਾ।" ਇਸੇ ਸਮੇਂ ਬ੍ਰਿਟਿਸ ਪ੍ਰਧਾਨ ਮੰਤਰੀ ਨੇ 'ਸੰਪਾਰਦਾਇਕ ਨਿਰਣੈ" ਦੇ ਰੂਪ 'ਚ ਆਪਣਾ ਫ਼ੈਸਲਾ ਸੁਣਾ ਦਿੱਤਾ।

ਇਸ ਸੰਪਰਦਾਇਕ ਨਿਰਣੈ ਵਿਚ ਅਛੂਤਾਂ ਨੂੰ ਸੁਤੰਤਰ ਮਤਦਾਰ ਸੰਘ ਦੇਣ ਦੀ ਵਕਾਲਤ ਕੀਤੀ ਗਈ ਸੀ। ਨਾ ਮਿਲਵਰਤਨ ਲਹਿਰ ਦੇ ਤਹਿਤ ਬ੍ਰਿਟਿਸ਼ ਹਕੂਮਤ ਨੇ ਮਹਾਤਮਾ ਗਾਂਧੀ ਨੂੰ ਯਰਵਦਾ ਜੇਲ ਪੂਨਾ ਵਿਖੇ ਬੰਦੀ ਬਣਾ ਕੇ ਰਖਿਆ ਹੋਇਆ ਸੀ। ਮਹਾਤਮਾ ਗਾਂਧੀ ਨੇ ਅੰਗਰੇਜ਼ ਹਕੂਮਤ ਨੂੰ ਧਮਕੀ ਦਿੱਤੀ ਕਿ ਜੇਕਰ ਅਛੂਤਾਂ ਨੂੰ ਸੁਤੰਤਰ ਮਤਦਾਰ ਸੰਘ ਦਿੱਤਾ ਗਿਆ ਤਾਂ ਉਹ ਮਰਨ ਵਰਤ ਰਖ ਕੇ ਜਾਨ ਦੀ ਬਾਜ਼ੀ ਲਗਾ ਦੇਣਗੇ। ਮਰਨ ਵਰਤ ਦੀ ਧਮਕੀ ਨਾਲ ਪੂਰੇ ਦੇਸ਼ 'ਚ



ਖਲਬਲੀ ਮਚ ਗਈ।

ਮਹਾਤਮਾ ਗਾਂਧੀ ਦੇ ਇਸ ਬਿਆਨ ਨਾਲ ਭਾਰਤੀ ਨੇਤਾਵਾਂ ਨੇ 19 ਸਤੰਬਰ ਨੂੰ ਮੁੰਬਈ 'ਚ ਇਕ ਬੈਠਕ ਬੁਲਾਉਣ ਦਾ ਫ਼ੈਸਲਾ ਕੀਤਾ ਤਾਂ ਕਿ ਸੰਪਰਦਾਇਕ ਨਿਰਣੈ ਸੰਬੰਧੀ ਕੋਈ ਹੱਲ ਕਢਿਆ ਜਾ ਸਕੇ। ਉਸ ਮੀਟਿੰਗ 'ਚ ਡਾ. ਅੰਬੇਡਕਰ ਨੂੰ ਵੀ ਬੁਲਾਇਆ ਗਿਆ। ਬੈਠਕ ਤੋਂ ਪਹਿਲਾਂ ਹੀ ਡਾ. ਅੰਬੇਡਕਰ ਨੇ ਕਿਹਾ, "ਅਛੂਤ ਸਮਾਜ ਕੇ ਹੱਕਾਂ ਵਿਚ ਕਟੋਤੀ ਕਰਨ ਲਈ ਮੈਂ ਆਪਦੀ ਰਜ਼ਾਮੰਦੀ ਹਰਗਿਜ਼ ਨਹੀਂ ਦਿਆਂਗਾ।" ਇਸ ਬਿਆਨ ਦੇ ਨਾਲ ਹੀ ਡਾ. ਅੰਬੇਡਕਰ ਉੱਪਰ ਭਾਰਤੀ ਹਿੰਦੂ ਪ੍ਰੈਸ ਨੇ 'ਦੇਸ਼ ਧ੍ਰੋਹੀ" "ਅੰਗਰੇਜ਼ਾਂ ਦਾ ਏਜੰਟ" ਆਦਿਕ ਦੂਸ਼ਣ ਲਾਏ।

ਗਾਂਧੀ ਦੇ ਇਸ ਨਿਰਣੈ ਬਾਰੇ ਕੀਤੇ ਫ਼ੈਸਲੇ ਉੱਪਰ ਗੌਰ ਕਰਨ ਉਪਰੰਤ ਡਾ. ਅੰਬੇਡਕਰ ਨੇ ਇਕ ਬੇਨਤੀ ਪੱਤਰ ਪ੍ਰਕਾਸ਼ਿਤ ਕੀਤਾ, "ਜੇ ਮੁਸਲਮਾਨ, ਸਿੱਖਾਂ ਈਸਾਈਆਂ ਨੂੰ ਸੁੰਤਤਰ ਮਤਦਾਰ ਸੰਘ ਮਿਲ ਜਾਣ ਨਾਲ ਦੇਸ਼ ਨਹੀਂ ਵੰਡਿਆ ਜਾਂਦਾ ਤਾਂ ਅਛੂਤਾਂ ਨੂੰ ਮਿਲ ਜਾਣ ਨਾਲ ਕਿਸ ਤਰ੍ਹਾਂ ਵੰਡਿਆ ਜਾਵੇਗਾ" ਸਤੰਬਰ ਨੂੰ ਮਦਨ ਮੋਹਲਤ ਮਾਲਵੀਆ ਜੀ ਦੀ ਪ੍ਰਧਾਨਗੀ 'ਚ ਹੋਈ ਬੈਠਕ 'ਚ ਅੰਬੇਡਕਰ ਨੇ ਮੁੜ ਕਿਹਾ।"ਅਛੂਤਾਂ ਦੀ ਭਲਾਈ ਦੇ ਵਿਰੋਧ ਵਿਚ ਗਾਂਧੀ ਜੀ ਮਰਨ ਵਰਤ ਰਖ ਰਹੇ ਹਨ, ਇਹ ਬਹੁਤ ਦੁਖਮਈ ਹੈ।" ਇਸ ਸਬੰਧ ਵਿਚ ਡਾ. ਅੰਬੇਡਕਰ ਤੇ ਗਾਂਧੀ ਜੀ ਦਰਮਿਆਨ ਕਈ ਮਲਾਕਾਤਾਂ ਹੋਈਆਂ। ਕਦੇ ਕਦੇ ਗੱਲਬਾਤ ਵਿੱਚ ਗਰਮੀ ਵੀ ਆ ਜਾਂਦੀ ਸੀ। ਪ੍ਰੰਤੂ ਡਾ. ਅੰਬੇਡਕਰ ਆਪਣੇ ਮਿਸ਼ਨ ਦੇ ਏਨੇ ਪੱਕੇ ਸਨ ਕਿ ਮਹਾਤਮਾ ਗਾਂਧੀ ਦਾ ਮਹਾਤਮਾ ਪੁਣਾ ਵੀ ਉਹਨਾਂ ਨੂੰ ਲੁਭਾ ਨਹੀਂ ਸਕਿਆ। ਡਾ. ਸਾਹਿਬ ਕਿਸੇ ਵੀ ਪੱਖ ਤੋਂ ਅਛੂਤਾਂ ਦੇ ਹੱਕਾਂ ਨੂੰ ਕੱਟਣਾ ਨਹੀਂ ਚਾਹੁੰਦੇ ਸਨ।

ਗਾਂਧੀ ਜੀ ਦੀ ਤਬੀਅਤ ਵਿਗੜਦੀ ਜਾ ਰਹੀ ਸੀ। ਉਸ ਸਮੇਂ ਭਾਰਤ ਵਿਚ ਗਾਂਧੀ ਜੀ ਦੇ ਕੱਦ ਦਾ ਕੋਈ ਦੂਜਾ ਨੇਤਾ ਨਹੀਂ ਸੀ। ਇਸ ਕਾਰਣ ਉਸ ਦੀ ਜਾਨ ਬਚਾਉਣ ਲਈ ਭਾਰਤੀ ਨੇਤਾ ਵਾਰ-ਵਾਰ ਡਾ. ਅੰਬੇਡਕਰ ਉਪਰ ਦਬਾ ਬਣਾ ਰਹੇ ਸਨ। ਕਾਫੀ ਜਦੋ ਜਹਿਦ ਤੋਂ ਪਿਛੋਂ ਰਾਜ ਗੋਪਾਲਚਾਰੀ ਨੇ ਗਾਂਧੀ ਜੀ ਤੋਂ ਡਾ. ਅੰਬੇਡਕਰ ਦੀਆਂ ਸ਼ਰਤਾਂ ਮਨਜੂਰ ਕਰਵਾ ਲਈਆਂ। 24 ਸਤੰਬਰ 1932 ਨੂੰ ਸਮਝੋਤਾ ਹੋਇਆ ਜਿਸਨੂੰ "ਪੂਨਾ ਪੈਕਟ " ਕਿਹਾ ਜਾਂਦਾ ਹੈ। ਅਛੂਤਾਂ ਵੱਲੋਂ ਡਾ. ਅੰਬੇਡਕਰ ਤੇ ਭਾਰਤ ਦੇ ਹਿੰਦੂਆਂ ਵੱਲੋਂ ਪੰਡਿਤ ਮਦਨ ਮੋਹਨ ਮਾਲਵੀਆ ਨੇ ਹਸਤਾਖ਼ਰ ਕੀਤੇ।

ਅਛੂਤਾਂ ਲਈ ਸੁਤੰਤਰ ਮਤਧਿਕਾਰ ਦਾ ਮਸਲਾ ਕਾਫੀ ਜ਼ੋਰ ਫੜਦਾ ਜਾ ਰਿਹਾ ਸੀ। ਨਾਲ ਹੀ ਮਹਾਤਮਾ ਗਾਂਧੀ ਦੁਆਰਾ ਯਰਵਦਾ ਜ਼ੇਲ ਵਿੱਚ ਰਖਿਆ ਮਰਨ ਵਰਤ ਵੀ ਹਿੰਦੂ ਸਮਾਜ ਵਿੱਚ ਅੰਬੇਡਕਰ ਦੇ ਖ਼ਿਲਾਫ਼ ਰੋਹ ਭਰ ਰਿਹਾ ਸੀ। ਡਾ. ਅੰਬੇਡਕਰ ਨੇ ਪਿਛਲੇ ਇਕ ਦਹਾਕੇ ਦੇ ਅਤਿ ਖੌਫਨਾਕ ਅਛੂਤ ਸੰਘਰਸ਼ ਤੋਂ ਬਾਅਦ ਬ੍ਰਿਟਿਸ਼ ਸਰਕਾਰ ਕੋਲੋਂ ਅਛੂਤਾਂ ਲਈ ਜਿਹੜੇ ਅਧਿਕਾਰ ਦੂਸਰੀ ਗੋਲਮੇਜ਼ ਕਾਨਫਰੰਸ ਵਿਚ ਮੌਕੇ ਪ੍ਰਾਪਤ ਕਰ ਲਏ ਸਨ, ਉਸ ਵਿਚ ਕਟੌਤੀ ਕਰਨਾ, ਅਛੂਤਾਂ ਨਾਲ ਧੋਖਾ ਹੋਵੇਗਾ। ਪ੍ਰੰਤੂ ਉਸ ਸਮੇਂ ਮਹਾਤਮਾ ਗਾਂਧੀ ਦਾ ਮਰਨ ਵਰਤ ਰਖਣਾ ਅਛੂਤ ਕੌਮ ਲਈ ਹੀ ਨਹੀਂ, ਡਾ. ਅੰਬੇਡਕਰ ਦੇ ਜੀਵਨ ਲਈ ਵੀ ਵੱਡਾ ਖਤਰਾ ਸੀ।

ਅੰਬੇਡਕਰ ਦਾ ਪੂਰੇ ਭਾਰਤ ਵਿੱਚ ਹੋ ਰਿਹਾ ਵਿਰੋਧ, ਅਛੂਤਾਂ ਦੇ ਹੱਕਾਂ ਉਪਰ ਛਾਪਾ ਮਾਰਨ ਵਾਂਗ ਸਾਬਿਤ ਹੋ ਰਿਹਾ ਸੀ। ਜੇਕਰ ਹਿੰਦੂ ਸਮਾਜ ਵੱਲੋਂ ਡਾ. ਅੰਬੇਡਕਰ ਦੇ ਜੀਵਨ ਨੂੰ ਖਤਮ ਕਰ ਦਿੱਤਾ ਜਾਂਦਾ ਹੈ ਤਾਂ ਉਸ ਦੇ ਨਾਲ ਹੀ ਬ੍ਰਿਟਿਸ਼ ਸਰਕਾਰ ਵੱਲੋਂ ਇਹ ਐਲਾਨੇ ਅਧਿਕਾਰ ਅਧਵਾਟੇ ਰਹਿ ਜਾਣਗੇ, ਇਸ ਸਬੰਧ ਵਿਚ ਹਿੰਦੂ ਨੇਤਾਵਾਂ ਅਤੇ ਅੰਬੇਡਕਰ ਵਿਚਕਾਰ ਕਾਫੀ ਮੁਲਾਕਾਤਾਂ ਦਾ

ਸਿਲਸਿਲਾ ਰਿਹਾ। ਆਖਰ 'ਚ ਅੰਬੇਡਕਰ ਨੇ ਮੁਢਲੀ ਚੋਣ ਨੂੰ ਸਵੀਕਾਰ ਕਰਕੇ ਨਾਲ ਹੀ ਅਛੂਤਾਂ ਲਈ ਜ਼ਿਆਦਾ ਸਥਾਨ ਰਾਖਵੇਂ ਰਖਣ ਦੀ ਮੰਗ ਵੀ ਰਖ ਦਿੱਤੀ। ਆਪਸੀ ਗੱਲਬਾਤ 'ਚ ਗਾਂਧੀ ਨੇ ਭਾਵੁਕ ਹੁੰਦਿਆਂ ਕਿਹਾ, 'ਤੁਸੀਂ ਜਨਮ ਤੋਂ ਅਛੂਤ ਹੋ, ਮੈਂ ਮਨ ਤੋਂ ਅਛੂਤ ਹਾਂ। ਅਸੀਂ ਸਭ ਇਕ ਹਾਂ, ਅਪੰਗ ਹਾਂ, ਹਿੰਦੂ ਸਮਾਜ ਦੀ ਵੰਡ ਟਾਲਣ ਲਈ ਮੈਂ ਆਪਣੇ ਪ੍ਰਾਣ ਤੱਕ ਵਾਰਨ ਲਈ ਵਚਨਬੱਧ ਹਾਂ।"

ਗਾਂਧੀ ਜੀ ਦੀ ਚਿੰਤਾਜਨਕ ਹਾਲਤ ਦਰਮਿਆਨ ਰਾਜ ਗੋਪਾਲਚਾਰੀ ਨੇ ਗਾਂਧੀ ਜੀ ਤੋਂ ਡਾ. ਅੰਬੇਡਕਰ ਦੀਆਂ ਮੰਗਾਂ ਮਨਵਾ ਲਈ। ਹਿੰਦੂ ਸਮਾਜ ਦੀ ਵੰਡ ਟਲ ਗਈ। ਪ੍ਰੰਤੂ ਮਹਾਤਮਾ ਗਾਂਧੀ ਮੁਸਲਮਾਨਾ 'ਚ ਹੁੰਦੀ ਵੰਡ ਨਾ ਟਾਲ ਸਕੇ। 24 ਸਤੰਬਰ 1932 ਦੋਵਾਂ ਨੇਤਾਵਾਂ ਨੇ ਇਕ ਸਮਝੋਤਾ ਉਪਰ ਕੁਝ ਹੋਰ ਨੇਤਾਵਾਂ ਰਾਜ ਗੋਪਾਲਚਾਰੀ, ਜੈਕਰ ਤੇ ਸਪਰੂ ਨੇ ਵੀ ਦਸਤਖ਼ਤ ਕੀਤੇ।

ਇਸ ਸਮਝੌਤੇ ਅਨੁਸਾਰ ਅਛੂਤਾਂ ਲਈ ਕੁਝ ਰਾਖਵੇਂ ਸਥਾਨ ਤਾਂ ਨਿਸ਼ਚਿਤ ਹੋ ਗਏ ਜਿਨ੍ਹਾਂ ਦੀ ਗਿਣਤੀ ਉਸ ਵੇਲੇ 148 ਸੀ ਪ੍ਰੰਤੂ ਉਹਨਾਂ ਨੂੰ ਆਪਣੇ ਪ੍ਰਤੀਨਿਧ ਆਪ ਚੁਣਨ ਦੇ ਸੁਤੰਤਰਤਾ ਤੋਂ ਬਾਂਝ ਰਹਿਣਾ ਪਿਆ। 26 ਸਤੰਬਰ ਨੂੰ ਬ੍ਰਿਟਿਸ਼ ਮੰਤਰੀ ਮੰਡਲ ਨੇ ਇਸ ਸਮਝੌਤੇ ਨੂੰ ਪਾਰਲੀਮੈਂਟ ਵਿਚ ਪਾਸ ਕਰ ਦਿੱਤਾ।

"ਪੂਨਾ ਪੈਕੇਟ" ਤੋਂ ਬਾਅਦ ਡਾ. ਅੰਬੇਡਕਰ ਦੀ ਦ੍ਰਿਸ਼ਟੀ ਵਿੱਚ ਕਾਫੀ ਬਦਲਾਵ ਆਇਆ। ਹੁਣ ਉਹ ਸਤਿਆਗ੍ਰਹਿ ਨੀਤੀ ਨਾਲੋਂ ਜ਼ਿਆਦਾ ਜ਼ੋਰ 'ਰਾਜਸੀ ਤਾਕਤ' ਪ੍ਰਾਪਤ ਕਰਨ ਲਈ ਲਾਉਣ ਲਗ ਪਏ। ਉਹਨਾਂ ਨੇ ਅਛੂਤ ਸਮਾਜ ਵਿਚ ਰਾਜਨੀਤਕ ਚੇਤਨਤਾ ਪੈਦਾ ਕਰਨ ਲਈ ਇਸ ਰਾਜਨੀਤਕ ਸੰਘਰਸ਼ ਨੀਤੀਆਂ, ਸਿਧਾਂਤਾਂ ਤੇ ਸੰਸਥਾਵਾਂ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਹਿੰਦੂ ਧਰਮ ਵਿਚ ਰਹਿ ਕੇ ਅਛੂਤ ਸਮੱਸਿਆ ਦਾ ਹੱਲ ਨਹੀਂ ਨਿਕਲ ਸਕਦਾ। ਇਸ ਬਾਰੇ ਵੀ ਉਹ ਸਪਸ਼ਟ ਹੋ ਚੁੱਕੇ ਹਨ, ਇਸ ਲਈ ਅਛੂਤਾਂ ਵਿੱਚ ਰਾਜਨੀਤਕ ਆਧਾਰ ਦੇ ਨਾਲ ਨਾਲ ਸਮਾਜਿਕ ਤੇ ਆਰਥਿਕ ਸਥਿਤੀ ਮਜ਼ਬੂਤ ਕਰਨ ਲਈ ਸੰਘਰਸ਼ ਨੂੰ ਨਵੀਂ ਰੂਪ ਰੇਖਾ ਦੇਣ ਦੀ ਲੋੜ ਹੈ।

27 ਮਈ, 1935 ਦਾ ਦਿਨ ਭਾਰਤ ਦੇ ਅਛੂਤਾਂ ਲਈ ਬਹੁਤ ਹੀ ਦੁਖਦਾਈ ਦਿਨ ਦੇ ਤੌਰ ਤੇ ਜਾਣਿਆ ਜਾਵੇਗਾ। ਇਸ ਦਿਨ ਡਾ. ਅੰਬੇਡਕਰ ਦੀ ਪਤਨੀ ਰਮਾਬਾਈ ਜੀ ਸਵਰਗਵਾਸ ਹੋਇਆ। ਡਾ. ਅੰਬੇਡਕਰ ਉਸ ਦੀ ਦੀ ਮੌਤ ਪਿੱਛੋਂ ਪੂਰੀ ਤਰ੍ਹਾਂ ਨਿਰਾਸ਼ ਹੋ ਗਏ ਉਪਰਾਮ ਵੀ। ਉਹ ਉਹਨਾਂ ਦੀ ਅਦ੍ਰਿਸ਼ਟ ਸ਼ਕਤੀ ਸੀ। ਰਮਾਬਾਈ ਨੇ ਡਾ. ਸਾਹਿਬ ਦੀ ਗੈਰ ਹਾਜ਼ਰੀ 'ਚ ਆਪਣੇ ਆਪ ਨੂੰ ਸੰਭਾਲਿਆ ਹੀ ਨਹੀਂ ਸਗੋਂ ਕਦੇ ਵੀ ਉਹਨਾਂ ਨੂੰ ਨਿਰਾਸ਼ ਨਹੀਂ ਹੋਣ ਦਿੱਤਾ। ਇੱਥੋਂ ਤੱਕ ਜਦੋਂ 'ਦੂਸਰੀ ਗੋਲਮੇਜ਼ ਕਾਨਫਰੰਸ ' ਮੌਕੇ ਹਿੰਦੂ ਸਮਾਜ ਵੱਲੋਂ ਡਾ. ਅੰਬੇਡਕਰ ਨੂੰ ਮਾਰ ਦੇਣ ਦੀਆਂ ਧਮਕੀਆਂ ਦਿੱਤੀਆਂ ਗਈਆਂ, ਉਦੋਂ ਰਮਾ ਬਾਈ ਹਿੰਦੂ ਮੁੰਡਿਆਂ ਦੁਆਰਾ ਪੇਸ਼ ਦੁਖਦਾਈ ਸਥਿਤੀਆਂ 'ਚੋਂ ਲੰਘਣਾ ਪਿਆ। ਰਮਾਬਾਈ ਦੀ ਕੀਤੀ ਅਣਥਕ ਮਿਹਨਤ ਕਾਰਨ ਅਛੂਤ ਸਮਾਜ ਉਹਨਾਂ ਦਾ ਸਦਾ ਰਿਣੀ ਰਹੇਗਾ। ਮੌਤ ਉਪਰੰਤ ਅਸਹਿ ਸਦਮੇ ਕਾਰਣ ਇਕ ਸਮਾਂ ਐਸਾ ਵੀ ਆਇਆ ਕਿ ਡਾ. ਅੰਬੇਡਕਰ ਨੇ ਸਿਰ ਮੁਨਾਕੇ ਗੇਰੂਏ ਬਸਤਰ ਪਹਿਨਕੇ ਸਨਿਆਸ ਧਾਰਣ ਕਰਨ ਦਾ ਮਨ ਬਣਾ ਲਿਆ ਤੇ ਬਹੁਤ ਹੀ ਉਦਾਸ ਮੁਦਰਾ 'ਚ ਵਿਚਰਨ ਲੱਗ ਪਏ। ਇਸ ਦੁੱਖ 'ਚੋਂ ਹੌਲੀ ਹੌਲੀ ਨਿਕਲ ਕੇ ਉਹਨਾਂ ਨੇ ਅਛੂਤ ਸਮਾਜ ਦੀ ਭਲਾਈ ਦੇ ਕੰਮਾਂ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ।

2 ਜੂਨ 1935 ਨੂੰ ਉਹਨਾਂ ਲਾਅ ਕਲਾਜ ਬੰਬਈ 'ਚ ਪੜ੍ਹਾਉਣਾ ਸ਼ੁਰੂ ਕੀਤਾ। ਇਸ ਕਾਲਜ 'ਚ ਅਧਿਆਪਕ ਲਗਣਾ ਬਹੁਤ ਹੀ ਮਾਣ ਵਾਲੀ ਗੱਲ ਸੀ। o



# ਪੰਜਾਬੀ ਕਹਾਣੀ ਵਿਚ ਦਲਿਤ ਚੇਤਨਾ

- ਮਨਦੀਪ ਕੌਰ

ਦਲਿਤ ਚੇਤਨਾ ਦਾ ਸਹੀ ਰੂਪ ਵਿਚ ਉਭਾਰ ਆਧੁਨਿਕ ਯੁੱਗ ਦੀ ਪੈਦਾਵਾਰ ਹੈ ਪਰ ਪ੍ਰਚੀਨ ਸਮਿਆਂ ਵਿਚ ਵੀ ਜਾਤ-ਪਾਤ ਦੇ ਖਿਲਾਫ਼ ਧਾਰਮਿਕ ਰੂਪ ਵਿਚ ਆਵਾਜ਼ ਉਠਾਉਣ ਵਾਲੇ ਰਵੀਦਾਸ, ਕਬੀਰ ਤੇ ਨਾਮਦੇਵ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਧਾਰਮਿਕ ਅੰਦੋਲਨਾ ਦੇ ਬਾਵਜੂਦ ਵੀ ਸਾਡੇ ਸਮਾਜ ਵਿਚ ਜਾਤੀ ਵਿਤਕਰਾ ਬਰਕਰਾਰ ਰਿਹਾ ਹੈ।

ਪਰ ਦਲਿਤਾਂ ਵਿਚ ਚੇਤਨਾ ਅਤੇ ਜਾਗ੍ਰਤੀ ਦਾ ਜੋ ਉਭਾਰ ਅੱਜ ਦਿਖਾਈ ਦੇ ਰਿਹਾ ਹੈ, ਉਸਦਾ ਕਾਰਨ ਇਸ ਵਰਗ ਵਿਚ ਜਨਮੇ ਮਹਾਤਮਾ ਜੋਤੀ ਬਾ ਫੂਲੇ ਤੇ ਡਾ. ਭੀਮ ਰਾਓ ਅੰਬੇਡਕਰ ਦੀਆਂ ਧਾਰਨਾਵਾਂ ਹਨ ਜਿਸ ਕਾਰਨ ਦਲਿਤਾਂ ਦੀਆਂ ਸਮੱਸਿਆਵਾਂ ਨੂੰ ਗੌਲਿਆ ਜਾਣ ਲੱਗ ਪਿਆ ਹੈ। ਦੂਜਾ ਭਾਰਤੀ ਸੰਵਿਧਾਨ ਅਨੁਸਾਰ ਦਲਿਤ ਲੋਕਾਂ ਨੂੰ ਹਰ ਪੱਧਰ ਤੇ ਬਰਾਬਰ ਮੌਕੇ ਦਿੱਤੇ ਜਾਣ ਕਰਕੇ, ਖਾਸ ਕਰਕੇ ਵੋਟ ਪਾਉਣ ਦਾ ਸਮਾਨ ਅਧਿਕਾਰ ਦੇ ਕੇ ਉੱਚਾ ਤੇ ਵੱਡਾ ਸਮਝਣ ਵਾਲੇ ਲੋਕਾਂ ਦੇ ਤਬਕੇ ਤੇ ਜਬਰਦਸਤ ਸੱਟ ਮਾਰੀ ਹੈ। ਜਿਸ ਕਾਰਨ ਸਦੀਆਂ ਤੋਂ ਹਾਸ਼ੀਏ ਤੇ ਸੁੱਟੇ ਹੋਏ ਲੋਕ ਨਾ ਬਰਾਬਰੀ ਦੇ ਵਿਤਕਰੇ ਨੂੰ ਵੰਗਾਰ ਦੇਣ ਦੀ ਹਾਲਤ ਵਿਚ ਆ ਗਏ ਹਨ। ਇਹਨਾਂ ਦਾ ਸਮਾਜਿਕ, ਆਰਥਿਕ, ਧਾਰਮਿਕ ਤੇ ਸਭਿਆਚਾਰਕ ਤੌਰ ਤੇ ਪ੍ਰਭਾਵ ਸਮਾਜ ਤੇ ਪੈ ਰਿਹਾ ਹੈ। ਇਸ ਪ੍ਰਭਾਵ ਸਦਕਾ ਦਲਿਤ ਲੋਕਾਂ ਨੇ ਆਪਣੇ ਸਭ ਪ੍ਰਕਾਰ ਦੇ ਹੱਕਾਂ ਲਈ ਆਪਣੀ ਅਵਾਜ਼ ਨੂੰ ਬੁਲੰਦ ਕੀਤਾ, ਆਪਣੀ ਹੀਣ ਭਾਵਨਾ ਨੂੰ ਤਿਆਗਿਆ ਤੇ ਨੀਚਤਾ ਭਰੇ ਵਿਵਹਾਰ ਨੂੰ ਲਲਕਾਰਨ ਲਈ ਹੌਸਲਾ ਅਤੇ ਸੰਘਰਸ਼ ਪੈਦਾ ਕੀਤਾ। ਇਸ ਸੰਘਰਸ਼ ਦਾ ਪ੍ਰਭਾਵ ਦਲਿਤ ਲੇਖਕਾਂ ਦੀਆਂ ਰਚਨਾਵਾਂ ਵਿਚ ਦੇਖਿਆ ਦਾ ਸਕਦਾ ਹੈ ਪਰ ਵੀਹਵੀਂ ਸਦੀ ਦੇ ਦੋ ਤਿੰਨ ਦਹਾਕਿਆਂ ਤੋਂ ਪਹਿਲਾਂ ਇਸ ਤਰ੍ਹਾਂ ਦਾ ਪ੍ਰਭਾਵ ਨਜ਼ਰ ਨਹੀਂ ਆਉਂਦਾ ਕਿਉਂਕਿ ਉਸ ਸਮੇਂ ਦਲਿਤ ਲੋਕਾਂ ਨੂੰ ਅੱਖਰ ਗਿਆਨ ਗ੍ਰਹਿਣ ਕਰਨ ਦਾ ਅਧਿਕਾਰ ਨਹੀਂ ਸੀ। 'ਇਸ ਕਰਕੇ ਵੀਹਵੀਂ ਸਦੀ ਦੇ ਆਖਰੀ ਦੋ ਤਿੰਨ ਦਹਾਕਿਆਂ ਤੋਂ ਪਹਿਲਾਂ ਭਾਰਤ ਵਿਚ ਜਿਹੜਾ ਵੀ ਸਾਹਿਤ ਲਿਖਿਆ ਗਿਆ, ਉਸ ਵਿਚ ਦਲਿਤ ਚੇਤਨਾ ਨਾਲ ਸੰਬੰਧਿਤ ਸਾਹਿਤ ਦੀ ਭੂਮਿਕਾ ਨਾ ਮਾਤਰ ਹੈ ਕਿਉਂਕਿ ਗੈਰ ਦਲਿਤ ਸਾਹਿਤਕਾਰਾਂ ਰਾਹੀਂ ਲਿਖੇ ਦਲਿਤ ਚੇਤਨਾ ਨਾਲ ਸੰਬੰਧਿਤ ਸਾਹਿਤ ਵਿਚ ਹਮਦਰਦੀ , ਕਰੁਣਾ , ਪਿਆਰ ਤੇ ਮੁਹੱਬਤ ਬਾਰੇ ਤਾਂ ਭਾਵਨਾ ਦਲਿਤ ਪ੍ਰਸੰਗ ਵਿਚ ਵਿਅਕਤ ਹੋ ਸਕਦੀਆਂ ਸਨ, ਪਰ ਜਿਸ ਕਿਸਮ ਦੀ ਜਾਤੀ ਪੀੜ੍ਹਾ ਤ੍ਰਿਸਕਾਰ ਤੇ ਅਮਾਨਵੀ ਜ਼ਿੰਦਗੀ ਜਾਤੀ ਵਿਵਸਥਾ ਦੇ ਸ਼ਿਕਾਰ ਦਲਿਤਾਂ ਨੇ ਸਹਿਣ ਕੀਤੀ ਹੈ, ਉਸ ਦੀ ਅਭੀਵਿਅਕਤੀ ਪ੍ਰਮਾਣਿਕ ਰੂਪ 'ਚ ਗ਼ੈਰ ਦਲਿਤ ਸਾਹਿਤਕਾਰਾਂ ਦੁਆਰਾ ਸੰਭਵ ਨਹੀਂ ਹੋ ਸਕਦੀ।"[1]

ਦਲਿਤ ਲੇਖਕਾਂ ਦੇ ਗੈਰ ਦਲਿਤ ਲੇਖਕਾਂ ਨਾਲ ਬਰਾਬਰੀ ਦੀ ਬਰਾਦਰੀ ਵਾਲੇ ਸੰਬੰਧ ਨਹੀਂ ਹਨ ਕਿਉਂਕਿ ਉਹ ਦਲਿਤ ਸਮਾਜ ਦੀ ਸਮੱਸਿਆ ਆਪਣੇ ਸਾਹਿਤ ਵਿਚ ਪੂਰਨ ਸੰਸਕਾਰਾਂ ਤੋਂ ਮੁਕਤ ਹੋ ਕੇ ਨਹੀਂ ਲਿਆ ਰਹੇ। ਉਹ ਕਿਸੇ ਕਾਲਪਨਿਕ ਦੁਨੀਆਂ ਦਾ ਸਾਹਿਤ ਨਹੀਂ ਲਿਖ ਰਹੇ। ਸਗੋਂ ਆਪਣੀ ਵਾਸਤਵਿਕ ਦੁਨੀਆਂ ਦਾ ਸੱਚ ਦਲਿਤ ਆਪ ਆਪਣੇ ਸਾਹਿਤ ਵਿਚ ਦਰਸਾ ਰਹੇ

ਹਨ। 'ਉਹ ਭੋਗੇ ਹੋਏ ਅਨੁਭਵਾਂ ਨੂੰ ਨਵੀਂ ਸੋਚ ਦੇ ਕਲਾਤਮਕ ਅਤੇ ਤਰਕਪੂਰਨ ਢੰਗ ਦੇ ਨਾਲ ਅਲੱਗ ਭਾਸ਼ਾ ਅਤੇ ਅਲੱਗ ਸ਼ੈਲੀ ਵਿਚ ਪ੍ਰਸਤੁਤ ਕਰ ਰਹੇ ਹਨ।[2]

ਇਸ ਕਰਕੇ ਕਿਹਾ ਦਾ ਸਕਦਾ ਹੈ ਕਿ ਦਲਿਤ ਸਾਹਿਤ ਦੇ ਸਰੋਕਾਰ ਸਿਰਫ਼ ਉਹ ਲੇਖਕ ਮੰਨੇ ਜਾਂਦੇ ਹਨ, "ਜਿਹਨਾਂ ਕੋਲ ਇਸ ਕਿਸਮ ਦੀ ਜਿੰਦਗੀ ਦਾ ਮੌਲਿਕ ਅਨੁਭਵ ਹੈ, ਮੌਲਿਕ ਅਨੁਭਵ ਦਾ ਕੋਈ ਬਦਲ ਨਹੀਂ ਹੁੰਦਾ।"[3]

ਜਦੋਂ ਅਸੀਂ ਪੰਜਾਬੀ ਕਹਾਣੀ ਦੇ ਮੁਢਲੇ ਪਿਛੋਕੜ ਤੇ ਨਜ਼ਰ ਮਾਰਦੇ ਹਾਂ ਤਾਂ ਸ਼ੋਸ਼ਿਤ ਵਰਗ ਨਾਲ ਜੁੜੇ ਵਿਭਿੰਨ ਸਰੋਕਾਰ ਪਹਿਲੇ ਪੜਾਅ ਦੀ ਕਹਾਣੀ ਵਿਚੋਂ ਦ੍ਰਿਸ਼ਟੀਗੋਚਰ ਹੁੰਦੇ ਹਨ। ਪੰਜਾਬੀ ਕਹਾਣੀ ਦੇ ਮੁਢਲੇ ਕਹਾਣੀਕਾਰ ਜਿਵੇਂ ਨਾਨਕ ਸਿੰਘ, ਜੋਸ਼ਅ ਫਜ਼ਲਦੀਨ, ਅਭੈ ਸਿੰਘ ਤੇ ਗੁਰਮੁਖ ਸਿੰਘ ਮੁਸਾਫ਼ਰ ਆਦਿ ਨੇ ਆਪਣੀਆਂ ਕਹਾਣੀਆਂ ਵਿਚ ਮਨੁੱਖ ਦੀ ਜਾਤੀਗਤ ਸੰਸਕਾਰ ਮੂਲਕ ਦ੍ਰਿਸ਼ਟੀ ਨੂੰ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ ਹੈ। ਉਦਾਹਰਣ ਦੇ ਤੌਰ ਤੇ 'ਨਾਨਕ ਸਿੰਘ ' ਦੀ ਕਹਾਣੀ 'ਕੱਲੋ' ਵੇਖੀ ਜਾ ਸਕਦੀ ਹੈ ਭਾਵੇਂ ਇਹਨਾਂ ਕਹਾਣੀਆਂ ਵਿਚ ਦਲਿਤ ਚੇਤਨਾ ਨੂੰ ਪੂਰਨ ਤੌਰ ਤੇ ਉਘਾੜਿਆ ਨਹੀ ਗਿਆ ਪਰ ਸੋਸ਼ਿਤ ਵਰਗ ਨਾਲ ਜੁੜੇ ਵਿਭਿੰਨ ਸਰੋਕਾਰਾਂ ਨੂੰ ਆਪਣੀ ਰਚਨਾ ਦਾ ਵਿਸ਼ਾ ਵਸਤੂ ਬਣਾਇਆ ਹੈ।

ਦੂਸਰੇ ਪੜਾਅ ਦੀਆਂ ਕਹਾਣੀਆਂ ਜਿਵੇਂ ਪ੍ਰਾਹੁਣਾ, ਬਾਗਾਂ ਦਾ ਰਾਖਾ, ਕੁੱਲ ਸ੍ਰੇਸ਼ਟ, ਕੁਲਫੀ ਆਦਿ (ਸੁਜਾਨ ਸਿੰਘ) ਕੰਮ ਕਿ ਚੰਮ (ਸੰਤ ਸਿੰਘ ਸੇਖੋਂ), ਕੋਈ ਇਕ ਸਵਾਰ (ਸੰਤੋਖ ਸਿੰਘ ਧੀਰ), ਸਾਂਝ, ਤੂੜੀ ਦੀ ਪੰਡ (ਕੁਲਵੰਤ ਸਿੰਘ ਵਿਰਕ), ਚਾਰੇ ਦੀ ਪੰਡ, ਗਧੀ ਵਾਲਾ (ਗੁਰਦਿਆਲ ਸਿੰਘ), ਮੈਨੂੰ ਟੈਗੋਰ ਬਣਾ ਦੇ ਮਾਂ!, ਗੰਗਾਜਲ (ਮੋਹਨ ਭੰਡਾਰੀ) ਆਦਿ ਦਲਿਤ ਜੀਵਨ ਨੂੰ ਜਾਤੀ ਦ੍ਰਿਸ਼ਟੀ ਤੋਂ ਨਹੀਂ ਬਲਕਿ ਜਮਾਤੀ ਦ੍ਰਿਸ਼ਟੀ ਤੋਂ ਵੇਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹਨਾਂ ਕਹਾਣੀਆਂ ਵਿਚ ਜਾਤੀ ਪ੍ਰਬੰਧ ਤੇ ਛੂਤ-ਛਾਤ ਪ੍ਰਤੀ ਇਕ ਖਾਸ ਕਿਸਮ ਦੀ ਘ੍ਰਿਣਾ, ਰੋਹ ਅਤੇ ਨਫ਼ਰਤ ਦੀ ਭਾਵਨਾ ਨੂੰ ਸੰਕੇਤਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਹਨਾਂ ਕਹਾਣੀਆਂ ਦੇ ਪਾਤਰ ਆਰਥਿਕ ਤੇ ਸਮਾਜਿਕ ਪੱਖ ਤੋਂ ਨੀਵੀਆਂ ਸ਼੍ਰੇਣੀਆਂ ਨਾਲ ਸੰਬੰਧ ਰਖਦੇ ਹਨ। ਇਹ ਕਹਾਣੀਆਂ ਦਲਿਤ ਪਾਤਰਾਂ ਲਈ ਉੱਚ ਸ਼੍ਰੇਣੀਆਂ ਤੇ ਉਪਰਲੀਆਂ ਜਮਾਤਾਂ ਵੱਲੋਂ ਕੀਤੇ ਜਾ ਰਹੇ ਦੁਰ-ਵਿਹਾਰ ਨੂੰ ਰੂਪਮਾਨ ਕਰਦੀਆਂ ਹਨ। ਪ੍ਰਗਤੀਵਾਦੀ ਧਾਰਾ ਨਾਲ ਸੰਬੰਧਿਤ ਇਹ ਕਹਾਣੀਆਂ ਦਲਿਤਾਂ ਦੇ ਆਰਥਿਕ, ਸਮਾਜਿਕ ਤੇ ਧਾਰਮਿਕ ਮੁੱਦਿਆਂ ਨੂੰ ਜਾਤੀ ਦ੍ਰਿਸ਼ਟੀ ਤੋਂ ਹੀ ਨਹੀਂ ਬਲਕਿ ਜਮਾਤੀ ਦ੍ਰਿਸ਼ਟੀ ਤੋਂ ਵੀ ਪੇਸ਼ ਕਰਦੀਆਂ ਹਨ ਤੇ ਆਪਣੀ ਪੇਸ਼ਕਾਰੀ ਦੇ ਨਾਲ ਹੀ ਉਹਨਾਂ ਦਲਿਤ ਪਾਤਰਾਂ ਨੂੰ ਪੇਸ਼ ਕਰਦੀਆਂ ਹਨ ਜਿਹੜੇ ਦਲਿਤਾਂ ਦੇ ਅੰਦਰੂਨੀ ਵਿਰੋਧਾਂ ਤੇ ਦਬਾਵਾਂ ਨੂੰ ਉਘਾੜਦੇ ਹਨ।

ਦਲਿਤਾਂ ਦੇ ਬਹੁਪੱਖੀ ਸ਼ੋਸ਼ਣ ਨੂੰ ਆਪਣਾ ਵਿਸ਼ਾ ਵਸਤੂ ਬਣਾਉਂਦੀਆਂ ਇਹ ਕਹਾਣੀਆਂ ਦਲਿਤਾਂ ਦੀ ਮਾਨਸਿਕ ਸਥਿਤੀ ਨੂੰ ਡੂੰਘੇ ਪ੍ਰਤੀਕਾਂ ਰਾਹੀਂ ਪੇਸ਼ ਕਰਦੀਆਂ ਹਨ। ਉਦਾਹਰਣ ਦੇ ਤੌਰ ਤੇ 'ਸੁਜਾਨ ਸਿੰਘ' ਦੀ ਕਹਾਣੀ 'ਪ੍ਰਾਹੁਣਾ ' ਵੇਖੀ ਜਾ ਸਕਦੀ ਹੈ। ਜਿਸ ਵਿਚ ਸਮਾਜਿਕ ਤੌਰ ਤੇ ਪੱਛੜੇ ਵਰਗਾਂ ਲਈ ਹਮਦਰਦੀ ਪ੍ਰਗਟ ਕੀਤੀ ਗਈ ਹੈ ਅਤੇ ਲੇਖਕ ਨੇ ਪ੍ਰਗਤੀਵਾਦੀ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਪ੍ਰਾਹੁਣੇ ਦੇ ਪ੍ਰਤੀਕਾਂ ਰਾਹੀ ਨੀਵੀਆਂ ਜਾਤਾਂ ਤੇ ਜਮਾਤਾਂ ਪ੍ਰਤੀ ਹਮਦਰਦੀ ਭਰਨ ਦੀ ਕੋਸ਼ਿਸ਼ ਕੀਤੀ ਹੈ।

ਇਸ ਲਈ ਪੰਜਾਬੀ ਕਹਾਣੀ ਦਾ 'ਪਹਿਲਾ ਪਸਾਰ ਪੂੰਜੀਵਾਦ ਪ੍ਰਬੰਧ ਵਿਚ ਸ਼ੋਸ਼ਿਤ ਵਰਗ ਦੀ ਆਰਥਿਕਤਾ ਨਾਲ ਸੰਬੰਧ ਰਖਦਾ ਹੈ। ਪੰਜਾਬੀ ਕਹਾਣੀ ਆਪਣੀ ਹੋਂਦ ਦੇ ਮੁਢਲੇ ਦਿਨਾਂ ਤੋਂ ਹੀ



ਸ਼ੋਸ਼ਿਤ ਵਰਗ ਨੂੰ ਚਿਤਵਤੀ ਤੇ ਚਿਤਵਦੀ ਆਈ ਹੈ ਪਰ ਪ੍ਰਗਤੀਵਾਦੀ ਲਹਿਰ ਦੇ ਇਕ ਨਿਸ਼ਚਿਤ ਮਨੋਰਥ ਤੇ ਭਾਵੁਕ ਲਗਾਉ ਨਾਲ ਅਪਨਾਏ ਇਸ ਵਿਸ਼ੇ ਦੀ ਪੇਸ਼ਕਾਰੀ ਦੀਆਂ ਆਪਣੀਆਂ ਸੀਮਾਵਾਂ ਰਹੀਆਂ ਸਨ।'[4] ਪੰਜਾਬੀ ਕਹਾਣੀ ਦੀ ਵੀਹਵੀਂ ਸਦੀ ਦੇ ਸਤਵੇਂ ਦਹਾਕੇ ਵਿਚ ਅਤਰਜੀਤ ਦੀ ਕਹਾਣੀ 'ਬਠਲੂ ਚਮਿਆਰ' ਰਾਹੀਂ ਵਿਸ਼ੇਸ਼ ਤੌਰ ਤੇ ਦਲਿਤ ਚਰਿੱਤਰ ਦਾ ਵੇਰਵਾ ਪੇਸ਼ ਹੁੰਦਾ ਹੈ। ਇਸ ਤੋਂ ਇਲਾਵਾ ਪ੍ਰੇਮ ਗੋਰਖੀ ਦੀ ਕਹਾਣੀ 'ਜੜ੍ਹ ਸੰਸਕਾਰ' , 'ਵੱਡੇ ਲੋਕ' ਅਤੇ ਭੂਰਾ ਸਿੰਘ ਕਲੇਰ ਦੀ ਕਹਾਣੀ 'ਟੁੱਟੇ ਪੱਤੇ' ਆਦਿ ਰਾਹੀ ਅਜਿਹੇ ਹੋਰ ਬਹੁਤ ਸਾਰੇ ਦਲਿਤ ਪਾਤਰ ਉਜਾਗਰ ਹੁੰਦੇ ਹਨ। ਇਹਨਾਂ ਕਹਾਣੀਆਂ ਵਿਚ ਦਲਿਤ ਚੇਤਨਾ ਅਤੇ ਪ੍ਰਗਤੀਵਾਦੀ ਚੇਤਨਾ ਦੀ ਏਕਤਾ ਰਾਹੀ ਦਲਿਤਾਂ ਵਿਚਲੇ ਨਵ-ਪ੍ਰਗਤੀਵਾਦੀ ਪਾਤਰਾਂ ਦੇ ਪ੍ਰਵੇਸ਼ ਦੁਆਰਾ ਇਹ ਕਹਾਣੀਕਾਰ ਪੰਜਾਬੀ ਕਹਾਣੀ ਨੂੰ ਨਵਾਂ ਮੋੜ ਪੇਸ਼ ਕਰਦੇ ਹਨ। ਇਹਨਾਂ ਦੇ ਨਾਲ ਹੀ ਕਿਰਪਾਲ ਕਜਾਕ ਦੀ 'ਸੈਲਾਬ' , 'ਹੁੰਮਸ', ਲਾਲ ਸਿੰਘ ਦੀ 'ਅੱਧੇ ਅਧੂਰੇ' ਅਤੇ ਨਛੱਤਰ ਦੀ 'ਤੀਲਾ-ਤੀਲਾ', 'ਹਾਰ ਜਿੱਤ' ਆਦਿ ਰਾਹੀਂ ਦਲਿਤਾਂ ਦਾ ਸਮਾਜਿਕ ਯਥਾਰਥ ਗੰਭੀਰ ਰੂਪ ਵਿਚ ਪੇਸ਼ ਹੁੰਦਾ ਹੈ।

ਇਹ ਕਹਾਣੀਆਂ ਨੀਵੀਆਂ ਸ਼੍ਰੇਣੀਆਂ ਨਾਲ ਸੰਬੰਧ ਰਖਦੇ ਕਿਰਤੀ ਵਰਗ ਦੇ ਨਿੱਜੀ ਅਨੁਭਵ ਨੂੰ ਆਪਣਾ ਵਿਸ਼ਾ-ਵਸਤੂ ਬਣਾਉਂਦੀਆਂ ਹਨ। ਇਹਨਾਂ ਕਹਾਣੀਆਂ ਵਿਚ ਜਾਤੀ ਚੇਤਨਾ ਪ੍ਰਤੀ ਦਿੱਤਾ ਗਿਆ ਹੁੰਗਾਰਾ ਦਲਿਤ ਚੇਤਨਾ ਦੀ ਸਿਰਜਣ ਦ੍ਰਿਸ਼ਟੀ ਨੂੰ ਰੂਪਮਾਨ ਕਰਦਾ ਹੈ। ਇਹਨਾਂ ਕਹਾਣੀਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਕਹਾਣੀਆਂ ਦਲਿਤਾਂ ਦੀਆਂ ਸਮੱਸਿਆਵਾਂ ਨੂੰ ਵੱਖਰੀ ਜੁਗਤ ਵਿਚ ਪੇਸ਼ ਕਰਦੀਆਂ, ਕਹਾਣੀ ਨੂੰ ਭਾਸ਼ਾ ਪੱਖੋਂ ਨਵਾਂ ਰੂਪ ਪ੍ਰਦਾਨ ਕਰਦੀਆਂ ਹਨ। ਇਹ ਕਹਾਣੀਆਂ ਆਰਥਿਕ ਤੇ ਸਮਾਜਿਕ ਤੌਰ ਤੇ ਨਾਬਰਾਬਰੀ ਦਾ ਵਿਰੋਧ ਕਰਦੀਆਂ ਜਿੰਦਗੀ ਦੇ ਯਥਾਰਥ ਤੇ ਜ਼ੋਰ ਦਿੰਦੀਆਂ ਹਨ।

ਇਹਨਾਂ ਕਹਾਣੀਆਂ ਵਿਚ 'ਆਪਣੇ ਅਸਤਿਤਵ ਦੀ ਕਾਇਮੀ ਲਈ ਜੂਝ ਰਹੇ ਕਿਰਤੀਆਂ ਕੰਮੀਆਂ ਨੂੰ ਇਕ ਯੋਧੇ ਦੇ ਰੂਪ ਵਿਚ ਪੇਸ਼ '[5] ਕਰਕੇ ਕਹਾਣੀਕਾਰਾਂ ਨੇ ਵਿਸ਼ੇ ਵਸਤੂ ਪੱਖੋਂ ਨਵੇਕਲੀ ਵਿਸ਼ੇਸ਼ਤਾ ਪ੍ਰਦਾਨ ਕੀਤੀ ਹੈ। ਇਹਨਾਂ ਕਹਾਣੀਆਂ ਵਿਚ ਕੰਮੀਆਂ ਤੇ ਕਿਸਾਨਾਂ ਦੀ ਸ਼ਬਦਾਵਲੀ ਤੇ ਮੁਹਾਵਰੇ ਹੂ-ਬ ਹੂ ਪੇਸ਼ ਕੀਤੇ ਗਏ ਹਨ।

ਵੀਹਵੀਂ ਸਦੀ ਦੇ ਅੱਠਵੇਂ ਤੇ ਨੌਵੇਂ ਦਹਾਕੇ ਦੀ ਕਹਾਣੀ ਵਿਚ ਦਲਿਤ ਚੇਤਨਾ ਪ੍ਰਚੰਡ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ। ਇਸ ਦੌਰ ਦੇ ਕਹਾਣੀਕਾਰ ਮੱਖਣ ਮਾਨ (ਲੋਹ ਹੱਡਾ), ਭਗਵੰਤ ਰਸੂਲਪੁਰੀ (ਫ਼ੈਸਲਾ), ਅਜਮੇਰ ਸਿੱਧੂ ( ਗੌਰਜਾਂ) , ਦੇਸ ਰਾਜ ਕਾਲੀ (ਜ਼ਖ਼ਮਾਂ ਦੇ ਰਸਤਿਉਂ), ਜਿੰਦਰ (ਸੌਰੀ) ਆਦਿ ਦਲਿਤ ਧਾਰਾ ਦੇ ਪ੍ਰਤੀਨਿਧ ਕਹਾਣੀਕਾਰਾਂ ਵਜੋਂ ਆਪਣੀ ਪਛਾਣ ਸਥਾਪਿਤ ਕਰਦੇ ਹਨ। ਇਹਨਾਂ ਦੇ ਨਾਲ ਹੀ ਬਲਜਿੰਦਰ ਨਸਰਾਲੀ, ਅਤਰਜੀਤ, ਮਨਮੋਹਨ ਬਾਵਾ, ਜਸਵਿੰਦਰ ਸਿੰਘ, ਸਰਵਮੀਤ, ਗੁਰਮੇਲ ਮਡਾਹੜ ਆਦਿ ਕਹਾਣੀਕਾਰ ਆਪਣੀ ਪ੍ਰਗਤੀਸ਼ੀਲ ਦ੍ਰਿਸ਼ਟੀ ਰੱਖਦਿਆਂ ਦਲਿਤ ਜੀਵਨ ਦੇ ਯਥਾਰਥ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਉਂਦੇ ਹਨ। ਇਹ ਕਹਾਣੀਕਾਰ ਦਲਿਤ ਵਰਗਾਂ ਸੰਬੰਧੀ ਨਿਰੋਲ ਹਮਦਰਦੀ ਬਟੋਰਨ ਦੀ ਥਾਂ ਉਹਨਾਂ ਦਾ ਅਕੱਥ ਸੱਚ ਸਮੱਗਰ ਰੂਪ 'ਚ ਪੇਸ਼ ਕਰਨ ਦਾ ਯਤਨ ਕਰਦੇ ਹਨ। ਨਿੱਜੀ ਪਛਾਣ ਵਾਲੇ ਅਜਿਹੇ ਅਨੁਭਵ ਦਾ ਸੱਚਾ-ਸੁੱਚਾ ਪ੍ਰਗਟਾ ਪਹਿਲੀ ਵਾਰ ਐਨੀ ਸ਼ਿੱਦਤ ਨਾਲ ਪੰਜਾਬੀ ਕਹਾਣੀ ਦਾ ਕਥਾ ਵਸਤੂ ਬਣਦਾ ਹੈ।[6]

1980 ਉਪਰੰਤ ਰਚੀ ਗਈ ਆਰਥਿਕ ਪਰਿਵੇਸ਼ ਵਾਲੀ ਕਹਾਣੀ ਦੀ ਵੱਖਰਤਾ ਇਹ ਹੈ ਕਿ

ਇਹ ਸ਼ੋਸ਼ਿਤ ਵਰਗ ਨਾਲ ਸੰਬੰਧ ਰਖਦੇ ਉਹਨਾਂ ਕਹਾਣੀਕਾਰਾਂ ਵਲੋਂ ਰਚੀ ਜਾ ਰਹੀ ਹੈ ਜਿਹੜੇ ਇਸ ਵਰਗ ਦਾ ਜਾਤੀ ਜਜ਼ਬਾਤੀ ਅਨੁਭਵ ਵੀ ਰਖਦੇ ਹਨ ਅਤੇ ਅਜੋਕੇ ਦੌਰ ਦੀ ਆਰਥਿਕਤਾ ਦੇ ਰੈਸ਼ਨੇਲ ਨੂੰ ਧੁਰ ਅੰਦਰੋਂ ਸਮਝਣ ਦੀ ਚੇਤਨਾ ਨਾਲ ਵੀ ਪ੍ਰਣਾਏ ਹੋਏ ਹਨ। ਇਸੇ ਕਰਕੇ ਉਹ ਆਰਥਿਕਤਾ ਦੇ ਚੁੰਗਲ ਵਿਚ ਫਸੇ ਮਨੁੱਖ ਦੀਆਂ ਲੋੜਾਂ ਥੁੜ੍ਹਾ ਨੂੰ ਕਥਾ ਅੰਸ਼ ਤਾਂ ਬਣਾਉਂਦੇ ਹਨ ਪਰ ਅੰਤਮ ਮੁੱਦਾ ਨਹੀਂ। ਇਸ ਵਿਸ਼ੇ ਸੰਬੰਧੀ ਕਹਾਣੀ ਲਿਖਣ ਵਾਲੇ ਕਹਾਣੀਕਾਰ ਜਿਨ੍ਹਾਂ ਵਿਚ ਕਿਰਪਾਲ ਕਜ਼ਾਕ, ਪ੍ਰੇਮ ਗੋਰਖੀ, ਅਤਰਜੀਤ ਆਦਿ ਦਾ ਨਾਮ ਵਰਨਣਯੋਗ ਹੈ। ਇਹਨਾਂ ਦੀ ਕਹਾਣੀ ਦਾ ਨਾਇਕ ਆਰਥਿਕ ਥੁੜਾਂ ਦੀ ਜ਼ਹਿਮਤ ਵਿਚ ਬੇਬਸੀ ਲਾਚਾਰੀ ਦਾ ਜੀਵਨ ਜੀਉਂਦਾ ਤੰਗੀਆਂ ਤੁਰਸ਼ੀਆਂ, ਦੇ ਹੁੰਮਸ਼ ਭਰੇ ਵਾਤਾਵਰਣ ਵਿਚ ਆਪਣੀ ਹੋਂਦ ਹੋਣੀ ਪ੍ਰਤੀ ਹਰਖਦਾ ਖਿਝਦਾ, ਛਟਪਟਾਉਂਦਾ ਮਨੁੱਖ ਹੈ। "[7] ਦਲਿਤ ਚੇਤਨਾ ਅੰਸ਼ਿਕ ਰੂਪ ਵਿਚ ਭਾਵੇਂ ਪੰਜਾਬੀ ਕਹਾਣੀ ਦੇ ਪਹਿਲੇ ਤੇ ਦੂਸਰੇ ਪੜਾਅ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਪਰ ਪਹਿਲੇ ਤੇ ਦੂਸਰੇ ਪੜਾਅ ਦੀ ਕਹਾਣੀ ਵਿਚ ਸ਼ੋਸ਼ਿਤ ਵਰਗ ਦੇ ਜੀਵਨ ਤੇ ਉਸ ਦੀਆਂ ਸਮੱਸਿਆਵਾਂ ਨੂੰ ਦੇਖਣ ਲਈ ਲੇਖਕਾਂ ਦਾ ਦ੍ਰਿਸ਼ਟੀਕੋਣ ਮੱਧ ਵਰਗੀ ਹੀ ਰਿਹਾ ਹੈ। ਨਿਰੋਲ ਦਲਿਤ ਕਹਾਣੀਕਾਰ ਨੇ ਲੇਖਕਾਂ ਦੇ ਇਸ ਮੱਧਵਰਗੀ ਦ੍ਰਿਸ਼ਟੀਕੋਣ ਨੂੰ ਤੋੜਿਆ, ਜਿਸ ਕਰਕੇ ਦਲਿਤ ਚੇਤਨਾ ਪ੍ਰਚੰਡ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ। ਰਿਸਰਚ ਸਟੂਡੈਂਟ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਹਵਾਲੇ ਅਤੇ ਟਿੱਪਣੀਆਂ-**

1. ਕੱਲਰਮਾਜਰੀ, ਗੁਰਮੀਤ (ਸੰਪਾ), ਤੀਸਰੀ ਦੁਨੀਆਂ, ਪਰਸੇਮ ਸਿੰਘ ਫੋਰਮੈਨ ਯਾਦਗਾਰੀ ਪ੍ਰਕਾਸ਼ਨ, ਭਾਦਸੋਂ, 2001, ਪੰਨਾ 25-26

2. ਸਰਬਜੀਤ ਸਿੰਘ (ਸੰਪਾ.) ਦਲਿਤ ਦ੍ਰਿਸ਼ਟੀ , ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004, ਪੰਨਾ 75

3. ਕੱਲਰਮਾਜਰੀ, ਗੁਰਮੀਤ (ਸੰਪਾ.) ਉਹੀ, ਪੰਨਾ 26

4. ਧਨਵੰਤ ਕੌਰ (ਡਾ.) ਪੰਜਾਬੀ ਕਹਾਣੀ ਸ਼ਾਸਤਰ, ਚੇਤਨਾ ਪ੍ਰਕਾਸ਼ਨ , ਲੁਧਿ. , 2003, ਪੰਨਾ 40.

5. ਉਹੀ ਪੰਨਾ . 22

6. ਧਾਲੀਵਾਲ, ਬਲਦੇਵ ਸਿੰਘ (ਡਾ.) ਆਧੁਨਿਕ ਪੰਜਾਬੀ ਕਹਾਣੀ ਦ੍ਰਿਸ਼ਟੀਮੂਲਕ ਪਰਿਪੇਖ, ਚੇਤਨਾ ਪ੍ਰਕਾਸ਼ਨ , ਲੁਧਿਆਣਾ, 1999, ਪੰਨਾ. 100

7. ਧਨਵੰਤ ਕੌਰ (ਡਾ.) ਉਹੀ, ਪੰਨਾ 40-41

o



**ਨਾਵਲ ਕਾਂਡ**

## ਹੈਡਮਾਸਟਰ / ਕਰਨੈਲ ਸਿੰਘ ਨਿੱਝਰ

ਸਿਮਰਨ ਨੂੰ ਜਿਵੇਂ ਕਿਵੇਂ ਵੀ ਸਟੇਸ਼ਨ ਦੇ ਆਰਡਰ ਮਿਲ ਗਏ ਸਨ। ਉਹਨੇ ਅੱਜ ਪ੍ਰਾਇਮਰੀ ਸਕੂਲ ਗਾਂਧਰਾਂ ਹਾਜ਼ਰ ਹੋਣ ਲਈ ਜਾਣਾ ਸੀ। ਉਹ ਸਵੇਰੇ ਵੇਲੇ ਨਾਲ ਉਠੀ ਤੇ ਆਪਣੇ ਘਰ ਦੇ ਰੋਟੀ ਪਾਣੀ ਦਾ ਆਹਰ ਪਾਹਰ ਕਰਨ ਲੱਗ ਪਈ। ਉਹਦੇ ਘਰ ਵਾਲੇ ਘੁਕਰ ਸਿੰਘ ਨੇ ਉਹਨੂੰ ਹਾਜ਼ਰ ਕਰਾਉਣ ਲਈ ਨਾਲ ਲੈ ਕੇ ਜਾਣ ਤੋਂ ਨਾਂਹ ਕਰ ਦਿੱਤੀ ਸੀ। ਉਹਨੇ ਸਾਰੇ ਕੰਮ ਨੂੰ ਨਿਬੇੜਿਆ ਤੇ ਤਿਆਰ ਹੋ ਕੇ ਆਪਣੇ ਲੁੜੀਂਦੇ ਸਾਰੇ ਕਾਗਜ਼ ਪੱਤਰ ਲੈ ਕੇ ਆਪਣੀ ਨੌਕਰੀ ਵਾਲੇ ਸਕੂਲ ਨੂੰ ਸਾਈਕਲ ਲੈ ਕੇ ਚਲੀ ਗਈ। ਉਹਨੂੰ ਆਪਣੇ ਪਿੰਡ ਰਸੂਲਪੁਰ ਤੋਂ ਪੂਰੇ ਸਤਾਰਾਂ ਮੀਲ ਦੂਰ ਗਾਂਧਰਾਂ ਦੇ ਪ੍ਰਾਇਮਰੀ ਸਕੂਲ ਦੇ ਆਰਡਰ ਮਿਲੇ ਸਨ। ਉਹਨੂੰ ਉਥੇ ਪੁੱਜਣ ਲਈ ਬੱਸ ਦਾ ਸਫ਼ਰ ਵੀ ਕਰਨਾ ਪੈਣਾ ਸੀ ਤੇ ਸਾਈਕਲ ਤੇ ਵੀ ਪੈਂਡਾ ਕਰਨਾ ਪੈਣਾ ਸੀ। ਉਹਨੂੰ ਪੁੱਛਣ ਪਛਾਉਣ ਤੇ ਏਨਾ ਕੁ ਪਤਾ ਲੱਗ ਗਿਆ ਸੀ ਕਿ ਉਹ ਔਖੀ ਸੌਖੀ ਹੋ ਕੇ ਹਰ ਰੋਜ਼ ਸਫ਼ਰ ਕਰਕੇ ਘਰ ਵਾਪਸ ਆ ਸਕਦੀ ਆ। ਉਹ ਇਹ ਨਹੀਂ ਸੀ ਚਾਹੁੰਦੀ ਕਿ ਉਹਦੇ ਨੌਕਰੀ ਕਰਨ ਨਾਲ ਉਹਨਾ ਦੇ ਦੋ ਚੁੱਲ੍ਹੇ ਬਣ ਜਾਣ । ਉਹ ਔਰਤ ਸੀ ਤੇ ਉਹਨੂੰ ਪਤਾ ਸੀ ਕਿ ਉਹਦੇ ਘਰ ਦੀ ਆਰਥਿਕ ਹਾਲਤ ਕੋਈ ਏਨੀ ਵਧੀਆ ਨਹੀਂ ਸੀ। ਜਦੋਂ ਦੋਂਹ ਥਾਂਵਾਂ ਤੇ ਰਹਾਇਸ ਕਰਨੀ ਪਵੇਗੀ ਤਾਂ ਖਰਚ ਵੀ ਵਧ ਜਾਵੇਗਾ। ਉਹ ਆਪਣੇ ਘਰ ਨੂੰ ਹੋਰ ਵਧੀਆ ਬਣਾਉਣਾ ਚਾਹੁੰਦੀ ਸੀ। ਜਿਹਨੂੰ ਕਹਿ ਸਕੇ ਕਿ ਇਹ ਘਰ ਮੇਰਾ ਹੈ। ਲੋਕ ਵੀ ਆਖ ਸਕਣ ਕਿ ਇਹ ਘਰ ਸਿਮਰਨ ਦਾ ਹੈ। ਉਹਦੇ ਮਨ 'ਚ ਬਹੁਤ ਵਿਚਾਰ ਤੇ ਉਮੰਗਾਂ ਸਨ, ਜੋ ਕਿ ਉਹਦੇ ਮਨ ਵਿਚ ਘੁੰਮ ਰਹੇ ਸਨ।

ਸਿਮਰਨ ਆਪਣੇ ਨੌਕਰੀ ਵਾਲੇ ਸਕੂਲ ਵਿਚ ਪਹਿਲੇ ਦਿਨ ਪੁੱਜੀ। ਉਹਦੇ ਲਈ ਇਹ ਸਾਰਾ ਕੁਝ ਓਪਰਾ ਓਪਰਾ ਸੀ। ਉਹ ਇਸ ਗੱਲ ਤੋਂ ਤਾਂ ਖੁਸ਼ ਸੀ ਕਿ ਉਹਨੂੰ ਨੌਕਰੀ ਮਿਲ ਗਈ ਹੈ। ਪਰ ਜਦੋਂ ਉਹਨੇ ਸਕੂਲ ਦੇ ਕਮਰਿਆਂ, ਵਿਹੜੇ, ਨਲਕੇ ਆਦਿ ਨੂੰ ਦੇਖਿਆ ਤਾਂ ਉਹਦੀ ਨੌਕਰੀ ਦਾ ਸਾਰਾ ਚਾਅ ਮੱਠਾ ਪੈ ਗਿਆ। ਨਾ ਕਮਰਿਆਂ ਦੀ ਹਾਲਤ ਚੰਗੀ । ਨਾ ਵਿਹੜੇ 'ਚ ਦਰੱਖਤ ਸਨ। ਨਾ ਹੀ ਫੁੱਲ ਤੇ ਬੂਟੇ ਨਲਕੇ ਦੀ ਹਥੜੀ ਦਾ ਕਿੱਲ ਨਿਕਲਣ ਕਰਕੇ ਮੂੰਹ ਅਸਮਾਨ ਕੰਨੀ ਚੁੱਕਿਆ ਹੋਇਆ ਸੀ। ਨਲਕੇ ਨੂੰ ਪਾਣੀ ਲਈ ਗੇੜਿਆ ਸ਼ਾਇਦ ਦਹਾਕੇ ਹੋ ਗਏ ਸਨ। ਇਸ ਤਰ੍ਹਾਂ ਸਾਰਾ ਕੁਝ ਉਹਦੀ ਸੋਚ ਤੋਂ ਬਾਹਰਾ ਸੀ। ਉਹ ਤਾਂ ਸਮਝਦੀ ਸੀ ਕਿ ਉਹਦਾ ਸਕੂਲ ਸਿਆਲੂ ਫੁੱਲਾਂ ਬੂਟਿਆਂ ਨਾਲ ਲੱਦਿਆ ਪਿਆ ਹੋਵੇਗਾ। ਸਕੂਲ ਵਿਚ ਪ੍ਰਦੂਸ਼ਣ ਨੂੰ ਦੰਦੀਆਂ ਚਿੜ੍ਹਾਉਂਦੇ ਤਰ੍ਹਾਂ ਤਰ੍ਹਾਂ ਦੇ ਰੁੱਖ ਹੋਣਗੇ। ਬੱਚਿਆ ਦੇ ਬੈਠਣ ਲਈ ਵਧੀਆ ਤੇ ਹਵਾਦਾਰ ਕਮਰੇ ਹੋਣਗੇ। ਉਹਨਾ ਦੇ ਸਾਰੀ ਦਿਹਾੜੀ ਲਈ ਬੈਠਣ ਵਾਸਤੇ ਡੈਸਕ ਹੋਣਗੇ। ਵਧੀਆ ਤੇ ਚੰਗੇ ਅਧਿਆਪਕ ਅਤੇ ਅਧਿਆਪਕਾਵਾਂ ਹੋਣਗੀਆਂ। ਪਰ ਸਾਰਾ ਕੁਝ ਦੇਖਣ ਤੇ ਉਹਨੂੰ ਪਤਾ ਲੱਗਾ ਸੀ ਕਿ ਉਹ ਉਹਦੇ ਸੁਪਨਿਆਂ ਦੀਆਂ ਹੀ ਗੱਲਾਂ ਸਨ। ਉਹਦੇ ਮਨ ਵਿਚ ਇਹ ਗੱਲ ਵੀ ਆਈ ਸੀ ਕਿ ਸੁਪਨਿਆਂ ਤੇ ਅਸਲੀ ਦੁਨੀਆਂ ਦਾ ਲੱਖਾਂ ਕੋਹਾਂ ਦਾ ਫਰਕ ਹੁੰਦਾ ਹੈ। ਉਹਨੇ ਆਪਣੀ ਹੋਈ ਮਾਯੂਸੀ ਵਿਚ ਹੀ ਸਾਰੇ ਤੇ ਛੋਟੇ ਜਹੇ ਸਕੂਲ ਦੇ ਵਿਹੜੇ ਦਾ ਚੱਕਰ ਲਾ ਦਿੱਤਾ ਸੀ। ਉਥੇ ਚਾਰਦੀਵਾਰੀ ਦਾ ਤਾਂ ਨਾਂ ਨਿਸ਼ਾਨ ਵੀ ਨਹੀਂ ਸੀ। ਉਹਨੂੰ ਵੇਹੜੇ ਵਿਚ ਫਿਰਦੀ ਨੂੰ ਦੂਰ ਦੂਰ ਤੱਕ ਕਣਕ, ਛੋਲਿਆਂ ਤੇ ਸਰ੍ਹੋਂ ਰਲ਼ਵੇ ਮਿਲਵੇਂ ਖੇਤ ਦਿਖਾਈ ਦਿੱਤੇ ਸਨ। ਖੇਤਾਂ ਦੀਆਂ ਹਰੀਆਂ ਕਚੂਰ ਫ਼ਸਲਾਂ ਨੇ ਉਹਦੇ ਚਿੱਤ ਨੂੰ

**ਕਰਨੈਲ ਸਿੰਘ ਨਿੱਝਰ**

**ਕਰਨੈਲ ਸਿੰਘ ਨਿੱਝਰ ਪੰਜਾਬੀ ਦੇ ਗਹਿਰ ਗੰਭੀਰ ਨਾਵਲਕਾਰ ਹਨ। ਉਨ੍ਹਾਂ ਨੇ ਦੁਆਬੇ ਦੀ ਆਂਚਲਿਕਤਾ ਨੂੰ ਆਪਣੇ ਨਾਵਲਾਂ ਵਿਚ ਬਹੁਤ ਖੂਬਸੂਰਤ ਢੰਗ ਨਾਲ ਚਿਤਰਿਆ ਹੈ। ਚੇਤਨਾ ਪ੍ਰਕਾਸ਼ਨ ਉਨ੍ਹਾਂ ਦੇ ਨਾਵਲਾਂ ਨੂੰ ਪੁਨਰ ਪ੍ਰਕਾਸ਼ਤ ਕਰ ਰਹੇ ਹਨ। ਸਾਹਿਤ ਸਭਾ ਨਿੱਝਰਾਂ ਦੇ ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਹਨ।**

**ਪੁਸਤਕਾਂ-ਪਨਾਹ, ਸਰਘੀ ਦਾ ਤਾਰਾ, ਬਦਲਦੀ ਰੁੱਤ , ਛਿਕੰਡੀ ਦਾ ਛੱਪੜ (ਨਾਵਲ) , ਠਾਕੀਆਂ ਜੀਭਾਂ , ਮੇਰਾ ਕੀ ਕਸੂਰ ਐ (ਕਹਾਣੀ ਸੰਗ੍ਰਹਿ) , ਸੰਤ ਕਾਹਨ ਦਾਸ ਜੀ (ਜੀਵਨੀ), ਮੌਲਦੀਆਂ ਕਲਮਾਂ ।**

**ਪਤਾ-ਪਿੰਡ ਤੇ ਡਾਕ ਨਿੱਝਰਾ, ਜ਼ਿਲ੍ਹਾ ਜਲੰਧਰ।**

ਥੋੜ੍ਹਾ ਜਿਹਾ ਧਰਵਾਸ ਦਿੱਤਾ ਸੀ। ਉਹਨੇ ਪੂਰੀਆਂ ਅੱਖਾਂ ਖੋਲ੍ਹ ਕੇ ਸਕੂਲ , ਖੇਤਾਂ ਤੇ ਪਿੰਡ ਦੇ ਦਿਸਦੇ ਘਰਾਂ ਨੂੰ ਦੇਖਿਆ।

ਉਦਾਸੀ ਦੇ ਅਲਹਾਮ ਵਿਚ ਹੀ ਸਿਮਰਨ ਅੰਦਰ ਪਰਤ ਆਈ ਸੀ। ਉਹਦੇ ਆਉਂਦੀ ਨੂੰ ਉਹਦਾ ਹੈਡਮਾਸਟਰ ਨਿਗ੍ਹਾ ਦੀਆਂ ਐਨਕਾਂ ਲੈ ਕੇ ਕਿਸੇ ਰਜਿਸਟਰ ਦੇ ਵਰਕਿਆਂ ਤੇ ਪੁਰਾਣੇ ਜਹੇ ਡੰਕ ਨਾਲ ਕੁਛ ਲਿਖੀ ਜਾਂਦਾ ਸੀ। ਉਹਨੇ ਐਨਕਾਂ ਉਪਰ ਦੀ ਸਿਮਰਨ ਨੂੰ ਅੰਦਰ ਆਉਂਦਿਆਂ ਦੇਖਿਆ। ਉਹਦੀ ਘਸਮੈਲੀ ਜਿਹੀ ਐਨਕ ਰਾਹੀਂ ਉਹ ਉਹਨੂੰ ਅਸਮੈਲੀ ਜਿਹੀ ਲੱਗੀ।

ਸਿਮਰਨ ਅੰਦਰ ਲੱਕੜ ਦੇ ਫੱਟਾਂ ਵਾਲੀ ਕੁਰਸੀ ਤੇ ਆ ਕੇ ਬੈਠ ਗਈ। ਉਹਨੇ ਆਪਣੀ ਕੁਰਸੀ ਨੂੰ ਹੈਡਮਾਸਟਰ ਦੇ ਮੇਜ਼ ਤੋਂ ਕੁਝ ਪਰੇ ਕਰ ਲਿਆ। ਉਹ ਦੋ ਕੁ ਮਿੰਟ ਕੰਮ ਕਰਦਾ ਰਿਹਾ। ਫਿਰ ਉਹਨੇ ਆਪਣਾ ਕੀਤਾ ਜਾਂਦਾ ਕੰਮ ਬੰਦ ਕਰ ਦਿੱਤਾ। ਉਹਨੇ ਆਪਣੀ ਐਨਕ ਨੂੰ ਲਾਹ ਕੇ ਮੇਜ਼ ਦੇ ਇੱਕ ਬੰਨੇ ਰੱਖ ਦਿੱਤਾ। ਉਹਨੇ ਉਹਨੂੰ ਆਪਣੇ ਸਾਹਮਣੇ ਬੈਠੀ ਨੂੰ ਚੰਗੀ ਤਰ੍ਹਾਂ ਦੇਖਿਆ। ਉਹਨੇ ਇਸ ਸਮੇਂ ਸਿਮਰਨ ਬਾਰੇ ਮਨ ਹੀ ਮਨ 'ਚ ਕਈ ਤਰ੍ਹਾਂ ਦੇ ਆਪਣੇ ਚਿੱਤੋਂ ਗਲਤ ਸਹੀ ਅਨਦਾਜੇ ਲਾਏ। ਉਹਨੂੰ ਇਹ ਵੀ ਆਸ ਸੀ ਕਿ ਉਹ ਉਹਦੇ ਨਾਲ ਆਪ ਹੀ ਕੋਈ ਗੱਲ ਛੇੜੇਗੀ। ਪਰ ਉਹ ਚੁੱਪ ਰਹੀ। ਉਹ ਵੀ ਕਿਹੜੀ ਗੱਲ ਨਾਲ ਦੋਹਾਂ ਵਿਚਕਾਰ ਪੱਸਰੀ ਹੋਈ ਚੁੱਪ ਨੂੰ ਤੋੜੇ, ਇਸ ਬਾਰੇ ਕਾਫੀ ਦੇਰ ਸੋਚਦਾ ਰਿਹਾ।

ਸਿਮਰਨ ਨੇ ਕਮਰੇ ਦੀ ਛੱਤ ਵਲ੍ਹ ਦੇਖਿਆ। ਛੱਤ ਗਾਰਡਰਾਂ ਤੇ ਬਾਲਿਆਂ ਦੀ ਸੀ। ਥਾਂ ਥਾਂ ਤੋਂ ਕਾਲੇ ਰੰਗ ਦੇ ਜਾਲ੍ਹੇ ਲੱਗੇ ਹੋਏ ਸਨ। ਕਮਰੇ ਦੀਆਂ ਕੰਧਾਂ ਤੋਂ ਮਲਵੀਂ ਟੀਪ ਕੀਤੀ ਹੋਈ ਸੀ। ਇੱਟਾਂ ਆਪਣੇ ਬਾਰੇ ਤੇ ਤਰਤੀਬ ਤੋਂ ਅੱਗੇ ਪਿੱਛੇ ਹੋ ਕੇ ਅਗੜੀਆਂ ਦੁਗੜੀਆਂ ਦਿਸਦੀਆਂ ਸਨ। ਕੰਧਾਂ ਤੇ ਕੋਈ ਵੀ ਬੱਚਿਆਂ ਨੂੰ ਮੁਖ ਰੱਖ ਕੇ ਮਾਟੋ ਨਹੀਂ ਸੀ ਲਿਖਿਆ ਹੋਇਆ। ਕਮਰੇ ਦੀ ਪੱਛਮ ਬੰਨੇ ਦੀ ਵੱਡੀ ਕੰਧ ਤੇ ਕਿੱਲ ਨਾਲ ਤਰੀਕਾਂ ਵਾਲਾ ਕਲੰਡਰ ਟੰਗਿਆ ਹੋਇਆ ਸੀ, ਜਿਸ ਉਤੇ ਐਨੀ ਮਿੱਟੀ ਚਿੰਬੜੀ ਹੋਈ ਸੀ ਕਿ ਉਹ ਦੀਆਂ ਮੋਟੇ ਟਾਈਪ ਵਿਚ ਛਪੀਆਂ ਤਰੀਕਾਂ ਵੀ ਨਹੀਂ ਸੀ ਪੜ੍ਹੀਆਂ ਜਾਂਦੀਆਂ। ਕੰਧਾਂ ਉਤੇ ਵੀ ਛੋਟੇ ਛੋਟੇ ਲਮਕਦੇ ਜਾਲੇ ਤੇ ਮਿੱਟੀ ਦੀਆਂ ਖੇਪਾਂ । ਉਹਨੂੰ ਲੱਗਾ ਜਿਵੇਂ ਉਹਦਾ ਸਾਹ ਘੁੱਟ ਚੱਲਿਆ ਹੋਵੇ। ਉਹ ਆਪਣੀ ਕੁਰਸੀ ਤੋਂ ਉਠਣ ਹੀ ਲੱਗੀ ਸੀ ਕਿ ਉਹਦਾ ਮੁਖ ਅਧਿਆਪਕ ਬੋਲਿਆ , "ਬੈਠੋ ਜੀ, ਮੈਂ ਤੁਹਾਡੇ ਨਾਲ ਗੱਲ ਕਰਨੀ ਐਂ।"

"ਮੇਰੇ ਨਾਲ ?" ਉਹ ਸੁਤੇ ਸਿਧ ਹੀ ਬੋਲੀ।

"ਤੁਹਾਨੂੰ ਆਰਡਰ ਕਿੱਦਣ ਮਿਲੇ ਨੇ ?'



"ਜੀ ਕੱਲ੍ਹ ਤੇਈ ਨਵੰਬਰ ਨੂੰ।"

"ਆਰਡਰਾਂ 'ਤੇ ਤਰੀਕ ਤਾਂ ਤੇਰਾਂ ਨਵੰਬਰ ਪਈ ਹੋਈ ਐ।"

"ਜੀ ਇਹ ਤਾਂ ਦਫ਼ਤਰ ਵਾਲਿਆਂ ਨੂੰ ਪਤਾ ਹੋਏਗਾ।"

"ਤੁਸੀਂ ਐ ਅੱਜ ਦੀ ਤਰੀਕ 'ਚ ਹਾਜ਼ਰ ਨਾ ਹੋਵੋ।"

"ਕਿਹੜੀ ਤਰੀਕ 'ਚ ਹੋਵਾਂ ?"

"ਉਨੀਂ 'ਚ ਹੋ ਜਾਵੋ।"

"ਇਹ ਕਿਵੇਂ ਹੋ ਜਾਵੇਗਾ?"

"ਬੱਸ ਹੋ ਜਾਵੇਗਾ. ਬੀ. ਪੀ. ਈ. ਓ. ਸਾਹਿਬ ਜਰਾ ਖਾਣ ਪੀਣ ਤੇ ਖੁਸ਼ ਤਬੀਅਤ ਦੇ ਮਾਲਕ ਨੇ।"

"ਬੀ. ਪੀ.ਈ. ਓ ਕੌਣ ਨੇ ?"

"ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ। ਜਿੰਨ੍ਹਾ ਨੂੰ ਤੁਸੀਂ ਅਜੇ ਨਹੀਂ ਮਿਲੇ।"

"ਬੜੇ ਮੇਹਰਬਾਨ ਅਫ਼ਸਰ ਨੇ। ਆਪਾਂ ਨੂੰ ਜਰਾਂ ਕੁ ਰੈਸਟ ਹਾਊਸ ਜਾਣਾ ਪਏਗਾ।"

"ਉਹਨਾਂ ਦਾ ਦਫ਼ਤਰ ਰੈਸਟ ਰਾਊਸ ਐ ?"

"ਨਹੀਂ , ਦਫ਼ਤਰ ਰੈਸਟ ਹਾਊਸ ਨਹੀਂ। ਪਰ ਏਥੇ ਹੀ ਉਹ ਬੈਠ ਕੇ ਪਰਦੇ ਵਾਲੇ ਸਾਰੇ ਕੰਮ ਕਰਦੇ ਨੇ।"

"ਪਰਦੇ ਵਾਲੇ ਕੰਮ ਰੈਸਟ ਹਾਊਸ 'ਚ ਹੁੰਦੇ ਨੇ ਤੇ ਦਫ਼ਤਰ 'ਚ ਕੀ ਹੁੰਦਾ ਏ ?"

"ਇਹ ਸਾਰੀਆਂ ਗੱਲਾਂ ਪਰਦੇ ਦੀਆਂ ਨੇ। ਤੁਸੀਂ ਨਵੇਂ ਨਵੇਂ ਨੌਕਰੀ 'ਚ ਆਏ ਓ। ਹੌਲੀ ਹੌਲੀ ਆਪੇ ਈ ਸਾਰੀਆਂ ਗੱਲਾਂ ਦਾ ਪਤਾ ਲੱਗ ਜਾਊਗਾ।"

"ਵਿਦਿਅਕ ਮਹਿਕਮੇ 'ਚ ਵੀ ਪਰਦੇ ਦੀਆਂ ਗੱਲਾਂ ਹੁੰਦੀਆਂ ਨੇ ?"

"ਬਹੁਤ ਜੀ, ਤੁਸੀਂ ਗੱਲ ਛੱਡ ਦਿਓ। ਆਪਾਂ ਕੀ ਲੈਣਾ ਏਂ ਇੰਨ੍ਹਾਂ ਗੱਲਾਂ 'ਚੋਂ ਆਪਾਂ ਅੰਬ ਚੂਪੀਏ ਤੇ ਗਿਟਕਾਂ ਮਗਰ ਕਾਹਤੇ ਪਈਏ।"

"ਇਹ ਅੰਬ ਚੂਪਣੇ ਤੇ ਗਿਟਕਾਂ ਮਗਰ ਪੈਣਾ, ਇਹ ਸਭ ਕੀ ਆ ।"

"ਬੱਸ ਆਪਣਾ ਕੰਮ ਲੈਣਾ।"

"ਆਪਣਾ ਕੰਮ ਲੈਣਾ ? ਅਜੇ ਹੋਰ ਕੀ ਰਹਿੰਦਾ ਏ ?"

"ਅਜੇ ਬੀ. ਈ. ਓ. ਸਾਹਿਬ ਤੋਂ ਤੁਹਾਡੇ ਹਾਜ਼ਰ ਹੋਣ ਦੀ ਆਗਿਆ ਲੈਣੀ ਏਂ। ਜੇ ਉਨ੍ਹਾਂ ਨਾ ਲਿਖਿਆ ਤਾਂ...।"

"ਫਿਰ ਕੀ ਹੋਏਗਾ ?"

"ਤੁਸੀਂ ਲੇਟ ਜੌਇਨ ਕਰੋਗੇ। ਜਿੰਨਾ ਲੇਟ ਹੋਵੇਗਾ ਸਨਿਆਰਟੀ ਪਿੱਛੇ ਪਵੇਗੀ ਤੇ ਉਨੇ ਦਿਨਾਂ ਦੀ ਤਨਖ਼ਾਹ ਵੀ ਨਹੀਂ ਮਿਲੇਗੀ।"

"ਹੋਰ ਕੀ ਹੋਏਗਾ ?"

"ਬੀ. ਈ. ਓ. ਸਾਹਿਬ ਨਰਾਜ ਹੋ ਜਾਣਗੇ ਤੇ ਤੁਹਾਡੇ ਲਈ ਕਈ ਮੁਸ਼ਕਲਾਂ ਵੀ ਖੜੀਆਂ ਹੋ ਜਾਣਗੀਆਂ।"

"ਮਾਸਟਰ ਜੀ, ਜ਼ਿੰਦਗੀ ਤਾਂ ਹੈ ਈ ਮੁਸ਼ਕਲਾਂ ਦਾ ਨਾਂ। ਜਿਥੇ ਮੁਸ਼ਕਲਾਂ ਨਹੀਂ, ਉਹ ਜ਼ਿੰਦਗੀ ਕਾਹਦੀ ਆ ? ਮੈਂ ਮੁਸ਼ਕਲਾਂ ਨੂੰ ਜਾਣਦੀ ਆ ਤੇ ਹੋਰ ਦੇਖਣ ਲਈ ਤਿਆਰ ਆ। ਤੁਸੀਂ ਮੇਰੇ ਕਾਗਜ਼ ਦੇ ਦੇਵੋ, ਜੋ ਰਹਿ ਗਿਆ ਏ , ਉਹ ਮੈਂ ਆਪੇ ਹੀ ਕਰਵਾ ਲਊਂਗੀ। ਮੈਨੂੰ ਮੇਰਾ ਸਾਰਾ ਕਾਗਜ਼ ਪੱਤਰ ਮੋੜ ਦੇਵੋ ਤੇ ਮੈਂ ਆਪ ਦਫ਼ਤਰ ਚਲੇ ਜਾਨੀ ਆਂ।"

"ਨਹੀਂ ਨਹੀਂ ਮੇਰਾ ਇਹ ਮਤਲਬ ਨਹੀਂ ਸੀ। ਇਹ ਤਾਂ ਮੈਂ ਉਤੇ ਲਿਖ ਦਿੱਤਾ ਏ। ਮੈਂ ਬੀ. ਓ. ਸਾਹਿਬ ਤੋਂ ਆਪੇ ਕਰਵਾ ਲਊਂਗਾ। ਆਪਣੇ ਨਾਲ ਉਹਨਾਂ ਦੀ ਨਿੱਜੀ ਸਾਂਝ ਏ। ਇਹ ਕੰਮ ਤਾਂ ਹੋ ਈ ਜਾਊਗਾ। ਜੇ ਤੁਸੀਂ ਰੈਸਟ ਹਾਊਸ ਚਲੇ ਵੀ ਚਲੋਂ ਤਾਂ ਕੀ ਫਰਕ ਪੈਂਦਾ ਏ ? ਥੋੜ੍ਹੀ ਜਿਹੀ ਖੇਚਲ ਨਾਲ ਜਾਣਕਾਰੀ ਹੋ ਜਾਂਦੀ ਏ ਤੇ ਸਾਰੀ ਉਮਰ ਅਫਸਰ ਦਾ ਸੁਖ।"

"ਕੋਈ ਨਹੀਂ ਜੀ, ਮੈਂ ਆਪਣੇ ਘਰਦਿਆਂ ਨੂੰ ਨਾਲ ਲੈ ਕੇ ਆਊਂਗੀ ਉਹਨਾਂ ਦੀ ਵੀ ਮੁਲਾਕਾਤ ਹੋ ਜਾਊਗੀ।"

"ਨਹੀਂ ਨਹੀਂ ਘਰਦਿਆਂ ਦੀ ਕੀ ਲੋੜ ਏ ? ਕੰਮ ਤਾਂ ਤੁਹਾਡਾ ਏ। ਘਰਦਿਆਂ ਦੀ ਤਾਂ ਉਨ੍ਹਾਂ ਨਾਲ ਕੋਈ ਗੱਲ ਨਈਂ।"

"ਮੈਂ ਤਾਂ ਘਰਦਿਆਂ ਦੇ ਘਰ ਈ ਵਸਣਾ ਏਂ। ਉਹ ਜਿੱਦਾਂ ਕਹਿਣਗੇ, ਓਦਾਂ ਈ ਕਰਲਾਂਗੇ।"

" ਨਹੀਂ ਜੀ ਛੱਡੋ, ਘਰਦਿਆਂ ਨੂੰ ਕੀ ਪਤਾ। ਤੁਸੀਂ ਆਪ ਹੀ ਚਲੋ ਤੇ ਦਸ ਮਿੰਟ ਦਾ ਕੰਮ ਏ। ਕਰਕੇ ਜਾਂਦੇ ਬਣਿਉਂ।"

"ਦਸ ਮਿੰਟ ਦਾ ਕੰਮ ਤੇ ਸਾਰੀ ਉਮਰ ਦਾ ਕਲੰਕ।"

"ਨੌਕਰੀ ਕਿੱਥੋ ਮਿਲਦੀ ਏ ਜੀ। ਜੇ ਨੌਕਰੀ ਮਿਲਣ ਦੀ ਖੁਸ਼ੀ 'ਚ ਬੰਦਾ ਕਿਸੇ ਨਾ ਮੇਲਾ ਗੇਲਾ ਕਰ ਲਵੇ ਤੇ ਪਾਰਟੀ ਸ਼ਾਰਟੀ ਦੇ ਦੇਵੇ ਤਾਂ ਕੀ ਵਿਗੜਦਾ ਏ ?"

"ਉਹਦਾ ਰਹਿੰਦਾ ਈ ਕੱਖ ਨਈਂ, ਤੁਸੀਂ ਕਹਿ ਰਹੇ ਓ ਬਿਗੜਦਾ ਕੁਛ ਨਈਂ। ਜੋ ਤੁਸੀਂ ਸੋਚਦੇ ਤੇ ਕਹਿੰਦੇ ਓ, ਮੈਂ ਇਹਨਾਂ ਗੱਡੀਆਂ ਦਾ ਬੈਲ ਨਈਂ।"

"ਮੇਰਾ ਮਤਲਬ ਏ ਆਪਾਂ ਸੌ ਵਾਰੀ ਲੇਟ ਫੇਟ ਆਉਣਾ ਏਂ। ਅਫ਼ਸਰ ਛਾਪਾ ਮਾਰ ਕੇ ਫੜ ਈ ਲੈਂਦਾ ਏ। ਫਿਰ ਜੇ ਵਾਕਫੀ ਹੋਵੇ ਤਾਂ ਕਿਸੇ ਦਾ ਕੋਈ ਵਾਲ਼ ਵਿੰਗਾ ਨਹੀਂ ਹੁੰਦਾ।"

"ਵਾਕਫੀ ਇਸ ਤਰ੍ਹਾਂ ਹੀ ਹੁੰਦੀ ਏ ?"

"ਜਦੋਂ ਬੰਦਾ ਕਿਸੇ ਨਾਲ ਨੇੜੇ ਹੋ ਕੇ ਬੈਠੇ ਤੇ ਖੁਆਵੇ ਪਿਆਵੇ । ਆਪੇ ਹੀ ਅਗਲਾ ਜਾਨਣ ਲੱਗ ਪੈਂਦਾ ਏ। ਸਿੱਧੇ ਸੰਬੰਧ ਬਣ ਜਾਂਦੇ ਨੇ। ਜਦੋਂ ਮਰਜੀ ਐ, ਆਵੋ ਤੇ ਜਾਵੋ। ਨਾ ਚੋਰ ਲੱਗੇ ਤੇ ਕੁੱਤਾ ਭੌਂਕੇ।"

" ਮਾਸਟਰ ਜੀ, ਤੁਸੀਂ ਕਾਹਤੋਂ ਇਹ ਸਾਰਾ ਤਾਣਾ ਬਾਣਾ ਬੁਣਦੇ ਓ ?"

"ਅਫ਼ਸਰਾਂ ਨਾਲ ਬਣਾ ਕੇ ਰੱਖੀਦੀਏ। ਜਿੰਨੀਆਂ ਮਰਜੀ ਐ ਫਰਲੋ ਲਈਏ। ਜਿੰਨੇ ਚਾਹੀਏ ਘਰਦੇ ਕੰਮ ਕਰੀਏ। ਕੋਈ ਨਈਂ ਪੁੱਛਦਾ ਤੇ ਨਾ ਈ ਸਕੂਲ ਵੜਦਾ ਏ। ਫਿਰ ਤੁਸੀਂ ਸਿਆਣੇ ਓਂ ਅਫ਼ਸਰ ਦੀ ਸੇਵਾ ਤਾਂ ਕਰਨੀ ਹੀ ਪਊ।"

"ਇਹ ਸੇਵਾ ਮੇਰੇ ਰਾਹੀਂ ਕਰਨੀ ਏਂ ?"

"ਹਾਂ ਆ ਤੇ ਮੌਜਾਂ ਵੀ ਤੁਸੀਂ ਹੀ ਲੈਣੀਆਂ ਨੇ। ਮੌਜਾਂ ਤੁਸੀਂ ਲਵੋਂ ਤੇ ਸੇਵਾ ਮੈਂ ਕਰਾਂ । ਇਹ ਅਸੰਭਵ ਏ।"

"ਤੁਸੀਂ ਅੱਗੇ ਵੀ ਕਿਸੇ ਤੋਂ ਅਫ਼ਸਰਾਂ ਦੀ ਸੇਵਾ ਕਰਵਾਈ ਏ ?"

"ਹਾਂ ਤੇ ਹੋਰ ਕੀ ? ਇਸ ਸੇਵਾ ਬਦਲੇ ਈ ਤਾਂ ਕਈਆ ਨੇ ਬਿਨਾ ਨਿਆਣਾ ਜੰਮਣ ਤੋਂ ਤਿੰਨ ਮਹੀਨੇ ਦੀ ਮੈਂਟਰਨਟੀ ਦੀ ਛੁੱਟੀ ਕੱਟੀ ਏ। ਮੈਡੀਕਲ ਛੁੱਟੀ ਲੈਣ ਤਾਂ ਸਰਵਿਸ ਬੁੱਕ ਤੇ ਨਹੀਂ ਚੜ੍ਹਦੀ। ਮਰਜੀ ਨਾਲ ਲੋਕ ਆਉਂਦੇ ਤੇ ਜਾਂਦੇ ਨੇ। ਨਾ ਕਿਸੇ ਦੀ ਰਿੜਕ ਤੇ ਨਾ ਕਿਸੇ ਦੀ ਝਿੜਕ।"

"ਇਹ ਸਾਰਾ ਕੁਛ ਇੱਕ ਅਧਿਆਪਕ ਲਈ ਠੀਕ ਏ? ਇੱਕ ਅਧਿਆਪਕ ਨੂੰ ਆਪਣਾ ਸਵੈਮਾਣ ਛੱਡ ਕੇ ਇਹ ਸਾਰਾ ਕੁਝ ਕਰਨਾ ਕਰਾਉਣਾ ਚੰਗਾ ਲਗਦਾ ਏ? ਇਹ ਸਭ ਕੁਛ ਇੱਕ ਅਧਿਆਪਕ ਦਾ ਮਿਆਰ ਬਣਾਉਂਦਾ ਏ? ਅਧਿਆਪਕ ਦਾ ਇਹ ਕਿੱਤਾ ਏ ਕਿ ਉਹ ਆਪਣੇ



ਅਫ਼ਸਰ ਦਾ ਚਮਚਾ ਬਣਕੇ ਉਹਦੇ ਲਈ ਸਾਮੀਆਂ ਲੱਭ ਕੇ ਦੇਵੇ ? ਤੁਸੀਂ ਤਾਂ ਚੰਗੇ...।"

ਸਿਮਰਨ ਕਈ ਕੁਝ ਬੋਲ ਗਈ ਸੀ। ਉਹਦੇ ਨਾਲ ਉਹਦੇ ਮੁਖੀ ਨੇ ਜੋ ਕੁਝ ਵੀ ਕੀਤਾ ਸੀ ਤੇ ਕਰ ਰਿਹਾ ਸੀ, ਇਸ ਗੱਲ ਦਾ ਉਹਨੂੰ ਡਾਢਾ ਗੁੱਸਾ ਸੀ। ਉਹਨੇ ਆਮ ਇਹ ਗੱਲ ਸੁਣੀ ਸੀ ਕਿ ਇੱਕ ਸਿੱਖਿਆ ਵਿਭਾਗ ਹੀ ਹੈ, ਜਿਥੇ ਕੋਈ ਤੇ ਕਿਸੇ ਕਿਸਮ ਦੀ ਵੱਢੀ ਖੋਰੀ ਨਹੀਂ ਚੱਲਦੀ। ਇਸ ਵਿਚ ਕੰਮ ਕਰਨ ਵਾਲੇ ਲੋਕ ਸੱਚੇ ਸੁੱਚੇ ਤੇ ਈਮਾਨਦਾਰ ਹੁੰਦੇ ਸਨ। ਪਰ ਉਹਨੇ ਜੋ ਕੁਝ ਪਹਿਲੇ ਦਿਨ ਸੁਣਿਆ ਸੁਣਾਇਆ ਸੀ, ਇਸ ਗੱਲ ਦੀ ਉਹਨੂੰ ਨਾ ਕੋਈ ਆਸ ਸੀ ਤੇ ਨਾ ਹੀ ਉਮੀਦ। ਇਸ ਮਹਿਕਮੇ ਦੇ ਛੋਟੇ ਅਫ਼ਸਰ ਤੇ ਫਿਰ ਉਨ੍ਹਾਂ ਦੇ ਚਮਚੇ ਉਨ੍ਹਾਂ ਲਈ ਮਛਲੀਆਂ ਦੀ ਭਾਲ ਕਰਦੇ ਹਨ, ਸਿਰਫ ਆਪਣੇ ਸੁਆਰਥ ਲਈ। ਉਹਨੂੰ ਬੜਾ ਦੁਖ ਲੱਗਾ ਸੀ। ਇਹਨਾ ਸਾਰੀਆਂ ਗੱਲਾਂ ਦਾ।

ਕਿਸੇ ਨੂੰ ਵਿਦਿਆ ਦੇਣੀ ਤਾਂ ਸਿਆਣਿਆਂ ਨੇ ਕਿਹਾ ਏ ਪੁੰਨ ਦਾ ਕੰਮ ਹੈ। ਕਿਸੇ ਨੂੰ ਹਨੇਰੇ 'ਚੋਂ ਕੱਢ ਕੇ ਚਾਨਣ ਨਾਲ ਜਗ ਮਗਾ ਦੇਣਾ। ਰੁਲਦੇ ਬੰਦੇ ਨੂੰ ਗਿਆਨ ਦਾ ਤਾਜ ਪਹਿਨਾ ਕੇ ਤਖ਼ਤ ਤੇ ਬਿਠਾ ਦੇਣਾ। ਤੇ ਇਹ ਤਾਜ ਪਹਿਨਾ ਕੇ ਤਖ਼ਤ ਬਿਠਾਉਣ ਵਾਲੇ ਲੋਕ ਅਫਸਰਾਂ ਤੋਂ ਨਿੱਜੀ ਕੰਮ ਲੈਣ ਲਈ ਧੀਆਂ ਭੈਣਾ ਵਰਗੀਆਂ ਕੁੜੀਆਂ ਨੂੰ ਨੌਕਰੀ 'ਚ ਆਉਂਦਿਆਂ ਹੀ ਗੁੰਮਰਾਹ ਕਰਨ ਲਈ ਲੱਕ ਬੰਨ੍ਹ ਖੜੋਦੇ ਹਨ। ਕੌਮ ਦੇ ਉਸਰਈਏ ਇਸ ਤਰ੍ਹਾਂ ਵੀ ਕਰਦੇ ਨੇ ? ਸਿਮਰਨ ਨੂੰ ਇਸ ਗੱਲ ਦੀ ਆਸ ਨਹੀਂ ਸੀ। ਉਹਦਾ ਮਨ ਉਚਾਟ ਹੋ ਗਿਆ ਸੀ। ਉਹਨੂੰ ਜਾਪਿਆ ਜਿਵੇਂ ਉਹਦੇ ਮੂੰਹ ਦਾ ਸੁਆਦ ਕੌੜਾ ਹੋ ਗਿਆ ਹੋਵੇ। ਉਹ ਸਾਰਾ ਸੁਣ ਤੇ ਸੋਚ ਕੇ ਡਾਢੀ ਅਵਾਜਾਰ ਹੋ ਗਈ ਸੀ।

ਉਹਦਾ ਮੁਖੀ ਆਪਣੀ ਕੁਰਸੀ ਤੋਂ ਉਠ ਕੇ ਪਰੇ ਤਾਂ ਨਹੀਂ ਸੀ ਗਿਆ, ਪਰ ਉਹਦੇ ਚਿਹਰੇ ਦਾ ਰੰਗ ਪਿਲੱਤਣ 'ਚ ਵਟ ਗਿਆ ਸੀ। ਉਹ ਸਿਮਰਨ ਨਾਲ ਅੱਖਾਂ ਨਹੀਂ ਸੀ ਮਿਲਾ ਸਕਿਆ। ਉਹਨੇ ਮੇਜ਼ ਤੇ ਪਈ ਆਪਣੀ ਐਨਕ ਨੂੰ ਚੁੱਕ ਕੇ ਅੱਖਾਂ ਤੇ ਖੋਪਿਆ ਵਾਂਗ ਲਾ ਲਿਆ ਤੇ ਫਿਰ ਮੇਜ਼ ਤੇ ਪਏ ਕਾਗਜ਼ਾਂ ਪੱਤਰਾਂ ਨੂੰ ਅਕੀ ਪਲਾਂਹੀ ਹੱਥ ਮਾਰ ਕੇ ਫੋਲਣ ਲੱਗ ਪਿਆ ਉਹਨੂੰ ਕਾਗਜ਼ਾਂ ਵਿਚੋਂ ਕੁਝ ਵੀ ਨਹੀਂ ਸੀ ਲੱਭ ਰਿਹਾ। ਅਸਲ ਵਿਚ ਉਹ ਲੱਭ ਹੀ ਕੁਝ ਨਹੀਂ ਸੀ ਰਿਹਾ। ਉਹ ਉਹਨਾਂ ਕਾਗਜ਼ ਵਿਚੋਂ ਕੋਈ ਹੋਰ ਕਾਗਜ਼ ਲੱਭਣ ਦਾ ਐਵੇਂ ਢਕਵੰਜ ਹੀ ਕਰ ਰਿਹਾ ਸੀ । ਉਹ ਉਹਦੀਆਂ ਇਸ ਤਰ੍ਹਾਂ ਦੀਆਂ ਹਰਕਤਾਂ ਨੂੰ ਦੇਖਦੀ ਰਹੀ। ਉਹ ਨਾ ਚਾਹੁੰਦੀ ਹੋਈ ਵੀ ਉਹਦੇ ਅੰਦਰ ਇੱਕ ਖਿਝ ਸੀ। ਕਿੰਨੇ ਅਰਮਾਨ ਲੈ ਕੇ ਉਹਨੇ ਨੌਕਰੀ ਸ਼ੁਰੂ ਕੀਤੀ ਸੀ। ਉਹਨੂੰ ਕਈ ਕੁਝ ਦਾ ਸਾਹਮਣਾ ਕਰਨ ਸਮੇਂ ਵੀ ਐਨੀ ਖਿਝ ਨਹੀਂ ਸੀ ਚੜ੍ਹੀ, ਜਿੰਨੀ ਕਿ ਅੱਜ। ਇਸ ਮੁਖੀ ਨੇ ਉਹਦੇ ਸਾਰੇ ਅਰਮਾਨ ਮਿੱਟੀ, 'ਚ ਮਿਲਾ ਕੇ ਰੱਖ ਦਿੱਤੇ ਸਨ। ਉਹ ਪੂਰਨ ਤੌਰ ਤੇ ਇਸ ਸਮੇਂ ਖਿਝੀ ਹੋਈ ਸੀ। ਉਹਦੀ ਖਿਝ ਨੂੰ ਦੂਰ ਕਰਨ ਲਈ ਉਹਦੇ ਕੋਲ ਘਰਦਾ ਬਾਹਰਲਾ ਕੋਈ ਨਹੀਂ ਸੀ। ਉਹ ਇਕੱਲੀ ਹੀ ਇਸ ਗੱਲ ਦਾ ਸਾਹਮਣਾ ਕਰਦੀ ਸੀ। ਉਹਦੇ ਪਹਿਲੇ ਦਿਨ ਹੀ ਸਕੂਲ ਆਉਣ ਤੇ ਇਸ ਮਹਿਕਮੇ ਦਾ ਮੁਲੰਮਾ ਉੱਤਰ ਗਿਆ ਸੀ। ਉਹ ਇਸ ਹਾਲਤ ਵਿਚ ਹੀ ਸੀ ਕਿ ਉਹਦੀ ਸੋਚ ਨੇ ਕਰਵਟ ਬਦਲੀ, 'ਅੜਿਆ, ਇਨ੍ਹਾਂ ਲੋਕਾਂ ਕਰਕੇ ਸਾਰਾ ਮਹਿਕਮਾ ਹੀ ਤਾਂ ਖਰਾਬ ਨਹੀਂ ਹੋ ਗਿਆ। ਭਲੇ ਲੋਕ ਵੀ ਤਾਂ ਇਸ ਮਹਿਕਮੇ ਵਿਚ ਹੋਣਗੇ, ਜਿੰਨਾ ਦੇ ਕਰਕੇ ਇਸਨੂੰ ਲੋਕ ਈਮਾਨਦਾਰ ਤੇ ਚੰਗੇ ਲੋਕਾਂ ਦਾ ਵਿਭਾਗ ਆਖਦੇ ਹਨ। ਚਲੋ ਦੇਖੋ ਅੱਗੇ ਅੱਗੇ ਹੋਤਾ ਹੈ ਕਿਆ ?' ਉਹਨੇ ਇੱਕ ਲੰਮਾ ਹੌਕਾਂ ਲਿਆ ਤੇ ਆਪਣੀ ਕੁਰਸੀ ਤੋਂ ਉਠ ਕੇ ਬਾਹਰ ਵਲ ਨੂੰ ਚਲੇ ਗਈ।

(ਛਪ ਰਹੇ ਨਵੇਂ ਨਾਵਲ ਦਾ ਇਕ ਕਾਂਡ)

o

ਪਾਕਿਸਤਾਨੀ ਕਹਾਣੀ

# ਬਸ ਇਕ ਖਾਲੀ ਖੁੱਲ੍ਹੀ ਬੰਦ / ਖਾਲਿਦ ਫਰਹਾਦ ਧਾਰੀਵਾਲ

-ਲਿਪੀਅੰਤਰ ਨਰਿੰਦਰਜੀਤ ਸੋਹੀ

ਮੌਲਵੀ ਹੋਰੀਂ ਡੀਗਰ ਦੀ ਨਮਾਜ਼ ਪੜ੍ਹਾ ਕੇ ਹਟੇ ਤਾਂ ਦੋ ਬੰਦੇ ਜ਼ੋਜ਼ਫ ਨੂੰ ਲੈ ਕੇ ਹਾਜ਼ਿਰ ਹੋ ਗਏ। ਮਅਮੂਲ ਤੋਂ ਹਟ ਕੇ ਅਜ ਮਸੀਤ ਦਾ ਵਿਹੜਾ ਬੰਦਿਆ ਨਾਲ ਭਰਿਆ ਹੋਇਆ ਸੀ। ਜ਼ੋਜ਼ਫ ਨੂੰ ਦੇਖ ਕੇ ਉਥੇ ਮੌਜੂਦ ਹਰ ਇਕ ਦਾ ਚਿਹਰਾ ਚਮਕ ਉੱਠਿਆ। ਲੱਗਦਾ ਸੀ ਉਹ ਹੁਣੇ ਨਹਾ ਕੇ ਆਇਆ ਏ ਕਿਉਂ ਜੋ ਉਹਦੇ ਵਾਲਾਂ ਚੋਂ ਪਾਣੀ ਦੇ ਤੁਬਕੇ ਡਿੱਗਦੇ ਪਏ ਸਨ। ਉਹ ਬੈਠ ਗਿਆ ਤਾਂ ਮੌਲਵੀ ਹੋਰਾਂ ਗੱਲ ਛੋਹੀ–

"ਕੀ ਤੂੰ ਵਾਕਅਈ ਇਸਲਾਮ ਕਬੂਲਣਾ ਚਾਹੁੰਦਾ ਏਂ ?"

"ਹਾਂ" ਜ਼ੋਜ਼ਫ ਨੇ ਪੂਰੇ ਇਤਮਾਦ ਨਾਲ ਉੱਤਰ ਦਿੱਤਾ।

"ਤੂੰ ਚੰਗੀ ਤਰ੍ਹਾਂ ਸੋਚ ਵਿਚਾਰ ਲਿਆ ਏ ਨਾ ?"

"ਤੇਰੇ ਐਸ ਜ਼ਜਬੇ ਪਿੱਛੇ ਕੋਈ ਵਕਤੀ ਉਲੇਲ ਤਾਂ ਨਹੀਂ?"

"ਕਿਧਰੇ ਤੂੰ ਕਿਸੇ ਦੇ ਖੌਫ਼ ਹੇਠ ਤਾਂ ਅਜਿਹਾ ਨਹੀਂ ਕਰ ਰਿਹਾ ?"

"ਕੋਈ ਲਾਭ ਤੇ ਨਹੀਂ ਤੈਨੂੰ ਪ੍ਰੇਰਦਾ ਪਿਆ ?"

ਮੌਲਵੀ ਹੋਰਾਂ ਦੇ ਹਰ ਸਵਾਲ ਦਾ ਜਵਾਬ ਜ਼ੋਜ਼ਫ ਜਦੋਂ ਪੂਰੇ ਇਤਮਾਦ ਨਾਲ ਦੇਂਦਾ ਤਾਂ ਉਥੇ ਮੌਜੂਦ ਲੋਕਾਂ ਦੇ ਚਿਹਰੇ ਹੋਰ ਭਖ ਉਠਦੇ। "ਮਜਹਬ ਬਦਲਣ ਪਿੱਛੋਂ ਤੈਨੂੰ ਔਕੜਾਂ ਵੀ ਪੇਸ਼ ਆ ਸਕਦੀਆਂ ਜਰੇਂਗਾ ?"

"ਹਾਂ।"

"ਤੇ ਤੇਰੇ ਬੀਵੀ ਬੱਚੇ ?"

ਤਕਬੀਰ ਦੇ ਨਅਰੇ ਨੇ ਮਸੀਤ 'ਚ ਘੁਮਕਾਰ ਪਾ ਦਿੱਤੀ ਸੀ ਤੇ ਬੀਵੀ ਬੱਚਿਆਂ ਬਾਰੇ ਪੁੱਛਿਆ ਸਵਾਲ ਨਾਅਰੇ ਦੀ ਘੁਮਕਾਰ ਵਿਚ ਅਣ ਸੁਣਿਆ ਰਹਿ ਗਿਆ ਸੀ। ਨਾਲੇ ਉਸਦੀ ਬੀਵੀ ਬਾਲਾਂ ਨੂੰ ਨਾਲ ਲੈ ਕੇ ਆਪਣੇ ਪੇਕੇ ਪਿੰਡ ਗਈ ਹੋਈ ਸੀ। ਪਿੰਡ ਦੀ ਲਾਹਮ ਇਸਾਈਆਂ ਦੇ ਥੋੜੇ ਜਿਹੇ ਘਰ ਸਨ। ਇਸਾਈਆਂ ਦੇ ਐਸ ਮੁਹੱਲੇ ਨੂੰ ਠੱਠੀ ਬੋਲਦੇ ਸਨ ਤੇ ਪੂਰੀ ਠੱਠੀ 'ਚ ਇਕ ਜ਼ੋਜਫ ਈ ਕੰਮ ਦਾ ਬੰਦਾ ਸੀ। ਉਹਦੇ ਨਾਲਦਿਆਂ ਨੂੰ ਕੰਮ ਘੱਟ ਈ ਮਿਲਦਾ ਸੀ। ਇਕ ਦਿਨ ਕਰ ਲਿਆ ਤੇ ਚਾਰ ਦਿਨ ਵਿਹਲੇ ਘਰ ਜ਼ੋਜ਼ਫ ਜਵਾਨੀ ਵੇਲੇ ਤੋਂ ਪੈਲੀ ਵਾਲਿਆ ਦੇ ਸੈਪੀ ਟੁਰਿਆ ਆ ਰਿਹਾ ਸੀ ਤੇ ਅਜੋਕੇ ਸਮੇਂ ਜਦਕਿ ਬਹੁਤੀ ਵਾਹੀ ਬੀਜੀ ਮਸ਼ੀਨੀ ਹੋ ਗਈ ਸੀ ਫੇਰ ਵੀ ਪੈਲੀ ਵਾਲਿਆਂ ਉਸ ਨੂੰ ਜਵਾਬ ਨਹੀਂ ਸੀ ਦਿੱਤਾ। ਦੋਨਾਂ ਧਿਰਾਂ ਦੇ ਮਿਲਵਰਤਣ ਨਾਲ ਜ਼ਿੰਮੀਦਾਰੇ ਦਾ ਕਾਰ ਵਿਹਾਰ ਪਿਆ ਚੰਗਾ ਚਲਦਾ ਸੀ। ਹਰ ਛਿਮਾਈ ਜ਼ੋਜ਼ਫ ਨੂੰ ਐਸ ਕਾਮਗੀਰੀ ਪਿੱਛੋ ਸਾਲ ਭਰ ਦੇ ਖਾਣ ਜੋਗੇ ਦਾਣੇ ਜੁੜ ਜਾਂਦੇ ਸਨ ਤੇ ਉਹ ਐਸੇ ਤੇ ਖੁਸ਼ ਸੀ।

ਉਹ ਸਿਰੜ ਵਾਲਾ ਬੰਦਾ ਸੀ ਤੇ ਧੋਲੇ ਝਾਟੇ ਵੀ ਜਾਨ ਮਾਰਕੇ ਕੰਮ ਕਰਨ ਦਾ ਆਹਰੀ ਤੇ ਉਸ ਦੀ ਘਰਵਾਲੀ ਸਾਵਲ਼ੀ ਜੈਨੀ ਆਪ ਸਾਹ-ਸਤ ਵਾਲੀ ਬੀਬੀ ਸੀ। ਇਕੱਠੇ ਦੋ ਦੋ ਬੋਤਲ ਲਾ ਕੇ ਅਜੇ ਨਹੀਂ ਸੀ ਹੰਭਦੀ। ਚਾਰ ਬਾਲਾਂ ਨਾਲ ਉਹਨਾਂ ਦਾ ਵਿਹੜਾ ਭਰਿਆ ਲਗਦਾ ਸੀ ਦੇਰ ਬਾਅਦ ਜੁੜੀ ਔਲਾਦ ਵਿਚ ਸਭ ਤੋਂ ਵੱਡਾ ਸੈਮੁਏਲ ਅੱਠਾਂ ਸਾਲਾਂ ਦਾ ਸੀ। ਫੇਰ ਸਾਲ-ਸਾਲ ਦੇ ਫਰਕ ਪਿੱਛੋਂ ਡੈਨਏਲ, ਜੇਮਸ ਤੇ ਪਿਤਰਸ ਸਨ।

ਵੇਖਣ ਵਿਚ ਕਦੇ ਵੀ ਜ਼ੋਜ਼ਫ ਕੋਈ ਕਮੀਨ ਨਹੀਂ ਸੀ ਲਗਦਾ। ਸਗੋਂ ਕਈ ਵਾਰ ਫ਼ੀਕੇ ਪੈਲੀ ਵਾਲੇ ਦੇ ਸਾਕਾਂ ਤੋਂ ਆਏ ਬੰਦੇ ਉਸ ਨੂੰ ਚੋਧਰੀ ਨਾਲ ਖੇਤਾਂ 'ਚ ਕੰਮ ਕਰਦੇ ਨੂੰ "ਚੋਧਰੀ ਕੀ ਹਾਲ ਏ ਤੇਰਾ" ਆਖ ਕੇ ਬੁਲਾਉਂਦੇ ਸਨ। ਉਹਨਾਂ ਭਾਵੇਂ ਖੇਤਾਂ 'ਚ ਕੰਮ ਕਰ ਰਿਹਾ ਉਹ ਵੀ ਕੋਈ ਜੱਟ ਜਿਮੀਂਦਾਰ ਈ ਸੀ। ਉਹਦੇ ਬੰਦੇ ਨੂੰ ਜ਼ੋਜ਼ਫ ਤੇ ਫੀਕੇ ਦਾ ਫ਼ਰਕ ਉਦੋਂ ਪਤਾ ਲਗਦਾ ਜਦੋਂ ਭੱਤਾ ਲਿਆਈ ਫੀਕੇ ਦੀ ਘਰ ਵਾਲੀ ਤੋਂ ਹਟ ਕੇ ਬੈਠੇ ਜੋਜ਼ਫ ਨੂੰ ਸਾਲਣ ਰੋਟੀ ਉੱਤੇ ਈ ਰੱਖ ਰੋਟੀ ਉਸਦੇ ਹੱਥ ਫੜਾ ਦੇਂਦੀ ਤੇ ਫੀਕਾ ਲੱਸੀ ਵਾਲੀ ਵਲਟੋਹੀ ਨੂੰ ਮੂੰਹ ਲਾ ਕੇ ਪੀਣ ਮਗਰੋਂ ਬਾਕੀ ਦੀ ਬਚੀ ਹੋਈ ਲੱਸੀ ਜੋਜ਼ਫ ਦੇ ਹੱਥਾਂ ਨੂੰ ਜੋੜ ਕੇ ਬਣਾਏ ਹੋਏ ਪਿਆਲੇ ਵਿਚ ਉਲਟਾ ਦੇਂਦਾ।

ਕਈ ਵਾਰ ਅਜਿਹੇ ਮੌਕੇ ਤੇ ਹਾਸੋ-ਹੀਣਾ ਹੋਇਆ ਜੋਜ਼ਫ ਆਪਣੇ ਵੱਡਿਕਿਆਂ ਦੇ ਹਵਾਲੇ ਨਾਲ ਦੱਸਦਾ ਕਿ ਪਿੱਛੋਂ ਚੌਥੀ ਪੀੜ੍ਹੀ 'ਚ ਉਹ ਵੀ ਮੁਸਲਮਾਨ ਈ ਨੇਂ। ਮੇਰੇ ਪੜਦਾਦੇ ਕੋਲੋਂ ਕੋਈ ਕਤਲ ਹੋ ਗਿਆ ਸੀ ਤੇ ਅੰਗਰੇਜ਼ ਰਾਜ ਵਿਚ ਉਹਨੇ ਫਾਂਸੀ ਤੋਂ ਬਚਣ ਲਈ ਇਸਲਾਮ ਨੂੰ ਤਿਆਗ ਕੇ ਇਸਾਈ ਮਜ਼ਹਬ ਧਾਰਿਆ ਸੀ." ਸਾਫ਼ੇ ਨਾਲ ਲੱਸੀ ਵਾਲੇ ਹੱਥ ਪੂੰਝਦਾ ਹੋਇਆ ਜੋਜ਼ਫ ਗੱਲ ਅੱਗੇ ਟੋਰਦਾ, "ਉਂਜ ਉਹ ਚਾਹੇ ਫਾਹੇ ਲੱਗਣੋਂ ਤਾਂ ਬਚ ਗਿਆ ਪਰ ਆਪਣੀ ਜੱਦੀ ਵਿਰਾਸਤ ਤੋਂ ਹੱਥ ਧੋ ਬੈਠਾ ਤੇ ਉਹਦੇ ਮਜ਼ਹਬ ਤਿਆਗਣ ਦਾ ਲਾਭ ਚੁੱਕਦਿਆਂ ਹੋਇਆਂ ਉਹਨੂੰ ਮਾਲਕੀ ਚੋਂ ਬੇਦਖਲ ਕਰ ਦਿੱਤਾ ਸੀ ਤੇ ਉਸੇ ਸਮੇਂ ਤੋਂ ਅਸੀਂ ਭੋਇੰ ਵਾਲਿਆਂ ਦੇ ਕਾਮਗੀਰ ਲੱਗੇ ਆਂਵਦੇ ਹਾਂ।" ਜ਼ੋਜ਼ਫ ਤੋਂ ਕਈ ਵਾਰ ਸੁਣੀ ਹੋਈ ਐਸ ਗੱਲ ਨੂੰ ਲੋਕਾਂ ਨੇ ਇਕ ਕਥਾ ਕਹਾਣੀ ਤੋਂ ਕਦੇ ਵੱਧ ਨਹੀਂ ਸੀ ਜਾਣਿਆ।

ਪਰ ਇਹ ਗੱਲ ਹੈ ਸੀ ਸੱਚ। ਉਤੋਂ ਵਾਲੀ ਦਾ ਇਸਾਈ ਹੋਇਆ ਜ਼ੋਜ਼ਫ ਦਾ ਪੜਦਾਦਾ ਸਮਾਜਿਕ ਤੋਰ 'ਤੇ ਈਸਾਈ ਹੋਇਆ ਅਜਿਹਾ ਫਸਿਆ ਸੀ ਕਿ ਫੇਰ ਉਸ ਤੋਂ ਨਿਕਲਣ ਈ ਨਹੀਂ ਸੀ ਹੋਇਆ... ਤੇ ਉਹਦੇ ਮਰਨ ਪਿੱਛੋਂ ਉਹਦੀ ਔਲਾਦ ਪੱਕੀ ਈਸਾਈ ਹੋ ਚੁੱਕੀ ਸੀ... ਜੋ ਪੁਸ਼ਤ ਦਰ ਪੁਸ਼ਤ ਵੱਖ ਵੱਖ ਪਿੰਡਾ 'ਚ ਕਿਸੇ ਨਾਂ ਕਿਸੇ ਤੌਰ ਤੇ ਆਪਣੇ ਜੱਦੀ ਪੇਸ਼ੇ ਨਾਲ ਜੁੜੀ ਆ ਰਹੀ ਸੀ। ਜਿਸ ਦੀ ਇਕ ਵੰਨਗੀ ਜ਼ੋਜ਼ਫ ਸੀ। ਏਕਾ ਏਕੀ ਐਸੇ ਜ਼ੋਜ਼ਫ ਦੇ ਮਨ ਵਿਚ ਮੁਸਲਮਾਨ ਬਣਨ ਦੀ ਤਾਂਘ ਉਠ ਖਲੋਈ ਸੀ ਤੇ ਉਹ ਮਸੀਤ ਵਿਚ ਮੌਲਵੀ ਹੋਰਾਂ ਕੋਲ ਬੈਠਾ ਉਹਨਾਂ ਦੇ ਸਵਾਲਾਂ ਦੇ ਜਵਾਬ ਦੇ ਰਿਹਾ ਸੀ। "ਚੰਗੀ ਤਰ੍ਹਾਂ ਸੋਚ ਕੇ ਤੂੰ ਜਿਹੜੇ ਮਜ਼ਹਬ 'ਚ ਆਵਣ ਵਾਲਾ ਹੈ ਐਸ 'ਚੋਂ ਫ਼ੇਰ ਵਾਪਸੀ ਮੁਮਕਿਨ ਨਹੀਂ ਅਤੇ ਕੱਲ ਨੂੰ ਤੇਰੇ ਮਨ ਵਿਚ ਆਏ।"

ਉਹ ਪਹਿਲੇ ਤੋਂ ਇਹ ਸਭ ਸੋਚ ਵਿਚਾਰ ਕੇ ਈ ਮਸੀਤ 'ਚ ਆਇਆ ਹੋਣਾ ਏਂ ਪਰ ਫੇਰ ਵੀ ਮੌਲਵੀ ਹੋਰਾਂ ਆਪਣੇ ਵੱਲੋਂ ਜਦੋਂ ਚੰਗੀ ਤਰ੍ਹਾਂ ਠੋਕ ਵਜਾ ਕੇ ਜ਼ੋਜ਼ਫ ਦੇ ਸ਼ੌਂਕੋ ਮੂਲ ਨਾ ਹਰਨ ਦਾ ਪੱਕ ਕਰ ਲਿਆ ਤਾਂ ਉਹਨਾਂ ਸਾਹਮਣੇ ਮੂੰਹ ਕਬਲਾ ਰੁਖ ਫੇਰ ਦਿੱਤਾ। ਉਹਨੂੰ ਕਬਲਾ ਰੁਖ ਬੈਠ ਵੇਖ ਕੇ ਮਸੀਤ 'ਚ ਮੌਜੂਦ ਲੋਕ ਇਕ ਦਮ ਚੁਪ ਹੋ ਗਏ। ਉਹ ਸਾਰੇ ਹੁਣ ਖ਼ਿਆਲ ਕਰ ਰਹੇ ਸੀ ਕਿ ਕਬਲਾ ਰੁਖ਼ ਜ਼ੋਜ਼ਫ ਦੀਆਂ ਤਾਰਾਂ ਕਿਧਰੇ ਦੂਰ ਕਿਸੇ ਪਵਿੱਤਰ ਧਰਤੀ ਨਾਲ ਜੁੜ ਰਹੀਆਂ ਹੋਣ... ਲੋਕਾਂ ਤੇ ਅਜੀਬ ਜਿਹਾ ਅਸਰ ਹੋ ਰਿਹਾ ਸੀ।

"ਪੜ੍ਹ ਕਲਮਾ!" ਮੌਲਵੀ ਹੋਰਾਂ ਚੁੱਪ ਤੋੜੀ,

"ਲਾ ... ਇਲਾ... ਇੱਲਾ... ਅੱਲਾਹ।" ਉਹ ਸਹਿਜੇ ਸਹਿਜੇ ਇਕ ਇਕ ਲਫ਼ਜ਼ ਪੜ੍ਹਨ ਲੱਗੇ। ਜ਼ੋਜ਼ਫ ਵੀ ਉਹਨਾਂ ਦੇ ਪਿੱਛੇ ਪਿੱਛੇ ਕਲਮਾ ਪੜ੍ਹ ਰਿਹਾ ਸੀ।

"ਲਾ.. ਇਲਾ... ਇੱਲਾ... ਅੱਲਾਹ।"

"ਨਅਰਾ ਤਕਬੀਰ।" ਕਲਮਾ ਮੁਕਾ ਤਾਂ ਉਥੇ ਮੌਜੂਦ ਲੋਕਾਂ 'ਚੋਂ ਕਿਸੇ ਇਕ ਨੇ ਉੱਚੀ ਸਾਰੀ

ਸਦ ਬਲਾਈ। "ਅੱਲਾ ਅਕਬਰ" ਦੀ ਘੁਮਕਾਰ ਵਿਚ ਐਤਕੀਂ ਇਕ ਨਵੀਂ ਆਵਾਜ਼ ਵੀ ਸ਼ਾਮਿਲ ਸੀ। ਜੋਜ਼ਫ ਦੀ ਆਪਣੀ ਅਵਾਜ਼।

"ਮੁਬਾਰਖ !"

"ਮੁਬਾਰਖ !"

ਲੋਕ ਉਸ ਵੱਲ ਉਲਰ ਪਏ ਪਰ ਮੋਲਵੀ ਹੋਰਾ ਉਠ ਖਲੋਤੇ ਲੋਕਾਂ ਨੂੰ ਹੱਥ ਦੇ ਇਸ਼ਾਰੇ ਨਾਲ ਬਿਠਾ ਦਿੱਤਾ। ਕਿਉਂਕਿ ਅਜੇ ਈਮਾਨ ਦੀਆਂ ਸਿਫਤਾਂ ਬਾਕੀ ਸਨ। ਜ਼ੋਜ਼ਫ ਨੇ "ਅਮਨਤ ਬਾਲਿੱਲਾ" ਤੋਂ ਲੈ ਕੇ ਤਸਦੀਕ ਬਾਲਦਲਬ" ਤੱਕ ਮੌਲਵੀ ਹੋਰਾਂ ਦੇ ਪਿੱਛੇ ਪਿੱਛੇ ਪੜ੍ਹਿਆ ਅਤੇ ਪੜ੍ਹਨ ਪਿੱਛੋਂ ਹੁਣ ਉਹ ਪੂਰਾ ਮੁਸਲਮਾਨ ਬਣ ਚੁੱਕਿਆ ਸੀ।

"ਮੁਬਾਰਖ।"

"ਮੁਬਾਰਖ।"

ਲੋਕ ਉਸ ਨੂੰ ਮੁਬਾਰਕ ਬਾਦੀ ਦੇ ਰਹੇ ਸੀ। ਐਸ ਪਿੱਛੋਂ ਮੌਲਵੀ ਹੋਰਾ ਥੋੜ੍ਹਾ ਵਅਜ਼ ਕੀਤਾ ਜੀਹਦੇ ਵਿਚ ਉਹਨਾਂ ਦੱਸਿਆ ਕਿ ਜੋਜ਼ਫ ਹੁਣ ਉਹਨਾਂ ਦਾ ਦੀਨੀ ਭਰਾ ਬਣ ਚੁੱਕਾ ਏ ਤੇ ਉਹ ਰਸਤਾ ਹੁਣ ਦੇ ਰਸਤੇ ਤੋਂ ਕਿਧਰੇ ਵਧ ਕੇ ਏ। ਅਖੀਰ ਤੇ ਉਹਨਾਂ ਤਵਾਰੀਫ 'ਚੋਂ ਇਸਲਾਮੀ ਭਾਈ ਚਾਰੇ ਦੀਆਂ ਕੁਝ ਮਿਸਾਲਾਂ ਵੀ ਦਿੱਤੀਆਂ।

ਉਹ ਲੋਕ ਜਿਹਨਾਂ ਇਕ ਉਮਰ ਜ਼ੋਜ਼ਫ ਨੂੰ ਆਪਣੇ ਨੇੜੇ ਨਹੀਂ ਸੀ ਢੁਕਣ ਦਿੱਤਾ ਹੁਣ ਉਸਨੂੰ ਗਲਵਕੜੀ ਪਾ ਪਾ ਕੇ ਮਿਲਦੇ ਪਏ ਸਨ... ਹਰ ਇਕ ਵਿਚ ਉਸ ਲਈ ਅਪਣੱਤ ਸੀ। ਲੋਕ ਉਸ ਨੂੰ ਆਪਣੇ ਨਾਲ ਮਿਲ ਕੇ ਖਾਣੇ ਦੀ ਦਾਅਵਤ ਦੇ ਰਹੇ ਸਨ। ਉਹੀ ਲੋਕ ਜਿਹਨਾ ਸਦਾ ਉਸ ਨੂੰ ਵਿੱਥ ਤੇ ਰੱਖਿਆ ਸੀ। ਜ਼ੋਜ਼ਫ਼ ਲਈ ਇਹ ਸਭ ਕੁਝ ਨਵਾਂ ਸੀ ਤੇ ਹੈਰਾਨੀ ਭਰਿਆ ਵੀ।

ਜ਼ੋਜ਼ਫ ਦਾ ਹੁਣ ਪਿਛਲੇ ਨਾਂ ਨੂੰ ਆਪਣੇ ਨਾਲ ਚੰਬੋੜੀ ਰੱਖਣਾ ਠੀਕ ਨਹੀਂ ਸੀ ਸੋ ਐਸੇ ਲਈ ਆਖਰ ਤੇ ਉਸਦਾ ਨਾਂ ਵਟਾ ਦੇਣਾ ਜ਼ਰੂਰੀ ਖਿਆਲ ਕੀਤਾ ਗਿਆ। ਮਸੀਤੋਂ ਬਾਹਰ ਨਿਕਲਿਆ ਤਾਂ ਉਹ ਯੂਸਫ਼ ਸੀ। ਜ਼ਜ਼ੋਫ ਅੰਦਰ ਈ ਕਿਧਰੇ ਮਸੀਤ 'ਚ ਤਕਬੀਰ ਦੇ ਨਾਅਰਿਆਂ ਵਿਚ ਦੱਬਿਆ ਗਿਆ ਸੀ।

ਹੁਣ ਕਈ ਲੱਖ ਪੈਗੰਬਰ ਉਸਦੇ ਆਪਣੇ ਸਨ ਤੇ ਲੱਖ ਤੋਂ ਉਤੇ ਆਪਣੇ ਨਬੀ ,"ਦੇ ਅਸਹਾਬ ਤੇ ਅਨੇਕਾਂ ਵਲ਼ੀ ਵੀ ਉਸਦੇ ਆਪਣੇ ਸਨ ਤੇ ਦੁਨੀਆਂ ਦੇ ਗਿਣਤੀ 'ਚ ਨਾ ਆਵਣ ਵਾਲੇ ਲੋਕਾਂ ਨਾਲ ਹੁਣ ਉਸਦਾ ਸੰਗ ਸੀ। "ਕਿਵੇਂ ਤੇ ਕਿਉਂ?" ਐਸ ਦਾ ਉਸ ਨੂੰ ਅਜੇ ਕੋਈ ਬਹੁਤ ਪਤਾ ਨਹੀਂ ਸੀ। ਹਜ਼ਰਤ ਅਲੀ ਹੁਣ ਆਪਣੇ ਸਨ।

ਅਬੂ ਹਨੀਜ਼ ਉਸ ਦੇ ਅਮਾਮ ਸਨ।

ਤੇ ਬਗ਼ਦਾਦ ਵਾਲੇ ਪੀਰ ਵੀ ਹੁਣ ਬਗਾਨੇ ਨਹੀਂ ਸਨ ਰਹੇ।

ਐਸੇ ਤਰ੍ਹਾਂ ਅਜੀਬ ਅਹਿਸਾਸ ਉਸਦੇ ਮਨ ਵਿਚ ਪੈਦਾ ਹੁੰਦੇ ਰਹਿੰਦੇ। ਚੋਹੀਂ ਕੂੰਟੀਂ ਉਸਦੀ ਸਾਂਝ ਹੋ ਗਈ ਸੀ, ਇਕ ਨਵੀਂ ਸਾਂਝ । ਕਦੀ ਕਦੀ ਉਹਨੂੰ ਲੱਗਦਾ ਉਹ ਇਕ ਤੋਂ ਦੂਆ ਏ ਜਿਸ ਦੀਆਂ ਤੰਦਾਂ ਲਹਿੰਦੇ-ਚੜ੍ਹਦੇ ਦੱਖਣ ਪਹਾੜ ਤੀਕ ਫੈਲਦੀਆਂ ਚਲੀਆਂ ਗਈਆਂ ਨੇ। ਇੰਝ ਸੋਚਣਾ ਉਸ ਨੂੰ ਚੰਗਾ ਲੱਗਦਾ ਸੀ ਉਸ ਨੂੰ ਅਨੰਦ ਆਉਂਦਾ ਸੀ ਪਰ ਸੋਚਦਿਆਂ ਹੋਇਆ ਜਦ ਸੋਚ ਦੀ ਸੂਈ ਕਿਸੇ ਕਿਉਂ ਜਾਂ ਕਿਵੇਂ? ਉੱਤੇ ਅਟਕ ਜਾਂਦੀ ਤਾਂ ਉਹ ਸੋਚਣਾ ਛੱਡ ਦਿੰਦਾ।

ਮੋਲਵੀ ਹੋਰਾਂ ਉਸ ਨੂੰ ਕਿਹਾ ਸੀ ਕਿ ਉਹ ਹੁਣ ਇੱਕ ਅਜ਼ੀਮ ਇਸਲਾਮੀ ਵਿਰਸੇ ਦਾ ਮਾਲਕ ਹੈ। ਐਸ ਧਰਤੀ ਦਾ ਹੋਵਣ ਦੇ ਬਾਵਜੂਦ ਉਸ ਦੀਆਂ ਜੜ੍ਹਾਂ ਇਕ ਪਵਿੱਤਰ ਧਰਤੀ ਵਿਚ ਨੇ ਤੇ ਜਦ ਉਹ ਸੋਚਦਾ ਕਿ ਐਥੋਂ ਦੀ ਮਿੱਟੀ ਨੂੰ ਪਰਜੂਹੀ ਮਿੱਟੀ ਨਾਲ ਕੀ ਨਿਸਬਤ ਹੋ ਸਕਦੀ ਏ। ਉਸ ਦੇ ਮਨ



ਦੀਆਂ ਤਾਰਾਂ ਦੁਰਾਡੇ ਕਿਵੇਂ ਜੁੜ ਸਕਦੀਆਂ ਨੇ ਜਦ ਕਿ ਰਾਹ ਵਿਚ ਅਨੇਕਾਂ ਦਰਿਆ ਤੇ ਸਮੁੰਦਰ ਪੈਂਦੇ ਨੇ। ਤਾਂ ਸੋਚ ਦੀ ਸੂਈ ਜੂਹਾਂ ਦੀ ਵਿੱਥ ਤੇ ਅਟਕ ਜਾਂਦੀ ਤੇ ਉਹ ਸੋਚਣਾਂ ਛੱਡ ਦਿੰਦਾ।

ਅਜਿਹਾ ਸੋਚਦੇ ਹੋਏ ਉਹਨੂੰ ਆਪਣੇ ਈਮਾਨ ਦਾ ਰੁਖ ਡੋਲਦਾ ਮਹਿਸੂਸ ਹੁੰਦਾ ਜਿਸ ਦੀਆਂ ਜੜ੍ਹਾਂ ਅਜੇ ਪਤਾਲ 'ਚ ਨਹੀਂ ਸਨ ਖੁਭੀਆਂ।

ਲੋਕਾਂ ਦਾ ਵਰਤਾਰਾ ਉਸ ਲਈ ਹੈਰਾਨੀ ਭਰਿਆ ਸੀ। ਲੋਕ ਉਸ ਨੂੰ ਰਾਹ ਜਾਂਦੇ ਨੂੰ ਆਵਾਜ਼ ਮਾਰਕੇ ਕੋਲ ਬੈਠਾ ਲੈਂਦੇ ਤੇ ਆਪਣੇ ਹੁੱਕੇ ਦੀ ਨੜੀ ਉਸ ਵੱਲ ਘੁਮਾਵੰਦੇ ਹੋਏ ਉਸ ਨੂੰ ਪੀਣ ਲਈ ਪੇਸ਼ ਕਰ ਦਿੰਦੇ। ਕਈ ਇਕ ਉਸ ਦਾ ਹੁੱਕਾ ਲੈ ਕੇ ਉਸਦੇ ਕਸ਼ ਵੀ ਲਾ ਲੈਂਦੇ, ਇਹ ਸਭ ਕੁਝ ਉਸ ਲਈ ਨਵਾਂ ਸੀ ਤੇ ਹੈਰਾਨੀ ਭਰਿਆ ਵੀ। ਇਹ ਸਭ ਕੁਝ ਪਹਿਲੋਂ ਕਿਉਂ ਨਹੀਂ ਸੀ। ਉਹ ਸੋਚਦਾ ਤੇ ਕਲਮਾ ਪੜ੍ਹਨ ਦੇ ਬਾਵਜੂਦ ਐਸ ਵਰਤਾਰੇ ਦੀ ਨੀਂਹ ਬੁਨਿਆਦ ਭੁਲ ਜਾਂਦਾ।

ਆਪਣੇ ਤੇ ਲੋਕਾਂ ਵਿਚਕਾਰ ਮਿਟਦੀ ਵਿੱਥ ਨੂੰ ਵੇਖ ਕੇ ਕਈ ਥਾਵਾਂ ਤੇ ਉਸ ਝਿਜਕ ਮਹਿਸੂਸ ਕੀਤੀ ਸੀ।

"ਇਹ ਵਰਤਾਰਾ ਪਹਿਲੋਂ ਕਿਉਂ ਨਹੀਂ ਸੀ ?" ਉਹ ਘੱਟ ਪੜ੍ਹਿਆ ਲਿਖਿਆ ਬੰਦਾ ਸੋਚਦਾ।

"ਮੇਰਾ ਕੁਝ ਵੀ ਤੇ ਨਹੀਂ ਬਦਲਿਆ।"

"ਉਤੋਂ ਤਾਂ ਕੁਝ ਵੀ ਨਹੀਂ ਨਜਰੇਦਾ ਕਿਸੇ ਦਾ।"

"ਬੰਦਾ ਤਾਂ ਬਸ ਬੰਦਾ ਈ ਹੁੰਦਾ ਏ।"

ਪਰ ਕੁਝ ਬੰਦੇ ਈਸਾਈ ਹੁੰਦੇ ਨੇ ਤੇ ਕੁੱਝ ਮੁਸਲਮਾਨ, ਸਿੱਖ, ਹਿੰਦੂ, ਯਹੂਦੀ। ਉਹ ਬੰਦੇ ਦੀ ਏਸ ਵੰਡ ਨੂੰ ਭੁੱਲ ਜਾਂਦਾ।

ਤੇ ਉਹ ਲੋਕਾਂ ਦੇ ਮਿਲਣ-ਵਰਤਣ ਵਿਹਾਰ ਵਰਤਾਰੇ ਦੀ ਵਜ੍ਹਾ ਜਾਣਨ ਦਾ ਜਤਨ ਕਰਦਾ, ਕਿਧਰੇ ਨਾ ਕਿਧਰੇ ਸੋਚ ਦੀ ਸੂਈ ਅਟਕਾ ਕੇ ਨਵਾਂ ਜਾਣਦਾ ਤੇ ਜੇ ਕੋਈ ਉਹ ਐਸ ਵਰਤਾਰੇ ਪਿੱਛੇ ਲੁਕੀ ਖੁਦਗਰਜ਼ੀ ਜਾਣ ਜਾਂਦਾ ਤਾਂ ਉਹਦੇ ਲਈ ਇਹ ਬੁੱਧ ਦੇ ਨਿਰਵਾਣ ਹਾਸਿਲ ਕਰਨ ਤੋਂ ਘੱਟ ਨਹੀਂ ਸੀ ਪਰ ਜਿਤਨੀ ਖੁਸ਼ੀ ਬੁੱਧ ਨੂੰ ਨਿਰਵਾਨ ਪਿਛੋਂ ਹੋਈ ਸੀ ਐਸ ਤੋਂ ਕਿਧਰੇ ਘਣਾਂ ਦੁੱਖ ਸੀ ਯੂਸਫ਼ ਨੂੰ।

ਠੱਠੀ ਤੋਂ ਬਾਹਰ ਇਕ ਟੋਲਾ ਜਿਤਨਾ ਉਸਦੇ ਨੇੜੇ ਹੁੰਦਾ ਗਿਆ ਸੀ ਠੱਠੀ ਵਿਚ ਦੂਜਾ ਟੋਲਾ ਉਤਨਾ ਈ ਉਸ ਤੋਂ ਦੂਰ। ਠੱਠੀ ਵਾਲਿਆਂ ਆਪਣੇ ਬੰਦਿਆਂ ਤੇ ਉਸ ਨਾਲ, ਬੋਲ-ਚਾਲ ਤੇ ਰੋਕ ਲਾ ਦਿੱਤੀ ਸੀ। ਉਹਨਾਂ ਦਾ ਧਰਮ ਜੋ ਤਿਆਗ ਦਿੱਤਾ ਸੀ। ਯੂਸ਼ਫ਼ ਨਾਲ ਐਸ ਕਰਕੇ ਉਨ੍ਹਾਂ ਨੂੰ ਉਸ ਤੇ ਰੋਸ ਸੀ। ਠੱਠੀ ਵਾਲਿਆਂ ਦਾ ਹੋਰ ਮੁਸਲਮਾਨਾਂ ਨਾਲ ਬੋਲ ਬੁਲਾ ਰਾਹੇ ਸੀ ਪਰ ਯੂਸ਼ਫ਼ ਨਾਲ ਬਿਲਕੁਲ ਨਹੀਂ ਤੇ ਉਹਨਾਂ ਨੂੰ ਦੂਜੇ ਮੁਸਲਮਾਨਾਂ ਨਾਲ ਬੋਲਦਾ ਦੇਖ ਕੇ ਉਹਨਾਂ ਦੇ ਐਸ ਦੋਗਲੇ ਪਣ ਤੇ ਉਸ ਨੂੰ ਦੁੱਖ ਹੁੰਦਾ।

ਯੂਸ਼ਫ਼ ਹੁਣ ਕਦੀ ਕਦਾਏਂ ਈ ਠੱਠੀ 'ਚ ਵੜਦਾ। ਬਹੁਤਾ ਤਾਂ ਪਿੱਪਲੀ ਵਾਲਿਆਂ ਦੀ ਹਵੇਲੀ ਵਿਚ ਈ ਪਿਆ ਰਹਿੰਦਾ। ਕਿ ਕਿਹੜਾ ਘਰ ਵਾਲੀ ਐਥੇ ਸੀ। ਤੇ ਫੇਰ ਇਕ ਦਿਨ ਉਸਦੀ ਘਰਵਾਲੀ ਬਾਲਾਂ ਨੂੰ ਲੈ ਕੇ ਪੇਕੇ ਪਿੰਡੋਂ ਮੁੜ ਆਈ। ਤਿਆਗਣ ਦੀ ਗੱਲ ਉਹਨੂੰ ਉਥੇ ਈ ਪਤਾ ਲੱਗ ਗਈ ਸੀ। ਇਹ ਖਬਰ ਸੁਣ ਕੇ ਉਸਦੇ ਭਰਾ ਨੂੰ ਬੜਾ ਵਟ ਚੜ੍ਹਿਆ ਸੀ। ਇਕ ਵਾਰ ਤਾਂ ਉਹ ਤੁਰਿਆ ਵੀ ਸੀ ਯੂਸ਼ਫ਼ ਦਾ ਮੱਕੂ ਠੱਪਣ, ਪਰ ਉਹ ਸੂਝ-ਬੂਝ ਵਾਲਾ ਮੁੰਡਾ ਸੀ ਸੋ ਵੱਡਿਆ ਨੇ ਸਮਝਾ ਬੁਝਾ ਲਿਆ ਸੀ। ਅਖੇ,

"ਤੂੰ ਪਹਿਲਾ ਬੰਦਾ ਨਹੀਂ ਜਿਸ ਨੂੰ ਏਸ ਪੱਖੋਂ ਗੁੱਸਾ ਆਇਆ ਏ।"

ਖੁਦਾ ਵੰਦ ਯਸੂ ਨੂੰ ਸਲੀਬ ਦੇਣ ਵਾਲੇ ਯਹੂਦੀਆਂ ਦਾ ਅੱਜ ਨਾਂ ਥੇਹ ਮੁੱਕ ਗਿਆ ਹੁੰਦਾ। ਤੇਰੇ

ਤੋਂ ਕਿਧਰੇ ਵੱਧ ਗੁੱਸੇ ਵਾਲੇ ਕਈ ਹੋ ਗੁਜ਼ਰੇ ਨੇ... ਪਰ ਨਹੀਂ ... ਪਰ ਨਹੀਂ ਬੰਦੇ ਮਾਰਿਆਂ ਕਦੇ ਧਰਮ ਨਹੀਂ ਮੁੱਕੇ।"

ਤੇ ਇਹ ਅਖਰੀ ਗੱਲ ਉਸ ਨੂੰ ਟੁੰਬ ਗਈ ਸੀ। ਉਸ ਤਵਾਰੀਖ਼ ਪੜ੍ਹੀ ਹੋਈ ਸੀ ਤੇ ਉਹ ਜਾਣਦਾ ਸੀ ਕਿ, ਹਿੰਦ ਚੋਂ ਬੁੱਧ ਮੱਤ ਨੂੰ ਖਤਮ ਕਰਨ ਦੀ ਕੋਸ਼ਿਸ਼ ਵਿਚ ਏਸ ਦਾ ਪਸਾਰ ਹੋਰ ਮੁਲਕਾ ਵਿਚ ਹੋ ਗਿਆ ਸੀ।

ਜੈਨੀ ਨੂੰ ਟੁਰਨ ਲੱਗਿਆ ਉਸ ਦੇ ਮਾਪਿਆਂ ਕਿਹਾ ਸੀ, "ਤੂੰ ਘਰ ਵਾਲੀ ਏਂ, ਜ਼ੋਜ਼ਫ ਨੂੰ ਸਮਝਾ ਸ਼ਾਇਦ ਪਰਤ ਪਏ, ਨਹੀਂ ਤਾਂ ਜੋ ਫੈਸਲਾ ਉਥੋਂ ਦੀ ਮਿਸ਼ਨਰੀ ਕਰੇ ਉਸ ਤੇ ਅਮਲ ਕਰਨਾ ਹੋਏਗਾ। ਖ਼ਬਰਦਾਰ ! ਉਸ ਦੀਆਂ ਗੱਲਾਂ ਵਿਚ ਨਾ ਆ ਜਾਵੀਂ, ਕਿਧਰੇ। ਉਹ ਤਾਂ ਬੇਗਾਨਾ ਸੀ ਤੂੰ ਤੇ ਖੂਨ ਏਂ ਸਾਡਾ , ਅਸੀਂ ਤੇਰੇ ਬਦਲਨ ਦੀ ਆਸ ਨਹੀਂ ਕਰ ਸਕਦੇ ਜਾਹ ਧੀਏ ਖੁਦਾ ਵੰਦ ਤੇਰਾ ਚੋਪਾਨ ਹੈ।

ਤੇ ਯੂਸਫ਼ ਨੂੰ ਸਮਝਾਵਣ ਦੀ ਕੋਸ਼ਿਸ਼ ਵਿਚ ਉਲਟਾ ਯੂਸ਼ਫ਼ ਉਸ ਨੂੰ ਸਮਝਾਵਨ ਲੱਗ ਪਿਆ ਸੀ।

"ਅਸਲ ਤਾਂ ਬੰਦਿਆਈ ਏ ਤੇ ਸਚਾਈ ਜਿੱਥੋਂ ਵੀ ਲੱਭੇ ਫੜ ਲੈਣੀ ਚਾਹੀਦੀ ਏ, ਕਦੇ ਕਦੇ ਉਹ ਬਹੁਤ ਗੱਲਾਂ ਕਰ ਜਾਂਦਾ।

ਪਰ ਜੈਨੀ ਨੇ ਥੱਕ ਹਾਰ ਕੇ ਮਿਸ਼ਨਰੀ ਨੂੰ ਜਾ ਆਖਿਆ ਸੀ, "ਉਸ ਤੇ ਮੇਰੀ ਕਿਸੇ ਗੱਲ ਦਾ ਕੋਈ ਅਸਰ ਨਹੀਂ ਹੁੰਦਾ।"

ਅੱਜ ਮਿਸ਼ਨਰੀ ਦੇ ਲੋਕ ਉਸਦੇ ਵਿਹੜੇ 'ਚ ਆਏ ਬੈਠੇ ਸਨ। ਜੈਨੀ ਤੇ ਚਾਰੇ ਬੱਚੇ ਵੀ ਮੌਜੂਦ ਸਨ। ਇਹ ਸੱਥ ਬੈਠੀ ਵੇਖ ਦੋ ਚਾਰ ਮੁਸਲਮਾਨ ਯੁਸਫ਼ ਨਾਲ ਵੀ ਆ ਰਲੇ। ਮਿਸ਼ਨਰੀ ਨੇ ਸਾਫ਼ ਆਖ ਸੁਣਾਇਆ ਸੀ ਕਿ ਜੈਨੀ ਉਤੇ ਹੁਣ ਯੂਸਫ਼ ਦਾ ਕੋਈ ਹੱਕ ਨਹੀਂ ਤੇ ਅੱਜ ਤੋਂ ਦੋਨਾਂ ਵਿਚ ਪੱਕਾ ਵਖਰੇਵਾਂ।

ਯੂਸ਼ਫ਼ ਵੱਲ ਚਲੇ ਗਏ ਵੱਡੇ ਬੱਚਿਆ ਸੈਮੁਏਲ ਤੇ ਡੈਨਏਲ ਨੂੰ ਮੁਸਲਮਾਨ ਜਦ ਕਿ ਜੈਨੀ ਕੋਲ ਬੈਠੇ... ਰਹਿ ਗਏ ਦੋ ਨਿੱਕੇ ਬਾਲਾਂ ਨੂੰ ਇਸਾਈ ਮੰਨ ਲਿਆ ਗਿਆ ਜੇ ਠੱਠੀ ਵਿਚ ਜੇਮਸ ਤੇ ਪਿਤਰਸ ਨੂੰ ਪਿਆਰ ਕਰਨ ਵਾਲੇ ਇੱਕ ਤੋਂ ਵੱਧ ਇਕ ਜੀ ਮੌਜੂਦ ਸਨ ਤਾਂ ਠੱਠੀ ਤੋਂ ਬਾਹਰ ਸੈਮੁਏਲ ਤੇ ਡੈਨਏਲ ਲਈ ਮੋਹ ਰੱਖਣ ਵਾਲਿਆਂ ਦੀ ਵੀ ਕੋਈ ਘਾਟ ਨਹੀਂ ਸੀ। ਇਹਨਾਂ ਦੋਹਾਂ ਬਾਲਾਂ ਨੂੰ ਮੌਲਵੀ ਹੋਰੀ ਸ਼ਹਿਰ ਦੇ ਕਿਸੇ ਮਦਰੱਸੇ ਵਿਚ ਛੱਡ ਆਏ ਸੀ ਜਿੱਥੇ ਵਿਸ਼ਵਾਸ਼ ਹੈ ਕਿ ਉਹ ਸੈਮੁਏਲ ਤੇ ਚੈਨੇਲ ਤੋਂ ਇਸਮਾਇਲ ਤੇ ਦਾਨਿਆਲ ਹੋ ਗਏ ਹੋਣਗੇ।

ਇਸਾਈ ਤੇ ਮੁਸਲਮਾਨ ਬੱਚਿਆਂ ਦੀ ਇਹ ਵੰਡ ਤੇ ਵਰਤਾਰਾ ਬਾਲਾਂ ਦੀ ਅਕਲੋਂ ਬਾਹਰੀ ਸੀ। ਬੱਚਿਆਂ ਉੱਤੇ ਤਾਂ ਐਸ ਦਾ ਮਾੜਾ ਅਸਰ ਪਿਆ ਈ ਸੀ ਖੁਦ ਯੂਸ਼ਫ਼ ਉੱਤੇ ਵੀ ਬਹੁਤ ਬੁਰਾ ਅਸਰ ਹੋਇਆ। ਇਕੋਂ ਕੁੱਖੋਂ ਜੰਮੇ ਬਾਲਾਂ ਦੀ ਇਕ ਦੂਜੇ ਲਈ ਮਨਹੂਸ ਹੋਣਾਂ ਜ਼ੋਜ਼ਫ਼ ਨੂੰ ਬੜਾ ਦੁਖਿਆ।

ਯੂਸਫ਼ ਨੇ ਜੈਨੀ ਨੂੰ ਘਰ ਵਾਲਾ ਥਾਂ ਦੇ ਦਿੱਤਾ ਸੀ ਪਰ ਕੁਝ ਦਿਨ ਆਪਣੀ ਭੈਣ ਦੇ ਘਰ ਰਹਿ ਕੇ ਉਹ ਫੇਰ ਵੀ ਪੇਕਿਆ ਨੂੰ ਮੁੜ ਗਈ ਸੀ।

ਯੂਸ਼ਫ਼ ਨੇ ਸੋਚਿਆ ਕੁਝ ਜ਼ਿਆਦਾ ਈ ਕਰ ਦਿੱਤਾ... ਐਸ ਹਿਸਾਬ ਨਾਲ ਸੂਈ ਵੀ ਬਹੁਤਾ ਈ ਅਟਕਮ ਲੱਗ ਪਈ ਸੀ। ਪੈਲੀ ਵਾਲਿਆ ਦੀ ਹਵੇਲੀ 'ਚ ਲੰਮਾ ਪਿਆ ਉਹ ਸੋਚਦਾ ਤੇ ਸੂਈ ਅਟਕ ਜਾਂਦੀ ਤਾਂ ਉਹ ਸੋਚਣਾ ਛੱਡ ਦਿੰਦਾ। ਉਹ ਫੇਰ ਸੋਚਦਾ ਤੇ ਸੂਈ ਫੇਰ ਅਟਕ ਜਾਂਦੀ ਤਾਂ ਉਹ ਸੋਚਣਾਂ ਛੱਡ ਦਿੰਦਾ। ਕੁਝ ਚਿਰ ਪਿੱਛੋਂ ਕਿਸੇ ਦਿਹਾੜੇ ਤੇ ਪਿੰਡ ਆਈ ਜੈਨੀ ਦਾ ਯੂਸ਼ਫ਼ ਨੂੰ ਪਤਾ



ਲੱਗਾ ਤਾਂ ਉਹਨੇ ਜੈਨੀ ਨੂੰ ਕਿਸੇ ਰਾਹੇ ਲੰਬੜਾਂ ਦੀ ਹਵੇਲੀ ਦੇ ਪਿਛਵਾੜੇ ਰਾਤ ਨੂੰ ਸਰੀਂਹ ਦੇ ਰੁੱਖ ਹੇਠ ਮਿਲਣ ਦਾ ਤਰਲਾ ਕੀਤਾ।

ਮਿਥੇ ਵੇਲੇ ਤੋਂ ਪਹਿਲਾਂ ਈ ਉਹ ਸਰੀਂਹ ਦੇ ਰੁੱਖ ਹੇਠ ਆ ਬੈਠਾ। ਵਾ 'ਚ ਘੁਲੀ ਸਰੀਂਹ ਦੇ ਫੁੱਲਾਂ ਦੀ ਮਿੱਠੀ ਮਿੱਠੀ ਖ਼ੁਸ਼ਬੂ ਸਾਹ ਰਾਹੀਂ ਆਪਣੇ ਅੰਦਰ ਭਰਦਾ ਰਿਹਾ ਲੰਮੀ ਉਡੀਕ ਪਿੱਛੋਂ ਉਸ ਆਪਣੇ ਵੱਲ ਇਕ ਪਰਛਾਵਾਂ ਵਧਦਾ ਵੇਖਿਆ ਤਾਂ ਉਹ ਉੱਠ ਖਲੋਤਾ ਉਹ ਜੈਨੀ ਈ ਸੀ ਜੋ ਹੁਣ ਉਸ ਦੇ ਕੋਲ ਆਣ ਖਲੋਤੀ ਸੀ।

ਉਹਨਾਂ ਵਿਚਾਲੇ ਚੁੱਪ ਦਾ ਇਕ ਪਹਾੜ ਖੜਾ ਸੀ। ਹਿਮਾਲੇ ਜਿੱਡਾ ਪਹਾੜ।

"ਜੈਨੀ।" ਚੁੱਪ ਦੇ ਪਹਾੜ ਤੋਂ ਇੱਕ ਪੱਥਰ ਲੁੜ੍ਹਕਿਆ।

"ਹਾਂ।" ਐਸ ਪਹਾੜ ਦੀ ਖੋਹ ਚੋਂ ਆਵਾਜ਼ ਆਈ।

"ਤੂੰ ਮੁੜ ਕਿਉਂ ਨਹੀਂ ਆਵੰਦੀ ?"

"ਤੂੰ ਵੀ ਪਿਛਾਂਹ ਪਰਤ ਆ।"

ਇਕ ਵਾਰ ਫੇਰ ਪਸਰ ਗਈ ਚੁੱਪ ਨੂੰ ਯੂਸ਼ਫ਼ ਦੀ ਆਵਾਜ਼ ਨੇ ਤੋੜਿਆ,

"ਜੈਨੀ !"

"ਹਾਂ!"

"ਯਾਦ ਹੈ ਤੈਨੂੰ ?"

"ਕੀ ?"

ਜਦੋਂ ਫਾਦਰ ਨੇ ਤੇਰੀ ਬਾਂਹ ਮੇਰੇ ਹੱਥ 'ਚ ਫੜਾਉਂਦਿਆ ਕਿਹਾ ਸੀ ਕਿ ਜਿਹੜੇ ਰਿਸ਼ਤੇ 'ਚ ਤੁਸੀਂ ਅੱਜ ਪਹੁੰਚ ਗਏ ਹੋ, ਉਹ ਇਕ ਅਟੁੱਟ ਰਿਸ਼ਤਾ ਹੈ। ਕਿਸੇ ਇਕ ਧਿਰ ਵੱਲੋਂ ਤੋੜਨ ਦੀ ਕੋਸ਼ਿਸ਼ ਦੇ ਬਾਵਜੂਦ ਵੀ, ਤੇ ਜਿਉਂਦੇ ਹੁਣ ਤੁਸੀਂ ਇਕ ਹੋ।"

"ਹਾਂ ਯਾਦ ਹੈ।"

"ਫੇਰ ਅੱਜ ਉਹ ਰਿਸ਼ਤਾ ਕੀ ਹੋਇਆ?"

"ਉਹ ਰਿਸ਼ਤਾ ਜ਼ੋਜ਼ਫ਼ ਤੇ ਜੈਨੀ ਵਿਚਕਾਰ ਸੀ ਤੇ ਤੂੰ ਯੂਸ਼ਫ਼ ਏਂ।"

"ਮੇਰਾ ਕੁਝ ਵੀ ਨਹੀਂ ਬਦਲਿਆ। ਵੇਖ ਮੈਂ ਬੰਦਾ ਹਾਂ, ਜੈਨੀ ਮੇਰੇ ਦਿਲ ਵਿਚ ਅੱਜ ਵੀ ਤੇਰੇ ਲਈ ਉਨਾ ਈ ਮੋਹ ਹੈ ਜਿਤਨਾ ਪਹਿਲਾਂ ਸੀ।"

ਯੂਸ਼ਫ਼ ਨੇ ਅੱਗੇ ਵਧ ਕੇ ਜੈਨੀ ਦਾ ਹੱਥ ਫੜਨਾ ਚਾਹਿਆ ਤਾਂ ਉਸ ਨੇ ਝਟਕ ਦਿੱਤਾ। ਉਹ ਸੱਜੇ ਹੱਥ ਦੀ ਉਂਗਲੀ ਨਾਲ ਸੀਨੇ ਤੇ ਸਲੀਬ ਬਣਾਉਂਦੀ ਹੋਈ ਬੋਲੀ,

"ਮੈਂ ਜ਼ੋਜ਼ਫ ਦੀ ਜਾਨੂ ਹਾਂ ਯੂਸ਼ਫ ਦੀ ਨਹੀਂ।"

ਤੇ ਹਨੇਰੇ 'ਚ ਗੁੰਮ ਹੋ ਗਈ।

ਯੂਸਫ਼ ਧਰਤੀ ਗੱਡਿਆ ਮੁੰਨਾ ਕਿੰਨੀ ਦੇਰ ਅਹਿਲ ਖਲੋਤਾ ਸੋਚਦਾ ਰਿਹਾ। ਸੋਚ ਦੀ ਸੂਈ ਜ਼ੋਜ਼ਫ਼ ਤੇ ਯੂਸ਼ਫ ਵਿਚਾਲੇ ਫ਼ਰਕ ਤੇ ਅਟਕ ਗਈ ਪਰ ਉਹ ਫੇਰ ਵੀ ਸੋਚਦਾ ਰਿਹਾ। ਯੂਸ਼ਫ 'ਚ ਗੁੰਮ ਹੋਏ ਜੋਜ਼ਫ਼ ਨੂੰ ਖੋਜਦਾ ਰਿਹਾ ਖੋਜਦਾ ਰਿਹਾ ਤੇ ਫੇਰ ਐਸ ਖੋਜ ਵਿਚ ਆਪ ਵੀ ਕਿਧਰੇ ਗੁਆਚ ਗਿਆ।

ਪਿੰਡ ਵਾਲਿਆਂ ਵੇਖਿਆ ਉਹ ਪਾਗਲ ਹੋ ਚੁੱਕਿਆ ਸੀ ਹੁਣ ਉਹ ਨਾ ਮੁਸਲਮਾਨ ਸੀ ਨਾ ਈ ਈਸਾਈ। ਠੱਠੀ ਵਿਚ ਤੇ ਠੱਠੀ ਤੋਂ ਬਾਹਰ ਹੁਣ ਉਹ ਦੋਨਾਂ ਧਿਰਾਂ ਨੂੰ ਇਕੋ ਜਿਹਾ ਸੀ ਕਿਉਂਕਿ ਪਾਗਲ ਨਾ ਈਸਾਈ ਹੋਂਦਾ ਏ ਨਾ ਈ ਮੁਸਲਮਾਨ। ਉਹ ਤਾਂ ਪਾਗਲ ਈ ਹੁੰਦਾ ਏ ਬਸ ਇਕ ਖਾਲੀ ਖੁੱਲ੍ਹੀ ਬੰਦ। o

## ਕਹਾਣੀ / ਸ਼ਨਾਖ਼ਤ / ਦਵਿੰਦਰ ਸਿੰਘ ਮਲਹਾਂਸ

ਰਾਤ ਫਿਰ ਮੀਂਹ ਪਿਆ ਸੀ। ਝੱਖੜ ਝੁੱਲਿਆ ਸੀ। ਝੱਖੜ ਦਾ ਝੰਬਿਆ ਸੂਰਜ ਅਜੇ ਨਿਕਲਿਆ ਨਹੀਂ ਸੀ। ਪੁਰੇ ਦੀ ਠੰਡੀ ਹਵਾ ਦਾ ਬੁੱਲਾ ਆਉਂਦਾ ਤਾਂ ਮੇਰੇ ਹੱਡਾਂ ਵਿਚੋਂ ਚੀਸਾਂ ਉੱਠਦੀਆਂ। ਬੁੱਚੜਾਂ ਦੇ ਤਸੀਹਿਆਂ ਨਾਲ ਅੰਗ ਅੰਗ ਭੰਨਿਆ ਪਿਆ ਏ। ਇਹ ਪੁਰੇ ਦੀ ਹਵਾ ਸੱਟ ਖਾਧੇ ਬੰਦੇ ਲਈ ਜ਼ਖ਼ਮਾਂ ਤੇ ਲੂਣ ਵਾਂਗ ਹੁੰਦੀ ਏ। ਮੈਂ ਰਾਜ ਨੂੰ ਆਵਾਜ਼ ਮਾਰਦਾ ਹਾਂ-

"ਰਾਜ, ਮੈਨੂੰ ਸੇਕ ਦੇ ਦੇ।"

ਤਸੀਹੇ ਤਾਂ ਰਾਜ ਨੇ ਵੀ ਘੱਟ ਨਹੀਂ ਝੱਲੇ ਪਰ ਜਵਾਨ ਹੋਣ ਕਰਕੇ ਸਹਿ ਗਿਆ ਹੈ। ਇਹਨੂੰ ਅਜੇ ਵੀ ਪਖਾਨੇ ਵਿੱਚ ਖ਼ੂਨ ਆਉਂਦਾ ਏ।

ਰਾਜਵੰਤ ਚੁੱਲ੍ਹੇ, ਵਿਚੋਂ ਗਰਮ ਇੱਟ ਕੱਢ ਲਿਆਇਆ। ਮੋਟੇ ਜਿਹੇ ਕੱਪੜੇ ਵਿੱਚ ਲਪੇਟ ਕੇ ਸੇਕ ਦੇਣ ਲੱਗਾ। ਮੈਂ ਉਹਦੇ ਹੱਥਾਂ ਦੀ ਹਰਕਤ ਤੋਂ ਮਹਿਸੂਸ ਕਰਦਾ ਹਾਂ ਕਿ ਮੇਰੇ ਸਰੀਰ ਤੇ ਪਏ ਨੀਲੇ ਜ਼ਖ਼ਮਾਂ ਨੂੰ ਦੇਖ ਕੇ ਉਹਦਾ ਜਵਾਨ ਖ਼ੂਨ ਉਬਾਲੇ ਖਾਣ ਲੱਗਾ ਹੈ। ਉਹਨੇ ਕੋਲ ਪਈ ਟੇਪ ਰਿਕਾਰਡ ਦਾ ਬਟਨ ਦੱਬ ਦਿੱਤਾ। ਸ਼ਾਇਦ ਮਨ ਨੂੰ ਕਿਧਰੇ ਹੋਰ ਲਾਉਣਾ ਚਾਹੁੰਦਾ ਸੀ। ਢਾਡੀ ਬੋਲ ਰਿਹਾ ਸੀ, "ਖਾਲਸਾ ਜੀ ਮੈਂ ਸ਼ਨਾਖਤ ਦੱਸ ਰਿਹਾ ਹਾਂ ਸੂਰਬੀਰ ਪੰਜਾਬੀਆਂ ਦੀ, ਜਿਹਨਾਂ ਜਬਰ ਜ਼ੁਲਮ ਵਿਰੁੱਧ ਤਲਵਾਰ ਉਠਾਈ, ਦਇਆ ਪਰਉਪਕਾਰ ਜਿਹਨਾਂ ਦੇ ਖ਼ੂਨ ਵਿੱਚ ਰਚਿਆ ਹੋਇਐ। ਇਹ ਸਰਬੱਤ ਦਾ ਭਲਾ ਮੰਗਣ ਵਾਲੇ ਪੰਜਾਬੀ...।"

"ਬੰਦ ਕਰ... ਕੰਜਰਖਾਨਾ।" ਮੈਂ ਖਿੱਝ ਕੇ ਕਿਹਾ।

ਰਾਜਵੰਤ ਮੇਰੇ ਵੱਲ ਸਿੱਧਾ ਹੀ ਝਾਕਦਾ ਰਿਹਾ, ਸਾਇਦ ਧਾਰਮਿਕ ਵਿਸ਼ੇ ਵਾਲੀ ਕੈਸੇਟ ਨੂੰ ਕੰਜਰਖਾਨਾ ਕਹਿਣ ਕਰਕੇ। ਫਿਰ ਉਹ ਚੁੱਪ ਚਾਪ ਸੇਕ ਦੇਣ ਲੱਗਾ। ਮੈਂ ਅੰਦਰੋਂ ਅੰਦਰੀਂ ਡਰ ਗਿਆ। ਕਿਤੇ ਇਹਦੀ ਚੁੱਪ ਉਹ ਸ਼ਾਂਤੀ ਤਾਂ ਨਹੀਂ ਜਿਹੜੀ ਸਮੁੰਦਰ ਵਿੱਚ ਤੂਫ਼ਾਨ ਆਉਣ ਤੋਂ ਪਹਿਲਾਂ ਹੁੰਦੀ ਹੈ? ਕਿਤੇ ਇਹ ਵੀ ਜਗਤਾਰ ਵਾਂਗ ਹੱਥੋਂ ਤਾਂ ਨਹੀਂ ਨਿਕਲ ਗਿਆ ? ਕਿਤੇ ਉਹ ਰਸਤੇ ਤਾਂ ਨਹੀਂ ਤੁਰ ਪਿਆ ਜਿਹੜਾ ਮੌਤ ਦੇ ਘਰ ਜਾ ਕੇ ਮੁੱਕਦਾ ਏ ?

ਜਗਤਾਰ ਵੀ ਉਹਨੀਂ ਦਿਨੀਂ ਬਹੁਤਾ ਚੁੱਪ ਹੀ ਰਹਿੰਦਾ। ਜਦੋਂ ਬੋਲਦਾ ਤਾਂ ਹੋਰ ਤਰ੍ਹਾਂ ਦੀਆਂ ਗੱਲਾਂ ਕਰਦਾ,

"ਮਾਮਾ , ਅਜੇ ਅਸੀਂ ਗੁਲਾਮ ਹਾਂ, ਤੂੰ ਕਦੇ ਸੁਣਿਐ ਬਈ ਕਿਸੇ ਦੇਸ਼ ਦੀ ਫੌਜ ਆਪਣੇ ਹੀ ਦੇਸ਼ ਦੇ ਲੋਕਾਂ ਤੇ ਟੈਂਕਾ ਤੋਪਾਂ ਨਾਲ ਹਮਲਾ ਕਰੇ। ਸਾਨੂੰ ਵੱਖਰੇ ਘਰ ਲਈ ਲੜਨਾ ਪੈਣਾ ਜਿੱਥੇ ਅਸੀਂ ਆਜ਼ਾਦੀ ਨਾਲ ਰਹਿ ਸਕੀਏ। ਜਿੱਥੇ ਸਾਡੇ ਧਾਰਮਿਕ ਸਥਾਨ, ਇਜਤਾਂ ਮਹਿਫ਼ੂਜ਼ ਹੋਣ।

ਜਗਤਾਰ ਮੇਰੇ ਕੋਲ਼ ਰਹਿ ਕੇ ਹੀ ਵੱਡਾ ਹੋਇਆ ਸੀ। ਮੈਂ ਉਹਦੇ ਮੂੰਹੋਂ ਅਜਿਹੀਆਂ ਗੱਲਾਂ ਸੁਣ ਕੇ ਹੈਰਾਨ ਹੁੰਦਾ, ਡਰ ਜਾਂਦਾ। ਫਿਰ ਉਹ ਕਈ ਕਈ ਦਿਨ ਘਰੋਂ ਗਾਇਬ ਰਹਿਣ ਲੱਗਾ। ਸਾਨੂੰ ਉਹਦੇ ਖਾੜਕੂ ਹੋਣ ਦਾ ਉਦੋਂ ਹੀ ਪਤਾ ਲੱਗਾ ਜਦੋਂ ਪੁਲਸ ਨੇ ਆ ਕੇ ਛਾਪਾ ਮਾਰਿਆ। ਫਿਰ ਉਹਦਾ ਨਾਂ ਅਖ਼ਬਾਰਾਂ ਵਿੱਚ ਛਪਣ ਲੱਗਾ। ਉਹ ਕਦੇ ਕਿਸੇ ਵਾਰਦਾਤ ਦੀ ਜ਼ਿੰਮੇਵਾਰੀ ਲੈਂਦਾ ਤੇ ਕਦੇ ਕਿਸੇ ਦੀ। ਪੁਲਸ ਸਾਨੂੰ ਫੜ ਥਾਣੇ ਲੈ ਜਾਂਦੀ। ਥਾਣੇਦਾਰ ਡਾਂਗਾ ਮਾਰਦਾ ਆਖਦਾ, "ਕੁੜੀ ਦੇ ਯਾਰੋ, ਮੈਂ ਜਗਤਾਰ ਨੂੰ ਥੋੜੇ ਹੱਡਾਂ 'ਚੋਂ ਕੱਢਣਾ।"

ਬਾਹਰ ਗੱਡੀ ਰੁਕਣ ਅਤੇ ਦਰਵਾਜ਼ਾ ਖੜਕਣ ਦੀ ਆਵਾਜ਼ ਸੁਣ ਕੇ ਮੇਰੇ ਸਰੀਰ ਨੂੰ ਕਾਂਬਾ ਜਿਹਾ ਛਿੜਿਆ। ਰਾਜਵੰਤ ਨੇ ਕਾਹਲੀ ਨਾਲ਼ ਟੇਪ ਦੀ ਸੰਘੀ ਨੱਪੀ ਤੇ ਪਿਛਲੀ ਕੰਧ ਟੱਪ ਕੇ ਭੱਜ



ਗਿਆ। ਮੈਂ ਘਬਰਾਈ ਹੋਈ ਬਹੂ ਨੂੰ ਕਿਹਾ,

"ਪੁੱਤ, ਪੌੜੀ ਉਤੋਂ ਦੀ ਗੁਆਂਢੀਆਂ ਦੇ ਘਰ ਚਲੀ ਜਾਹ। ਇਹ ਬੁੱਚੜ ਨੂੰਹਾਂ ਧੀਆਂ ਨੂੰ ਵੀ ਨਹੀਂ ਬਖਸ਼ਦੇ।"

ਜੇਕਰ ਮੈਂ ਭੱਜਣ ਜੋਗਾ ਹੁੰਦਾ ਤਾਂ ਮੈਂ ਵੀ ਭੱਜ ਜਾਂਦਾ ਪਰ ਮੈਂ ਤਾਂ ਤੁਰਨੋਂ ਹੀ ਆਹਰੀ ਹੋਇਆ ਪਿਆ ਹਾਂ। ਮਸਾਂ ਮੰਜੇ ਤੋਂ ਉੱਠਣ ਜੋਗਾ ਹੋਇਆ ਹਾਂ। ਦਿਲ ਚਾਹੁੰਦਾ ਏ ਕਿ ਦਰਵਾਜ਼ਾ ਖੋਲ੍ਹਾਂ ਹੀ ਨਾ। ਪਰ ਉਹਨਾਂ ਨੇ ਕੰਧਾਂ ਟੱਪ ਆਉਣਾ ਹੈ। ਨਾ ਚਾਹੁੰਦਿਆਂ ਦਰਵਾਜ਼ੇ ਵੱਲ ਤੁਰ ਪੈਂਦਾ ਹਾਂ।

ਥਾਣੇ ਅੰਦਰ ਝੱਲੇ ਤਸੀਹਿਆਂ ਦੇ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਆ ਰਹੇ ਨੇ। ਪੁਲਿਸ ਦੀ ਮਾਰ ਬਹੁੜੀਆਂ ਪਾਉਂਦੇ ਲੋਕਾਂ ਦੀਆਂ ਚੀਕਾਂ ਉਂਜ ਦੀਆਂ ਉਂਜ ਮੇਰੇ ਕੰਨਾਂ ਵਿੱਚ ਗੂੰਜ ਰਹੀਆਂ ਨੇ। ਜਦੋਂ ਪੁਲਿਸ ਮੈਨੂੰ ਪਹਿਲੀ ਵਾਰ ਥਾਣੇ ਲੈ ਗਈ ਸੀ ਤਾਂ ਮੈਂ ਡਰਿਆ ਸਹਿਮਿਆ ਬੈਠਾ ਸੀ। ਪ੍ਰਾਹੁਣੇ ਕੁਲਜੀਤ ਸਿਉਂ ਨੂੰ ਪੁੱਛ ਗਿੱਛ ਲਈ ਤਸੀਹਾ ਕੇਂਦਰ ਜਿਸ ਨੂੰ 'ਕਸ਼ਟ ਨਿਵਾਰਨ ਰੂਮ' ਕਹਿੰਦੇ ਸੀ, ਵਿੱਚ ਲੈ ਗਏ। ਉਹਦੀਆ ਚੀਕਾਂ ਸੁਣ ਕੇ ਮੈਨੂੰ ਦੌਰਾ ਪੈਣ ਵਾਲਾ ਹੋ ਗਿਆ ਸੀ। ਉਸ ਤੋਂ ਬਾਅਦ 'ਕਸ਼ਟ ਨਿਵਾਰਨ ਰੂਮ' ਵਿੱਚ ਜਾਣ ਦੀ ਵਾਰੀ ਮੇਰੀ ਸੀ। ਉਹਨਾਂ ਮੈਨੂੰ ਕੁਝ ਨਾ ਕਿਹਾ। ਬਸ ਕਈ ਕਾਗਜ਼ਾਂ 'ਤੇ ਦਸਤਖ਼ਤ ਕਰਵਾਏ ਸੀ। ਮੈਨੂੰ ਕਾਰ ਵਿੱਚ ਬਿਠਾ ਭੈਣ ਦੇ ਸਹੁਰੀਂ ਲੈ ਗਏ। ਉਥੇ ਭੈਣ ਦੇ ਪਿੰਡ ਹੋਰ ਬੰਦਿਆ ਤੋਂ ਦਸਤਖ਼ਤ ਕਰਵਾਏ ਸੀ। ਬਾਅਦ 'ਚ ਪਤਾ ਲੱਗਾ, ਦਿਲ ਦਾ ਮਰੀਜ਼ ਕੁਲਜੀਤ ਸਿਉਂ 'ਕਸ਼ਟ ਨਿਵਾਰਨ ਕਮਰੇ' ਵਿੱਚ ਸਾਰੇ ਕਸ਼ਟਾਂ ਤੋਂ ਨਿਜ਼ਾਤ ਪਾ ਚੁੱਕਾ ਸੀ। ਅਖਬਾਰ ਵਿੱਚ ਕੁਲਜੀਤ ਸਿਉਂ ਦੇ ਮੁਕਾਬਲੇ ਵਿੱਚ ਮਾਰੇ ਜਾਣ ਦੀ ਖਬਰ ਛਪੀ ਸੀ। ਅਗਲੇ ਦਿਨ ਖਾੜਕੂਆ ਨੇ ਥਾਣੇਦਾਰ ਦਾ ਪਰਿਵਾਰ ਸੋਧ ਦਿੱਤਾ ਸੀ। ਪੁਲਿਸ ਦਾ ਕਹਿਰ ਸਾਡੇ ਤੇ ਫਿਰ ਟੁੱਟਿਆ ਸੀ।

ਮੈਂ ਦਰਵਾਜ਼ਾ ਖੋਹਲਿਆ। ਅੱਗੇ ਠਾਣੇਦਾਰ ਸਿਪਾਹੀਆਂ ਨੂੰ ਲਈ ਖੜ੍ਹਾ ਸੀ। ਅੱਜ ਉਹਨੇ ਨਾ ਹੀ ਮੇਰੀ ਦਾੜ੍ਹੀ ਹਲੂਣੀ ਅਤੇ ਨਾ ਹੀ ਥੱਪੜ ਮਾਰਦਿਆਂ ਪੁੱਛਿਆ ਸੀ, "ਜਗਤਾਰ ਨੂੰ ਕਿਥੇ ਲਕੋਇਆ, ਓਏ ਮਾਂ ਦਿਆ ਖਸਮਾਂ ?"

"ਜੀ ਹਜ਼ੂਰ!" ਮੈਂ ਹੱਥ ਜੋੜੇ। ਉਹ ਮੇਰੇ ਸਰੀਰ ਨੂੰ ਵਿਅੰਗਮਈ ਨਜ਼ਰਾਂ ਨਾਲ ਦੇਖ ਰਿਹਾ ਸੀ। ਸ਼ਾਇਦ ਉਹ ਹੈਰਾਨ ਵੀ ਸੀ ਕਿ ਆਹ ਮਾੜਕੂ ਜਿਹਾ ਸਰੀਰ ਉਹਦੀ ਐਨੀ ਮਾਰ ਕਿਵੇਂ ਝੱਲ ਗਿਆ?

"ਬਾਬਾ ਕੱਪੜੇ ਪਾ ਕੇ ਚੱਲ ਸਾਡੇ ਨਾਲ।" ਉਹਦੀ ਆਵਾਜ਼ ਵਿੱਚ ਰੋਹਬ ਨਹੀਂ ਸੀ।

ਮੇਰੇ ਜੋੜੇ ਹੋਏ ਹੱਥ ਕੰਬੇ,"ਗੁਰੂ ਦੀ ਸਹੁੰ ਸਰਦਾਰ ਜੀ, ਮੇਰਾ ਜਗਤਾਰ ਨਾਲ ਹੁਣ ਕੋਈ ਵਾਸਤਾ ਨਹੀਂ... ਮੈਂ ਤਾਂ ਕਹਿੰਨਾ ਉਹ ਕੁੱਤੇ ਨੂੰ ਜਿਥੇ ਦੇਖੋ, ਗੋਲੀ ਮਾਰਦੋ। ਜਦੋਂ ਦਾ ਉਹ ਅੱਤਵਾਦੀ ਬਣਿਆ ਮੇਰੇ ਘਰ ਨੀ ਆਇਆ। ਗੁਰੂ ਦੀ ਸਹੁੰ, ਜੇ ਕਦੇ ਆਊ ਮੈਂ ਥੋਨੂੰ ਖਬਰ ਕਰੂੰ...।"

ਇੰਨੇ ਨੂੰ ਪੁਲਿਸ ਦੀ ਇੱਕ ਹੋਰ ਗੱਡੀ ਗੂੰਜਾਂ ਪਾਉਂਦੀ ਕੋਲ ਆ ਰੁਕੀ। ਉਸ ਵਿੱਚ ਮੇਰੇ ਜਿਹੇ ਕਈ ਸਿੱਧ-ਪੱਧਰੇ ਜਿਹੇ ਬੰਦੇ ਸਿਪਾਹੀਆਂ ਵਿਚਕਾਰ ਬੈਠੇ ਸੀ। ਭੈਣ ਵੀ ਵਿੱਚੇ ਬੈਠੀ ਸੀ ਗੋਡਿਆਂ ਵਿੱਚ ਮੂੰਹ ਦੇਈ। ਗਰਦਨ ਉੱਚੀ ਕਰਕੇ ਤੁਰਨ ਵਾਲੀ ਭੈਣ ਨੂੰ ਇਸ ਤਰ੍ਹਾਂ ਗਰਦਨ ਝੁਕਾਈ ਬੈਠੀ ਦੇਖ ਮੈਨੂੰ ਕਾਂਬਾ ਜਿਹਾ ਛਿੜ ਗਿਆ। ਆਪਣੇ ਆਪ ਨੂੰ ਸੰਭਾਲਦਿਆਂ ਮੈਂ ਕਿਹਾ, "ਸਰਦਾਰ ਜੀ ਭਾਵੇਂ ਇਹਨੂੰ ਪੁੱਛ ਲਵੋ। ਮੈਂ ਇਹਨੂੰ ਕਿਹਾ ਹੋਇਆ ਬਈ ਕੁੜੀਏ ਤੇਰੇ ਲਈ ਅਸੀਂ ਮਰੇ ਹੋਏ ਆਂ ਤੇ ਸਾਡੇ ਲਈ ਤੂੰ। ਜਿਹੜਾ ਰਿਸ਼ਤੇਦਾਰ ਐਕਣ ਨਿੱਤ ਕੁੱਤੇ-ਖਾਣੀ ਕਰਵਾਏ ਉਹਨੂੰ ਕੀ ਰਗੜ ਕੇ ਗੋਡੇ ਤੇ ਲਾਉਣਾ... ਅੱਤਵਾਦੀ ਇਹਦਾ ਮੁੰਡਾ ਬਣਿਆ, ਉਮਰਾਂ ਦੇ ਰੋਗੀ ਅਸੀਂ ਕਰਵਾਤੇ... ਅਖੇ ਨਾਨੀ ਖ਼ਸਮ ਕਰੇ...।"

"ਆਹ ਬੰਨੇ ਤੇਰੇ ਮੂਹਰੇ ਹੱਥ ਸਾਡਾ ਖਹਿੜਾ ਛੱਡ।" ਮੈਂ ਭੈਣ ਨੂੰ ਕਿਹਾ। ਜਿਹੜੀ ਭੈਣ ਰਤਾ

ਕੁ ਉੱਚੀ ਬੋਲਣ ਤੇ ਹੰਝੂ ਕੇਰਨ ਲੱਗ ਪੈਂਦੀ ਸੀ ਉਹ ਇੰਨਾ ਖਰਵਾਂ ਬੋਲਣ ਤੇ ਰੋਈ ਨਹੀਂ ਸੀ। ਜਦੋਂ ਮੈਂ ਕਿਹਾ ਸੀ ਕਿ ਆਹ ਬੰਨੇ, ਤੇਰੇ ਮੂਹਰੇ ਹੱਥ... । ਤਾਂ ਉਹਨੇ ਗੋਡਿਆਂ ਵਿਚੋਂ ਮੂੰਹ ਕੱਢ ਕੇ ਵੇਖਿਆ ਫਿਰ ਉਸੇ ਤਰ੍ਹਾਂ ਸੁੰਗੜ ਕੇ ਬੈਠ ਗਈ ਜਿਵੇਂ ਬੱਚਾ ਕਿਸੇ ਡਰਾਉਣੀ ਸ਼ੈਅ ਤੋਂ ਡਰ ਕੇ ਬੈਠ ਜਾਂਦਾ ਹੈ। ਉਹ ਦੀਆਂ ਅੱਖਾਂ ਵਿੱਚੋਂ ਉਹਦੇ ਅੰਦਰਲਾ ਵਿਰਲਾਪ ਮੈਨੂੰ ਸੁਣ ਗਿਆ ਸੀ।

"ਬਾਬਾ ਬਹੁਤੀ ਮਗਜੌਲੀ ਨਾ ਮਾਰ, ਸਿੱਧਾ ਹੋ ਕੇ ਤੁਰ ਪੈ।" ਇਕ ਸਿਪਾਹੀ ਗੁੱਸੇ ਵਿੱਚ ਬੋਲਿਆ। ਮੈਂ ਹੈਰਾਨ ਸੀ ਕਿ ਇਹਨਾਂ ਨੇ ਅੱਜ ਮੈਨੂੰ ਪਹਿਲਾ ਵਾਂਗ ਗੱਡੀ ਵਿੱਚ ਚੁੱਕ ਕੇ ਕਿਉਂ ਨਹੀਂ ਸੁੱਟਿਆ।

"ਗੁਰੂ ਦੀ ਸਹੁੰ ਸਰਦਾਰ ਜੀ। ਮੈਂ ਸੱਚ ਕਹਿਨਾਂ ਮੇਰਾ ਇਹਨਾਂ ਨਾਲੋਂ ਤੋੜ ਵਿਛੋੜ ਕੀਤਾ ਹੋਇਐ।... ਪਿੱਛੇ ਜਦੋਂ ਪ੍ਰਾਹੁਣਾ ਮਰਿਆ ਸੀ ਮੈਂ ਤਾਂ ਉਹਦੀ ਮਕਾਣ ਵੀ ਨਹੀਂ ਗਿਆ, ਗੁਰੂ ਦੀ ਸਹੁੰ...।" ਝੂਠ ਬੋਲਦਿਆ ਮੇਰੀ ਆਵਾਜ਼ ਹੋਰ ਕੰਬ ਰਹੀ ਸੀ।

ਸਰਪੰਚ ਨੂੰ ਆਉਂਦਿਆ ਵੇਖ ਮੇਰੀ ਜਾਨ ਵਿੱਚ ਜਾਨ ਆ ਗਈ। ਜਰੂਰ ਇਹਨੂੰ ਰਾਜਵੰਤ ਨੇ ਭੇਜਿਆ ਹੋਵੇਗਾ। ਇਹਦੀ 'ਉਪਰ' ਤੱਕ ਜਾਣ ਪਛਾਣ ਏ। ਜਦੋਂ ਪੁਲਿਸ ਸਾਨੂੰ ਫੜ ਲਿਜਾਂਦੀ ਹੈ ਤਾਂ ਇਹੋ ਠਾਣੇਦਾਰ ਨੂੰ ਪੈਸਿਆ ਦੀ ਲੈ ਦੇ ਕਰਕੇ ਸਾਨੂੰ ਛੁਡਵਾਉਂਦਾ ਏ। ਅੱਜ ਫਿਰ ਰੱਬ ਬਣਕੇ ਬਹੁੜਿਆ ਏ। ਸਰਪੰਚ ਨੇ ਠਾਣੇਦਾਰ ਨਾਲ ਹੱਥ ਮਿਲਾਇਆ। ਫਿਰ ਉਹਦਾ ਹੱਥ ਫੜ ਕੇ ਇੱਕ ਪਾਸੇ ਲੈ ਗਿਆ। ਦੋਵੇਂ ਘੁਸਰ-ਮੁਸਰ ਕਰਨ ਲੱਗੇ। ਠਾਣੇਦਾਰ ਹੌਲਦਾਰ ਨੂੰ ਕੋਈ ਹਿਦਾਇਤ ਦੇਣ ਲੱਗਿਆ। ਸਰਪੰਚ ਮੇਰੇ ਕੋਲ ਆ ਕੇ ਕਹਿਣ ਲੱਗਾ, "ਮੇਜਰ, ਰਾਤ ਮੁੰਡੇ ਮਾਰੇ ਗਏ ਮੁਕਾਬਲੇ 'ਚ ਪੁਲਾਂ ਕੋਲ। ਸਰਦਾਰ ਸਾਹਿਬ ਨੂੰ ਸ਼ੁੱਕ ਆ ਕਿਤੇ ਉਹਨਾ 'ਚ ਆਪਣਾ ਜਗਤਾਰ ਨਾ ਹੋਵੇ। ਠਾਣੇ ਚੱਲਣਾ ਸਨਾਖ਼ਤ ਲਈ, ਕੱਪੜੇ ਪਾ ਲਾ ਛੇਤੀ।"

ਫਿਰ ਉਹ ਪੁਲਿਸ ਦੀ ਗੱਡੀ ਵਿੱਚ ਬੈਠੀ ਭੈਣ ਦਾ ਸਿਰ ਪਲੋਸ ਕੇ ਬੋਲਿਆ, "ਵਾਹਿਗੁਰੂ ਭਲੀ ਕਰੂ।" ਭੈਣ ਫੁੱਟ-ਫੁੱਟ ਕੇ ਰੋ ਪਈ। ਗੱਡੀ ਵਿੱਚ ਬੈਠੇ ਪਤਵੰਤੇ ਅੱਖਾਂ ਪੂੰਝਣ ਲੱਗੇ।

ਮੈਂ ਆਪਣੀ ਕੰਬਣੀ 'ਤੇ ਕਾਬੂ ਪਾਉਂਦਿਆ ਠਾਣੇਦਾਰ ਨੂੰ ਸੁਣਾ ਕੇ ਕਿਹਾ, "ਖੁਦਾ 'ਤੇ ਖੁਦੀ ਦਾ ਪੈਰ ਹੁੰਦੈ! ਉਹ ਵੀ ਰੱਬ ਦੇ ਢਿੱਡ 'ਚ ਲੱਤਾਂ ਮਾਰਦਾ ਤੀ...।"

ਤਦੇ ਗੱਡੀ ਵਿਚੋਂ ਭਰੜਾਈ ਜਿਹੀ ਆਵਾਜ਼ ਆਈ, "ਪੁੱਤ ਸ਼ਹੀਦ ਮੇਰਾ ਹੋਇਐ।" ਮੈਨੂੰ ਤੂੰ ਲੈ ਚੱਲਿਐਂ, ਕਾਹਨੂੰ ਕਿਸੇ ਨੂੰ ਤੰਗ ਕਰਦੈਂ...।" ਇਹ ਭੈਣ ਦੀ ਆਵਾਜ਼ ਸੀ। 'ਕਿਸੇ ਨੂੰ' ਸ਼ਬਦ ਬਰਛੀ ਵਾਂਗ ਮੇਰੇ ਦਿਲ ਵਿੱਚ ਖੁੱਭ ਗਿਆ। ਸਰਪੰਚ ਨੇ ਮੈਨੂੰ ਨਾਲ ਨਾ ਲਿਜਾਣ ਲਈ ਠਾਣੇਦਾਰ ਨੂੰ ਮਨਾ ਲਿਆ ਸੀ। ਕਾਗਜ਼ਾਂ ਦਾ ਢਿੱਡ ਭਰਨ ਲਈ ਉਹ ਆਪ ਜਾਣ ਲਈ ਤਿਆਰ ਹੋ ਗਿਆ ਸੀ। 'ਸਰਪੰਚਾ ਭੈਣ ਦਾ ਖਿਆਲ ਰੱਖੀਂ' ਸ਼ਬਦ ਮੇਰੇ ਮਨ ਵਿਚੋਂ ਉਠੇ ਤਾਂ ਸਹੀ ਪਰ ਜ਼ੁਬਾਨ ਤੇ ਨਾ ਆ ਸਕੇ। ਗੱਡੀਆ ਮੋੜ ਮੁੜ ਗਈਆਂ। ਪਿੱਛੋਂ ਉਠਦੀ ਧੂੜ ਮੇਰੇ ਵਜੂਦ ਨੂੰ ਧੁੰਦਲਾ ਕਰ ਗਈ। ਮੇਰੇ ਹੱਥ ਮੇਰੀਆਂ ਵੱਖੀਆਂ ਤੇ ਚਲੇ ਗਏ। ਅੱਖਾਂ ਵਿੱਚ ਇਕੱਠਾ ਹੋਇਆ ਤਰਲਾ ਵਹਿ ਤੁਰਿਆ। ਮੂੰਹ ਵਿਚੋਂ ਭਿਆਨਕ ਜਿਹੀਆਂ ਚੀਕਾਂ ਨਿਕਲਣ ਲੱਗੀ। ਪੁਲਿਸ ਦੇ ਚਲੇ ਜਾਣ ਪਿਛੋਂ ਡਰੇ ਸਹਿਮੇ ਗੁਆਂਢੀ ਮੇਰੀਆਂ ਚੀਖਾਂ ਸੁਣ ਕੇ ਭੱਜ ਕੇ ਮੇਰੇ ਨੇੜੇ ਆ ਖਲੋਤੇ। ਉਹ ਚੁੱਪ ਚਾਪ ਮੇਰੇ ਵੱਲ ਦੇਖ ਰਹੇ ਸਨ। ਮੈਨੂੰ ਜਾਪਿਆ ਜਿਵੇਂ ਮੈਂ ਲਾਸ਼ ਹੋਵਾਂ ਤੇ ਉਹ ਮੇਰੀ ਸ਼ਨਾਖ਼ਤ ਕਰਨ ਆਏ ਹੋਣ।

117, Marthas Haven Green, T. 3. J. 3 X 5 CALGARY CANADA

o



# ਕਹਾਣੀ / ਆਖਰ ਕਦੋਂ ਤੱਕ / ਬਲਕਾਰ ਸਿੰਘ

"ਪੁੱਤ ਰਾਣੋ, ਚੁੱਲ੍ਹੇ ਵਿੱਚ ਅੱਗ ਬਲ ਪਈ ਏ, ਚਾਹ ਧਰ ਕੇ ਮਿੱਠਾ ਪੱਤੀ ਪਾ ਦਿੱਤਾ ਮੈਂ, ਆਹ ਕਾੜਨੇ ਵਿਚੋਂ ਦੁੱਧ ਕੱਢ ਕੇ ਪਾ ਦੇਵੀ।' ਅੰਦਰ ਵੜਦਿਆ ਮਾਂ ਨੇ ਹੁਕਮ ਦਿੱਤਾ।

"ਆਹ ਝਾੜੂ ਬਾਅਦ ਵਿੱਚ ਫੇਰ ਲਵੀਂ, ਪਹਿਲਾ ਚਾਹ ਵੱਲ ਨਿਗ੍ਹਾ ਮਾਰ ਲੈ, ਫੇਰ ਤੈਨੂੰ ਸਕੂਲੇ ਵੀ ਛੱਡਣ ਜਾਣੈ।"

ਮਾਂ ਦੀ ਇਹ ਗੱਲ ਤਾਂ ਜਿਵੇਂ ਮੇਰੇ ਕੰਨ ਹੀ ਚੀਰ ਦਿੰਦੀ ਸੀ, ਅਖੇ "ਸਕੂਲੇ ਛੱਡਣ ਜਾਣੈ।" ਜਿਵੇਂ ਮੈਂ ਕੋਈ ਨਿਆਣੀ ਹੋਵਾਂ ਪਲੱਸ ਟੂ ਵਿੱਚ ਪੜ੍ਹਦੀ ਹਾਂ ਆਪਣਾ ਭਲਾ-ਬੁਰਾ ਹੁਣ ਸੋਚ ਸਕਦੀ ਹਾਂ। ਭਲਾ ਮੈਨੂੰ ਕੋਈ ਖਾ ਤਾਂ ਨ੍ਹੀਂ ਚੱਲਿਆ। ਸੋਚਾਂ ਚੋਂ ਬਾਹਰ ਨਿਕਲ ਕੇ ਮੈਂ ਮਾਂ ਨੂੰ ਕਿਹਾ, "ਅੱਛਾ।"

ਅਜੇ ਗਲਾਸਾਂ ਵਿੱਚ ਚਾਹ ਪਾਈ ਹੀ ਸੀ ਕਿ ਦੂਜਾ ਹੁਕਮ ਆ ਗਿਆ,

"ਬੁੱਤ ਤਿਆਰ ਹੋ ਜਾ, ਸਕੂਲ ਦਾ ਟੈਮ ਹੋ ਗਿਆ।"

ਸਕੂਲ ਦੀ ਵਰਦੀ ਪਾ ਕੇ ਕਮਰੇ 'ਚੋਂ ਬਾਹਰ ਆਉਂਦਿਆਂ ਅੱਗੇ ਖੜ੍ਹੀ ਮਾਂ ਨੂੰ ਤੱਕਿਆ ਤੇ ਉਹੀ ਬੋਲ ਮੇਰੇ ਕੰਨਾਂ ਵਿੱਚ ਗੂੰਜੇ! ਚੱਲ ਪੁੱਤ ਤੈਨੂੰ ਛੱਡ ਆਵਾਂ।

ਆਪਣੇ ਅੰਦਰੋਂ ਉੱਠਦੇ ਇੱਕ ਉਭਾਰ ਨੂੰ ਉੱਥੇ ਹੀ ਦਬਾ ਕੇ ਮਾਂ ਨਾਲ ਚੱਲ ਪੈਂਦੀ ਸਾਂ।

ਬੇੜਾ ਗਰਕ ਹੋਵੇ ਇਹਨਾਂ ਕੰਜਰਾਂ ਦਾ, ਹਰ ਰੋਜ਼ ਇੱਥੇ ਖੜ੍ਹੇ ਰਹਿੰਦੇ ਨੇ ਕੁੜੀਆਂ ਤਾੜਨ ਨੂੰ, ਕੋਈ ਇਹਨਾਂ ਬੇਸ਼ਰਮਾਂ ਨੂੰ ਰੋਕਣ ਵਾਲਾ ਵੀ ਨ੍ਹੀਂ।" ਮੋੜ ਤੇ ਖੜ੍ਹੇ ਮੁੰਡਿਆਂ ਨੂੰ ਦੇਖ ਮਾਂ ਦੇ ਮੂੰਹੋਂ ਆਪ ਮੁਹਾਰੇ ਹੀ ਇਹ ਸ਼ਬਦ ਨਿਕਲ ਜਾਂਦੇ।

ਮਾਂ ਦਾ ਸਕੂਲ ਨੂੰ ਆਉਣ ਤੋਂ ਬਾਅਦ ਵੀ ਸਾਰਾ ਦਿਨ ਸਕੂਲ ਵਿੱਚ ਜੀਅ ਨਾ ਲੱਗਦਾ। ਸਕੂਲੋਂ ਛੁੱਟੀ ਹੋਣ ਤੋਂ ਬਾਅਦ ਸਕੂਲ ਦੇ ਗੇਟ ਤੇ ਖੜ੍ਹੀ ਮਾਂ ਮੈਨੂੰ ਕਿਸੇ ਜਮਦੂਤ ਤੋਂ ਘੱਟ ਨਾ ਜਾਪਦੀ। ਇੰਝ ਲੱਗਦਾ ਜਿਵੇਂ ਇੱਕ ਜੇਲ੍ਹ ਵਿਚੋਂ ਨਿਕਲ ਕੇ ਦੂਜੀ ਜੇਲ੍ਹ ਵਿੱਚ ਜਾ ਰਹੀ ਹੋਵਾਂ। ਪਰ ਮਨ ਵਿੱਚ ਧੁਖਦੀ ਅੱਗ ਦਾ ਧੂੰਆਂ ਵੀ ਮੈਂ ਬਾਹਰ ਨਾ ਨਿਕਲਣ ਦਿੰਦੀ।

ਪਰ ਜਦੋਂ ਵੀ ਉਹਨਾਂ ਮੋੜ ਤੇ ਖੜ੍ਹਿਆਂ ਮੁੰਡਿਆਂ ਨੂੰ ਦੇਖਦੀ ਤਾਂ ਮੇਰੇ ਅੰਦਰੋਂ ਚਿੰਗਾਰੀਆਂ ਫੁੱਟਣ ਲੱਗਦੀਆਂ, ਕਦੇ ਸੋਚਦੀ ਇਹ ਕਿਵੇਂ ਆਪਣੀ ਮਰਜ਼ੀ ਕਰਦੇ ਨੇ, ਕਦੇ ਸੋਚਦੀ ਕੀ ਇਹਨਾਂ ਵਿਚੋਂ ਕੋਈ ਨ੍ਹੀਂ ਜਿਹੜਾ ਮੇਰੀ ਬਾਂਹ ਫੜ ਕੇ ਮੈਨੂੰ ਇਸ ਦਲਦਲ ਵਿਚੋਂ ਖਿੱਚ ਲਵੇ। ਕਦੇ ਮਨ ਘਰੋਂ ਦੌੜਨ ਨੂੰ ਲੋਚਦਾ ਤੇ ਕਦੇ ਆਪਣੀ ਮਰਜੀ ਨਾਲ ਜੀਣ ਨੂੰ ਪਰ ਬਾਪ ਦੀ ਪੱਗੜੀ ਦਾ ਖਿਆਲ ਆਉਂਦਿਆਂ ਹੀ ਦਿਲ ਦੇ ਜ਼ਜਬਾਤ ਦਾੜ੍ਹਾਂ ਥੱਲੇ ਹੀ ਦੱਬੇ ਰਹਿ ਜਾਂਦੇ।

"ਚੱਲ ਪੁੱਤ ਗੁਰਦੁਆਰੇ ਹੋ ਆਈਏ।" ਸ਼ਾਮ ਹੁੰਦਿਆ ਹੀ ਮਾਂ ਨੂੰ ਆਪਣਾ ਨਿੱਤਨੇਮ ਚੇਤੇ ਆ ਜਾਂਦਾ।

ਇਹ ਸੁਣ ਮੇਰਾ ਚਿਹਰਾ ਖਿੜ ਉਠਦਾ, ਘਰੋਂ ਨਿਕਲਣ ਦਾ ਇੱਕ ਹੋਰ ਮੌਕਾ ਮਿਲ ਜਾਂਦਾ। ਬਾਹਰ ਦੀ ਦੁਨੀਆਂ ਤਾਂ ਮੇਰੇ ਲਈ ਜਿਵੇਂ ਇੱਕ ਸੁਪਨਾ ਹੋਵੇ। ਕਦੇ ਗੁਰਦੁਆਰੇ ਜਾ ਅਰਦਾਸਾਂ ਕਰਦੀ, ਪ੍ਰਸ਼ਾਦ ਸੁੱਖਦੀ ਕਿ ਮੈਨੂੰ ਬਚਾਉ ਇਸ ਦਲਦਲ ਚੋਂ। ਕਦੇ-ਕਦੇ ਇਹਨਾਂ ਧਰਮਾਂ ਤੇ ਰੀਤੀ-ਰਿਵਾਜਾ ਨੂੰ ਕੋਸਦੀ।

ਰਾਤ ਹੁੰਦਿਆਂ ਹੀ ਫਿਰ ਉਹੀ ਡਰ ਘੇਰ ਲੈਂਦਾ, ਹੁਣ ਤਾਂ ਰਾਤਾਂ ਨੂੰ ਨੀਂਦ ਵੀ ਘੱਟ ਆਉਂਦੀ ਸੀ। ਸਾਰੀ ਰਾਤ ਅੱਖਾਂ ਛੱਤ ਤੇ ਹੀ ਲੱਗੀਆਂ ਰਹਿੰਦੀਆਂ। ਚਿੱਤ ਕਰਦਾ ਕੋਠੇ ਚੜ੍ਹ ਕੇ ਰੌਲਾ ਪਾਵਾਂ ਆਖਾਂ ਲੋਕੋ ਮੈਨੂੰ ਜੀਣ ਦਿਉ। ਮੈਂ ਕੋਈ ਖਿਡੌਣਾ ਨਹੀਂ ਹਾਂ, ਮੈਂ ਵੀ ਇਨਸਾਨ ਹਾਂ, ਮੈਨੂੰ ਵੀ ਜੀਣ ਦਾ ਹੱਕ ਹੈ। ਜੀ ਕਰਦਾ ਘਰ ਦਾ ਸਾਰਾ ਸਮਾਨ ਤੋੜ ਭੰਨ ਦਿਆ। ਇਹਨਾਂ ਪੁਰਾਣੇ ਰੀਤੀ ਰਿਵਾਜ਼ਾ ਨੂੰ ਛੱਡ ਆਪਣੀ ਮਰਜ਼ੀ ਕਰਾਂ ਪਰ ਫਿਰ ਤੋਂ ਬਾਪ ਦੀ ਪਗੜੀ ਮੇਰੇ ਅਰਮਾਨਾਂ ਤੇ ਭਾਰੀ ਪੈ ਜਾਂਦੀ।

ਹੁਣ ਪਲੱਸ ਟੂ ਪਾਸ ਕਰ ਲਈ ਹੈ, ਸੋਚਿਆ ਹੁਣ ਕਾਲਜ ਜਾਵਾਂਗੀ, ਚਲੋ ਇਸ ਜਮਦੂਤ ਤੋਂ ਤਾਂ ਪਿੱਛਾ ਛੁੱਟੇਗਾ। ਇਹ ਕਿਹੜਾ ਬੱਸ ਵਿੱਚ ਸ਼ਹਿਰ ਤੱਕ ਮੇਰੇ ਨਾਲ ਜਾਇਆ ਕਰੇਗੀ ਅਜੇ ਸੋਚ ਹੀ ਰਹੀ ਸਾਂ

ਕਿ...

"ਤੌਬਾ-ਤੌਬਾ ਕੀ ਜ਼ਮਾਨਾਂ ਆ ਗਿਆ ? ਬੇੜਾ ਗਰਕ ਹੋ ਜਾਵੇ ਇਹਨਾਂ ਦਾ।" ਨਿੰਮੋਂ ਤਾਈ ਮੱਥੇ ਤੇ ਤਿਊੜੀਆ ਪਾਉਂਦੀ ਬੋਲੀ।

"ਕੀ ਹੋਇਆ ? ਨਿੰਮੋ ? ਮਾਂ ਨੇ ਪੁੱਛਿਆ।

"ਬੱਸਾਂ ਵਿੱਚ ਐਨੀ ਭੀੜ ਹੋ ਗਈ ਐ ਕਿ ਪੁੱਛੋ ਨਾ, ਵਿਚਾਰੀਆਂ ਕੁੜੀਆਂ ਨੂੰ ਨਾ ਖੜ੍ਹਨ ਨੂੰ ਜਗਾ ਨਾ ਬੈਠਣ ਨੂੰ ਤੇ ਉਤੋਂ ਬੱਸ ਵਿੱਚ ਚੜੇ ਇਹ ਮੁਸ਼ਟੰਡੇ ! ਤੂੰ ਐਵੀਂ ਕੁੜੀ ਨੂੰ ਕਾਲਜ ਲਾ ਦਿੱਤਾ, ਸਿਆਪਾ ਖਾਨਾ।" ਗੱਲ ਸੁਣਦਿਆਂ ਨਿੰਮੋਂ ਤਾਈ ਨੇ ਮਾਂ ਨੂੰ ਸਲਾਹ ਵੀ ਦੇ ਦਿੱਤੀ।

"ਨਹੀਂ ਨਿੰਮੋਂ ਆਪਾਂ ਤਾਂ ਕੁੜੀ ਪ੍ਰਾਈਵੇਟ ਕਾਲਜ ਲਾਣੀ ਏ, ਬੱਸ ਘਰੋਂ ਹੀ ਲੈ ਜਾਇਆ ਕਰੂੰ ਤੇ ਘਰ ਹੀ ਛੱਡ ਜਾਇਆ ਕਰੂ।"

ਮਾਂ ਦੀ ਇਹ ਗੱਲ ਸੁਣ ਮੇਰੇ ਤਾਂ ਜਿਵੇਂ ਅੱਗ ਲੱਗ ਗਈ। ਸਾਰੇ ਖੁਆਬ ਮਿੱਟੀ ਹੋ ਗਏ ਕੀ ਉਹੀ ਸਭ ਫਿਰ ਤੋਂ...।

ਹੁਣ ਤਾਂ ਪਸ਼ਨਾ ਦੇ ਚਿੰਨ ਮੇਰੇ ਚਿਹਰੇ ਤੇ ਦਿਸਣ ਲੱਗ ਪਏ ਨੇ, ਲਾਲ ਸੂਹਾ ਰੰਗ ਪੀਲਾ ਪੈ ਗਿਆ। ਕਈ ਵਾਰ ਸੋਚਿਆ ਇਹਨਾਂ ਨੂੰ ਰੋਟੀ ਵਿੱਚ ਸਲਫਾਸ ਪਾ ਕੇ ਖਵਾ ਦਿਆਂ ਜਦ ਤੱਕ ਇਹ ਮਰਦੇ ਨ੍ਹੀਂ ਇਹਨਾਂ ਮੇਰਾ ਪਿੱਛਾ ਨ੍ਹੀ ਛੱਡਣਾ।

ਅਜੇ ਕਾਲਜ ਦੀ ਪੜ੍ਹਾਈ ਸ਼ੁਰੂ ਹੀ ਹੋਈ ਸੀ ਕਿ ਛਿੰਦੋਂ ਭੂਆ ਨਵਾਂ ਸਿਆਪਾ ਲੈ ਆਈ।

"ਲਿਆਉ ਬਈ, ਮੂੰਹ ਮਿੱਠਾ ਕਰਵਾਉ।" ਆਉਂਦਿਆਂ ਹੀ ਛਿੰਦੋਂ ਭੂਆ ਨੇ ਕਿਹਾ।

"ਮੂੰਹ ਮਿੱਠਾ ਕਰਵਾਉ, ਉਹ ਕਾਹਦਾ ?" ਹੈਰਾਨ ਹੋਈ ਮਾਂ ਨੇ ਪੁੱਛਿਆ।

"ਤੇਰੀ ਧੀ ਲਈ ਰਿਸ਼ਤਾ ਲੈ ਕੇ ਆਈ ਆ, ਮੁੰਡਾ ਇਟਲੀ 'ਚੋਂ ਆਇਆ ਮੈਂ ਤਾਂ ਗੱਲ ਪੱਕੀ ਕਰ ਆਈ ਆ ਪਰ ਵਿਆਹ ਛੇਤੀ ਦੇਣਾ ਪਊ।"

ਇਟਲੀ ਦਾ ਨਾਂ ਸੁਣ ਮਾਂ ਫੁੱਲੀ ਨਾ ਸਮਾਈ ਪਰ ਮੈਂ...

"ਨਹੀਂ ਮਾਂ ਮੈਂ ਅਜੇ ਵਿਆਹ ਨ੍ਹੀਂ ਕਰਵਾਉਣਾ ਮੈਂ ਅਜੇ ਪੜ੍ਹਨਾ ਐ, ਆਪਦੇ ਪੈਰਾਂ ਤੇ ਖੜੇ ਹੋਣਾ ਐ।" ਇੱਕ ਦੱਬੀ ਜਿਹੀ ਅਵਾਜ਼ ਮੇਰੇ ਮੂੰਹੋਂ ਨਿਕਲੀ।

"ਨ੍ਹੀਂ ਚੁੱਪ ਕਰ , ਤੈਨੂੰ ਨ੍ਹੀਂ ਪਤਾ, ਮੁੰਡਾ ਇਟਲੀ 'ਚੋਂ ਆਇਐ ਤੇ ਇਹਨੇ ਪੜ੍ਹਾਈ ਕਰਨੀ ਐ ਮਾਂ ਨੇ ਝੱਟ ਹੀ ਕਹਿ ਦਿੱਤਾ।

ਇੱਕ ਦਿਨ ਖਿਆਲਾਂ ਦੀ ਲੜੀ ਟੁੱਟੀ ਤੇ ਪਤਾ ਲੱਗਿਆ ਕਿ ਸਹੁਰੇ ਘਰ ਬੈਠੀ ਆ। ਬਾਹਰ ਵਿਆਹ ਦੀ ਖੁਸ਼ੀ ਦਾ ਰੌਲਾ ਪੈ ਰਿਹਾ ਸੀ ਤੇ ਮੇਰੇ ਅੰਦਰ...।

ਰਾਤ ਨੂੰ ਨਸ਼ੇ ਵਿੱਚ ਧੁੱਤ ਮੇਰਾ ਪਤੀ ਆਉਂਦਾ ਮੇਰੇ ਨਾਲ ਜਿਸਮ ਖੋਰੀ ਕਰਦਾ ਤੇ ਸੌਂ ਜਾਂਦਾ। ਹੁਣ ਤਾਂ ਇਹ ਉਸਦਾ ਰੋਜ਼ ਦਾ ਕੰਮ ਹੋ ਗਿਆ।

ਸਾਰਾ ਦਿਨ ਸੱਸ ਸਹੁਰੇ ਦੀ ਸੇਵਾ ਵਿੱਚ ਬੀਤ ਜਾਂਦਾ ਤੇ ਰਾਤ ਨੂੰ ਆਪਣੇ ਆਪ ਨੂੰ ਪਤੀ ਸਾਹਮਣੇ ਪੇਸ਼ ਕਰ ਦਿੰਦੀ ਹਾਂ। ਸੱਸ ਸਹੁਰੇ ਲਈ ਤਾਂ ਸਿਰਫ ਇੱਕ ਨੌਕਰ ਦੇ ਬਰਾਬਰ ਸਾਂ ਤੇ ਪਤੀ ਲਈ ਕੋਈ ਵਰਤਣ ਵਾਲੀ ਚੀਜ਼। ਮੇਰਾ ਆਪਣਾ ਤਾਂ ਜਿਵੇਂ ਕੁਝ ਵੀ ਨਹੀਂ।

ਦੋ ਮਹੀਨੇ ਗੁਜਰ ਗਏ, ਪਤੀ ਦੀ ਛੁੱਟੀ ਖਤਮ ਹੋ ਗਈ, ਉਸਦੇ ਜਾਣ ਤੋਂ ਬਾਅਦ ਸੱਸ ਸਹੁਰੇ ਦੇ ਹਵਾਲੇ ਹਾਂ। ਸਾਰਾ ਦਿਨ ਕੰਮ ਤੋਂ ਵਿਹਲ ਨ੍ਹੀਂ ਮਿਲਦਾ, ਕਦੇ ਸਹੁਰੇ ਦੀਆਂ ਝਿੜਕਾਂ ਕਦੇ ਸੱਸ ਦੇ ਮਿਹਣੇ।

ਜਦ ਵੀ ਕੰਮ ਕਰਦਿਆਂ ਹੱਥਾਂ ਵਿੱਚ ਪਾਈਆਂ ਚੂੜੀਆਂ ਤੇ ਪੈਰਾਂ ਵਿੱਚ ਪਾਈਆਂ ਝਾਂਜ਼ਰਾਂ ਛਣਕਦੀਆਂ ਤਾਂ ਮੈਨੂੰ ਜੇਲ੍ਹ ਦਾ ਅਹਿਸਾਸ ਹੋ ਜਾਂਦਾ।

**ਪਤਾ ਪਿੰਡ ਤੇ ਡਾਕ ਜਮਸ਼ੇਰ ਖਾਸ, ਜਲੰਧਰ-144020**



# ਹਰਜੀਤ ਅਟਵਾਲ ਦਾ ਨਾਵਲ 'ਸਵਾਰੀ' ਪ੍ਰਵਚਨ ਅਤੇ ਵਿਚਾਰਧਾਰਾ

**- ਡਾ. ਜਗਬੀਰ ਸਿੰਘ**

ਹਰਜੀਤ ਅਟਵਾਲ ਪੰਜਾਬੀ ਦੇ ਉਨ੍ਹਾਂ ਪ੍ਰਮੁੱਖ ਗਲਪਕਾਰਾਂ ਵਿਚੋਂ ਹੈ ਜਿਨ੍ਹਾਂ ਨੇ ਪ੍ਰਵਾਸ ਦੇ ਮਸਲਿਆਂ ਅਤੇ ਸਰੋਕਾਰਾਂ ਨੂੰ ਆਪਣੀ ਸਿਰਜਣਾ ਦਾ ਅਧਾਰ ਬਣਾਇਆ ਹੈ। ਉਸਦੇ ਹੁਣ ਤੱਕ ਛੇ ਕਹਾਣੀ ਸੰਗ੍ਰਹਿ (ਸੁੱਕਾ ਪੱਤਾ ਤੇ ਹਵਾ, ਕਾਲਾ ਲਹੂ, ਸੱਪਾਂ ਦਾ ਭਰ ਬਰਤਾਨੀਆਂ, ਖੂਹ ਵਾਲਾ ਘਰ, ਇਕ ਸੱਚ ਮੇਰਾ ਵੀ ਅਤੇ ਨਵੇਂ ਗੀਤ ਦਾ ਮੁੱਖੜਾ ) ਅਤੇ ਤਿੰਨ ਨਾਵਲ (ਵਨ ਵੇਅ, ਰੇਤ ਅਤੇ ਸਵਾਰੀ) ਪ੍ਰਕਾਸ਼ਿਤ ਹੋ ਚੁੱਕੇ ਹਨ ਜਿਨ੍ਹਾਂ ਦੇ ਮਾਧਿਆਮ ਰਾਹੀਂ ਉਸਨੇ ਪ੍ਰਵਾਸੀ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਵਿਚ ਭਰਪੂਰ ਯੋਗਦਾਨ ਦਿੱਤਾ ਹੈ। ਹਰਜੀਤ ਅਟਵਾਲ ਦੀ ਨਵੇਕਲੀ ਬਿਰਤਾਂਤਕ ਪ੍ਰਤਿਭਾ ਦਾ ਪ੍ਰਗਟਾਵਾ ਓਦੋਂ ਸਾਮ੍ਹਣੇ ਆਇਆ ਜਦੋਂ ਉਸਦਾ ਪਹਿਲਾ ਨਾਵਲ 'ਵਨ ਵੇਅ' ਪ੍ਰਕਾਸ਼ਿਤ ਹੋਇਆ। ਭਾਵੇਂ ਇਹ ਨਾਵਲ ਕਿਸੇ ਹੱਦ ਤੱਕ ਦਰਸ਼ਨ ਧੀਰ ਅਤੇ ਸਵਰਨ ਚੰਦਨ ਵਰਗੇ ਸਥਾਪਿਤ ਨਾਵਲਕਾਰਾਂ ਦੀ ਗਲਪ-ਵਿਧੀ ਦਾ ਅਨੁਸਰਣ ਕਰਦਾ ਹੈ ਪਰ ਵਿਸ਼ੇਗਤ ਸਰੋਕਾਰਾਂ ਦੀ ਭਿੰਨਤਾ ਰਾਹੀਂ ਇਹ ਆਪਣੀ ਸਿਰਜਣਾਤਮਕ ਵਿਲੱਖਣਤਾ ਦਾ ਪ੍ਰਮਾਣ ਵੀ ਪੇਸ਼ ਕਰਦਾ ਹੈ। ਸੱਚ ਤਾਂ ਇਹ ਹੈ ਕਿ ਇਹ ਆਦਰਸ਼, ਰੋਮਾਂਸ, ਘਰ-ਵੈਰਾਗ ਜਾਂ ਉਦਰੇਵੇਂ ਦੇ ਮੁੱਢਲੇ ਪੜਾਉ ਨੂੰ ਉਲੰਘ ਕੇ ਪ੍ਰਵਾਸੀ ਜਥਾਰਥ ਦੀ ਜਟਿਲ ਵਾਸਤਵਿਕਤਾ ਨਾਲ ਸੰਵਾਦ ਰਚਾਉਂਦਾ ਹੈ ਅਤੇ ਬਿਰਤਾਂਤ-ਸਿਰਜਣਾ ਦੇ ਨਵੇਂ ਆਯਾਮ ਤਲਾਸ਼ ਕਰਦਾ ਹੈ। ਪ੍ਰਵਾਸੀ ਨਾਵਲ ਦੇ ਸੰਦਰਭ ਵਿਚ ਹਰਜੀਤ ਅਟਵਾਲ ਦੀ ਇਹ ਸਿਰਜਣਾਤਮਕ ਵਿਲੱਖਣਤਾ ਉਸਦੇ ਅਗਲੇਰੇ ਨਾਵਲਾਂ 'ਰੇਤ' ਅਤੇ ਸਵਾਰੀ' ਵਿਚ ਹੋਰ ਵੀ ਵਧੇਰੇ ਉਘੜ ਕੇ ਸਾਮ੍ਹਣੇ ਆਉਂਦੀ ਹੈ।

ਰੋਟੀ ਰੋਜ਼ੀ ਅਤੇ ਸੁਖ ਸਾਧਨਾਂ ਦੀ ਤਲਾਸ਼ ਵਿਚ ਪੰਜਾਬ ਦੀ ਧਰਤੀ ਤੋਂ ਪ੍ਰਵਾਸ ਕਰਕੇ ਬਰਤਾਨੀਆਂ ਵਿਚ ਨਿਵਾਸ ਕਰਨ ਵਾਲੇ ਮੁੱਢਲੇ ਨਾਵਲਕਾਰਾਂ ਨੇ ਪ੍ਰਵਾਸੀਆਂ ਦੇ ਸੰਘਰਸ਼ਮਈ ਜੀਵਨ ਦਾ ਜੋ ਬਿਰਤਾਂਤ ਪੇਸ਼ ਕੀਤਾ ਹੈ ਉਹ ਉਨ੍ਹਾਂ ਦੇ ਵਿਅਕਤੀਗਤ ਜੀਵਨ-ਅਨੁਭਵ ਦੀ ਪ੍ਰਮਾਣਿਕਤਾ ਉੱਪਰ ਆਧਾਰਿਤ ਹੈ। ਇਨ੍ਹਾਂ ਨਾਵਲਕਾਰਾਂ ਨੇ ਪੱਛਮ ਦੇ ਓਪਰੇ ਸਮਾਜ-ਸਭਿਆਚਾਰ ਵਿਚ ਵਿਚਰਦੇ ਪੰਜਾਬੀ ਭਾਈਚਾਰੇ ਦੇ ਹੋਂਦ-ਮੁਖੀ ਸੰਘਰਸ਼ ਅਤੇ ਗੁੰਮ-ਗੁਆਚ ਰਹੀ ਸਭਿਆਚਾਰਕ ਪਛਾਣ ਦੇ ਸੰਕਟ ਨੂੰ ਉਭਾਰਨ ਦਾ ਜਤਨ ਵੀ ਕੀਤਾ ਹੈ ਅਤੇ ਪ੍ਰਵਾਸ ਦੇ ਆਰ ਪਾਰ ਫੈਲੇ ਹੋਏ ਆਰਥਿਕ ਅਤੇ ਸਮਾਜਿਕ ਸੰਦਰਭਾਂ ਨੂੰ ਵੀ ਮੁੱਖ ਰੱਖਿਆ ਹੈ। ਇਹੀ ਕਾਰਣ ਹੈ ਕਿ ਇਨ੍ਹਾਂ ਦਾ ਨਾਵਲੀ ਸੰਸਾਰ ਅੰਤਰ-ਵਿਰੋਧਾਂ ਵਿਚ ਘਿਰੇ ਹੋਏ ਆਵਾਸ ਅਤੇ ਪ੍ਰਵਾਸ ਦਾ ਦਸਤਾਵੇਜ਼ੀ ਬਿਰਤਾਂਤ ਉਸਾਰਨ ਵੱਲ ਰੁਚਿਤ ਹੁੰਦਾ ਹੈ। ਇਨ੍ਹਾਂ ਵਿਚ ਪ੍ਰਵਾਸ ਦੇ ਮੁਢਲੇ ਦੌਰ ਦੀ ਦੁਚਿੱਤੀ ਅਤੇ ਉਦਰੇਵਾਂ ਵੀ ਹੈ ਅਤੇ ਸਥਾਈ ਵਸੇਬੇ ਦੀ ਲੋਚਾ ਵੀ। ਪੰਜਾਬੀ ਵਿਚ ਪ੍ਰਵਾਸੀ ਨਾਵਲ ਦਾ ਪਛਾਨਣ ਯੋਗ ਮੁਹਾਂਦਰਾਂ ਉਲੀਕਣ ਵਿਚ ਇਨ੍ਹਾਂ ਨਾਵਲਕਾਰਾਂ ਦੇ ਯੋਗਦਾਨ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ।

ਹਰਜੀਤ ਅਟਵਾਲ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਸਨੇ ਆਪਣੇ ਨਾਵਲਾਂ ਵਿਚ ਭੂ-ਹੇਰਵੇ ਦੀ ਵਲਗਣ ਵਿਚੋਂ ਨਿਕਲ ਕੇ ਪ੍ਰਵਾਸ ਦੇ ਯਥਾਰਥ ਨੂੰ ਵਧੇਰੇ ਨੀਝ ਨਾਲ ਚਿਤਰਨ ਦਾ ਉਪਰਾਲਾ ਕੀਤਾ ਹੈ। ਇਸਤੋਂ ਇਲਾਵਾ ਉਸਨੇ ਪ੍ਰਵਾਸੀ ਪੰਜਾਬੀ ਭਾਈਚਾਰੇ ਦੇ ਸੰਘਰਸ਼ਸ਼ੀਲ

ਉਪਰਾਲਿਆਂ , ਬਦਲੀਆਂ ਹੋਈਆਂ ਮਨੋ-ਸਮਾਜਿਕ ਸਥਿਤੀਆਂ ਅਤੇ ਅੰਤਰ-ਵਿਰੋਧਾਂ ਨੂੰ ਪੇਸ਼ ਕਰਦਿਆਂ ਬਹੁ-ਸਭਿਆਚਾਰਕ ਬਰਤਾਨਵੀ ਸਮਾਜ ਦੇ ਸਮੱਸਿਆਕਾਰਾਂ ਨੂੰ ਵੀ ਪਿਛੋਕੜ ਵਿਚ ਰੱਖਣ ਦਾ ਜਤਨ ਕੀਤਾ ਹੈ। ਉਸ ਨੇ ਚੇਤ-ਅਚੇਤੀ ਪ੍ਰਵਾਸੀ ਜੀਵਨ-ਅਨੁਭਵ ਅਤੇ ਯਥਾਰਥ ਦੇ ਕੁਝ ਅਜਿਹੇ ਨਵੇਂ ਆਯਾਮਾਂ ਨੂੰ ਉਜਾਗਰ ਕਰਨ ਦਾ ਉਪਰਾਲਾ ਕੀਤਾ ਹੈ ਜੋ ਫ਼ਰੈਡ੍ਰਿਕ ਜੇਮਸਨ ਅਨੁਸਾਰ ਵਿਕਸਿਤ ਪੂੰਜੀਵਾਦੀ ਵਿਵਸਥਾ ਦੇ ਸਭਿਆਚਾਰਕ ਵਿਵੇਕ ਦੀ ਉਪਜ ਹਨ। ਬਰਤਾਨੀ ਸਮਾਜ-ਸਭਿਆਚਾਰ ਦੀ ਅੰਦਰਲੀ ਹਕੀਕਤ ਨੂੰ ਗੰਭੀਰਤਾ ਨਾਲ ਫਰੋਲਣ ਦਾ ਇਸ ਕਿਸਮ ਦਾ ਉਪਰਾਲਾ ਬਹੁਤ ਘੱਟ ਸਾਮ੍ਹਣੇ ਆਇਆ ਹੈ। ਇਸੇ ਗੱਲ ਵਿਚ ਹੀ ਹਰਜੀਤ ਅਟਵਾਲ ਦੀ ਨਾਵਲੀ ਵਿਲੱਖਣਤਾ ਦਾ ਰਹੱਸ ਛੁਪਿਆ ਹੋਇਆ ਹੈ। ਇਹ ਠੀਕ ਹੈ ਕਿ ਪੂਰਬ-ਵਰਤੀ ਪ੍ਰਵਾਸੀ ਨਾਵਲ ਵਿਚ ਇਸ ਹਕੀਕਤ ਨੂੰ ਉੱਕਾ ਹੀ ਨਜ਼ਰ-ਅੰਦਾਜ਼ ਨਹੀਂ ਕੀਤਾ ਗਿਆ ਪਰ ਜਿਸ ਬਾਰੀਕ-ਬੀਨੀ ਅਤੇ ਗਹਿਰਾਈ ਨਾਲ ਹਰਜੀਤ ਅਟਵਾਲ ਇਨ੍ਹਾਂ ਸਰੋਕਾਰਾਂ ਨੂੰ ਸੰਬੋਧਿਤ ਹੁੰਦਾ ਹੈ ਉਹ ਓਸੇ ਦੇ ਹੀ ਹਿੱਸੇ ਆਇਆ ਹੈ। ਇਥੇ ਸਾਡਾ ਮੰਤਵ ਹਰਜੀਤ ਅਟਵਾਲ ਦੀ ਨਾਵਲ-ਨਿਗਾਰੀ ਦਾ ਤੁਲਨਾਤਮਕ ਪਰਿਪੇਖ ਉਸਾਰਨਾ ਨਹੀਂ ਸਗੋਂ ਉਸਦੀ ਸਿਰਜਣਾਤਮਕ ਵਿਲੱਖਣਤਾ ਵਲ ਸੰਕੇਤ ਕਰਨਾ ਹੈ। ਉਂਜ ਤਾਂ ਸਾਹਿਤ ਦੀ ਹਰ ਰਚਨਾ ਤਕਨੀਕ ਜਾਂ ਵਿਚਾਰਧਾਰਾ ਦੇ ਦ੍ਰਿਸ਼ਟੀਕੋਣ ਤੋਂ ਕਿਸੇ ਰੂਪ ਵਿਚ ਵਿਲੱਖਣ ਅਤੇ ਵਿਸ਼ੇਸ਼ ਹੁੰਦੀ ਹੈ। ਹਰ ਰਚਨਾਕਾਰ ਸ਼ਬਦਾਂ ਦੇ ਮਾਧਿਆਮ ਰਾਹੀਂ ਅਰਥਾਂ ਦਾ ਅਜਿਹਾ ਪ੍ਰਬੰਧ ਉਸਾਰਦਾ ਹੈ ਜੋ ਉਸਦੀ ਵਿਸ਼ਵ-ਦ੍ਰਿਸ਼ਟੀ ਅਤੇ ਯਥਾਰਥ-ਬੋਧ ਦੀ ਵਿਲੱਖਅਤਾ ਨੂੰ ਪ੍ਰਮਾਣਿਤ ਕਰਦਾ ਹੈ। ਮਸਲਾ ਸਿਰਫ਼ ਇਸ ਵਿਲੱਖਣਤਾ ਨੂੰ ਪਛਾਨਣ ਜਾਂ ਪਰਿਭਾਸ਼ਿਤ ਕਰਨ ਦਾ ਹੁੰਦਾ ਹੈ ਕਿਉਂਕਿ ਇਸੇ ਵਿਚ ਹੀ ਰਚਨਾਕਾਰ ਦੇ ਸਿਰਜਿਤ-ਸੰਸਾਰ ਦੀ ਅਰਥ-ਸਾਰਥਕਤਾ ਦਾ ਰਹੱਸ ਛੁਪਿਆ ਹੁੰਦਾ ਹੈ।

'ਵਨ ਵੇਅ' ਅਤੇ 'ਰੇਤ' ਤੋਂ ਬਾਅਦ ਹਰਜੀਤ ਅਟਵਾਲ ਦਾ ਨਵਾਂ ਨਾਵਲ 'ਸਵਾਰੀ' ਸਾਮ੍ਹਣੇ ਆਇਆ ਹੈ। ਇਸ ਨਾਵਲ ਦਾ ਵੀ ਪੰਜਾਬੀ ਪਾਠਕ-ਵਰਗ ਨੇ ਓਸੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਹੈ। ਗਲਪ-ਵਿਧੀ ਅਤੇ ਵਿਸ਼ੈ-ਸੰਗਠਨ ਦੀ ਦ੍ਰਿਸ਼ਟੀ ਤੋਂ ਇਹ ਨਾਵਲ ਉਸਦੀਆਂ ਸਿਰਜਣਾਤਮਕ ਸੰਭਾਵਨਾਵਾਂ ਨੂੰ ਹੋਰ ਵਧੇਰੇ ਉਜਾਗਰ ਕਰਦਾ ਹੈ। ਡਾ. ਗੁਰਪਾਲ ਸਿੰਘ ਸੰਧੂ ਦੇ ਸ਼ਬਦਾਂ ਵਿਚ, "ਇਹ ਨਾਵਲ ਇਕ ਪਾਸੇ ਤਾਂ ਸਮਕਾਲੀ ਬਹੁ-ਸਭਿਆਚਾਰਕ ਪੱਛਮੀ ਸਮਾਜ ਵਿਚ ਪੱਕੀ ਤਰ੍ਹਾਂ ਵਸਣ ਤੋਂ ਬਾਦ ਪੈਦਾ ਹੋਏ ਪ੍ਰਵਾਸੀਆਂ ਦੇ ਮਨੋ-ਸੰਦਰਭਾਂ ਦੇ ਹਵਾਲੇ ਨਾਲ ਸਮਕਾਲੀ ਪੰਜਾਬੀ ਨਾਵਲਕਾਰੀ ਵਿਚ ਉੱਭਰ ਰਹੇ ਨਵੇਂ ਬਿਰਤਾਂਤਕ ਬਿੰਬ -ਵਿਧਾਨ ਦੀ ਵੀ ਉਸਾਰੀ ਕਰਦਾ ਹੈ।" [1] ਇਹ ਪ੍ਰਵਾਸੀ ਪੰਜਾਬੀ ਭਾਈਚਾਰੇ ਦੇ ਹੋਂਦ-ਮੁੱਖੀ ਸਰੋਕਾਰਾਂ ਅਤੇ ਖਪਤ-ਸੱਭਿਆਚਾਰ ਤੋਂ ਪ੍ਰਭਾਵਿਤ ਹੋ ਰਹੇ ਮਾਨਵੀ ਰਿਸ਼ਤਿਆਂ ਦੇ ਸੱਚ ਨੂੰ ਵੀ ਫ਼ਰੋਲਦਾ ਹੈ ਅਤੇ ਬਰਤਾਨਵੀ ਸਮਾਜ-ਸੱਭਿਆਚਾਰ ਦੀ ਵਰਤਮਾਨ ਹਕੀਕਤ ਦਾ ਹੋਰ ਵਧੇਰੇ ਬਾਰੀਕੀ ਨਾਲ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਹਥਲੇ ਪਰਚੇ ਵਿਚ ਅਸੀਂ ਹਰਜੀਤ ਅਟਵਾਲ ਦੇ ਇਸ ਨਾਵਲ ਨੂੰ ਬਿਰਤਾਂਤਕ ਪ੍ਰਵਚਨ ਅਤੇ ਵਿਚਾਰਧਾਰਾ ਦੇ ਹਵਾਲੇ ਨਾਲ ਵਾਚਣ ਦਾ ਉਪਰਾਲਾ ਕੀਤਾ ਹੈ। ਸਾਡਾ ਮੁੱਖ ਮੰਤਵ ਇਸ ਨਾਵਲ ਦੇ ਸਿਰਜਿਤ ਪ੍ਰਵਚਨ ਰਾਹੀਂ ਮੂਰਤੀਮਾਨ ਹੋਣ ਵਾਲੀ ਅਰਥਾਂ ਦੀ ਉਸ ਖੇਡ ਨੂੰ ਉਜਾਗਰ ਕਰਨਾ ਹੈ ਜਿਸਦੇ ਮਾਧਿਅਮ ਇਹ ਆਪਣੇ ਵੇਲੇ ਦੀ ਹਕੀਕਤ ਨਾਲ ਸੰਵਾਦ ਰਚਾਉਂਦਾ ਹੈ।

ਆਮ ਤੌਰ ਤੇ ਅਸੀਂ ਸਿਰਲੇਖ ਦੀ ਕੰਨੀਂ ਫੜ ਕੇ ਹੀ ਕਿਸੇ ਟੈਕਸਟ ਵਿਚ ਪ੍ਰਵੇਸ਼ ਕਰਦੇ ਹਾਂ। ਇਸ ਲਈ ਸਭ ਤੋਂ ਪਹਿਲਾਂ ਇਸ ਨਾਵਲ ਦਾ ਸਿਰਲੇਖ ਸਾਡਾ ਧਿਆਨ ਖਿੱਚਦਾ ਹੈ। ਵਿਹਾਰਕ ਵਰਤੋਂ ਵਿਚ 'ਸਵਾਰੀ' ਸਫ਼ਰ ਦੇ ਵਸੀਲਾ ਜਾਂ ਵਾਹਨ ਦਾ ਅਰਥ ਦਿੰਦਾ ਹੈ, ਜਿਵੇਂ ਸਵਾਰੀ ਕਰਨਾ,



ਸਵਾਰ ਹੋਣਾ, ਸਵਾਰੀ ਬਣਨਾ ਆਦਿ। ਪ੍ਰਤੀਕਾਤਮਕ ਤੌਰ 'ਤੇ ਇਹ ਸ਼ਬਦ ਮਾਧਿਆਮ ਬਣਨ ਜਾਂ ਹਾਵੀ ਹੋਣ ਦਾ ਲਖਾਇਕ ਵੀ ਹੈ। ਦਿਲਚਸਪ ਗੱਲ ਇਹ ਹੈ ਕਿ ਨਾਵਲ ਦੀ ਸਮੁੱਚੀ ਟੈਕਸਟ ਵਿਚ ਇਹ ਸ਼ਬਦ ਕਿਧਰੇ ਵੀ ਹਾਜ਼ਰ ਨਹੀਂ ਸਗੋਂ ਇਸਦੀ ਗ਼ੈਰਹਾਜ਼ਰੀ ਸਾਡੇ ਲਈ ਇਕ ਅੜਾਉਣੀ ਬਣ ਜਾਂਦੀ ਹੈ। ਪਰ ਜਦੋਂ ਅਸੀਂ ਇਸਦੇ ਬਿਰਤਾਂਤਕ ਵੇਰਵਿਆਂ, ਇਸਦੀਆਂ ਘਟਨਾਵਾਂ ਅਤੇ ਸਥਿਤੀਆਂ ਨੂੰ ਗਹੁ ਨਾਲ ਵਾਚਦੇ ਹਾਂ ਤਾਂ ਪਤਾ ਚਲਦਾ ਹੈ ਕਿ ਇਹ ਸ਼ਬਦ ਗ਼ੈਰ ਹਾਜ਼ਰ ਹੋ ਕੇ ਵੀ ਹਾਜ਼ਰ ਰਹਿੰਦਾ ਹੈ। ਇਹ ਇਕ ਅਮੂਰਤ ਸੰਕਲਪ ਜਾਂ ਮੋਟਿਫ ਵਾਂਗ ਇਸਦੇ ਸਮੁੱਚੇ ਸਿਰਜਿਤ ਪ੍ਰਵਚਨ ਵਿਚ ਫੈਲਿਆ ਹੋਇਆ ਹੈ। ਨਾਵਲ ਦੇ ਸਾਰੇ ਪਾਤਰ ਆਪੋ ਆਪਣੀਆਂ ਗ਼ਰਜ਼ਾਂ ਅਤੇ ਲਾਲਸਾਵਾਂ ਦੀ ਪੂਰਤੀ ਲਈ ਇਕ ਦੂਸਰੇ ਨੂੰ ਮਾਧਿਅਮ ਬਣਾਉਣ ਵੱਲ ਰੁਚਿਤ ਦਿਖਾਈ ਦਿੰਦੇ ਹਨ। ਇਕ ਤਰ੍ਹਾਂ ਨਾਲ ਕੋਈ ਕਿਸੇ ਦੀ ਸਵਾਰੀ ਬਣਦਾ ਅਤੇ ਕੋਈ ਕਿਸੇ ਨੂੰ ਸਵਾਰੀ ਬਣਾਉਂਦਾ ਹੈ। ਇਸ ਤਰ੍ਹਾਂ ਸਵਾਰੀ ਦਾ ਇਹ ਮੋਟਿਫ਼ ਇਸ ਨਾਵਲ ਦੇ ਸਮੂਹ ਕਥਾ-ਪ੍ਰਸੰਗਾਂ ਨੂੰ ਅਰਥ-ਸਾਰਥਕਤਾ ਦੇ ਸੰਗਠਨਾਂ ਵਿਚ ਢਾਲਦਾ ਦਿਖਾਈ ਦਿੰਦਾ ਹੈ।

'ਸਵਾਰੀ' ਨਾਵਲ ਦੀ ਟੈਕਸਟ ਵਿਚੋਂ ਗੁਜ਼ਰਦਿਆਂ ਪਾਠਕ ਨੂੰ ਇਸ ਵਿਚ ਘਟਨਾਵਾਂ ਅਤੇ ਸਥਿਤੀਆਂ ਦੀ ਭਰਮਾਰ ਨਜ਼ਰ ਆਉਂਦੀ ਹੈ ਅਤੇ ਇਹ ਇਕ ਬਿਖਰੀ ਹੋਈ ਰਚਨਾ ਦਾ ਪ੍ਰਭਾਵ ਦਿੰਦਾ ਹੈ ਪਰ ਰਤਾ ਗਹੁ ਨਾਲ ਵਾਚਿਆਂ ਪਤਾ ਚਲਦਾ ਹੈ ਕਿ ਇਸਦੇ ਖਿੰਡਰੇ ਹੋਏ ਬਿਰਤਾਂਤਕ ਵੇਰਵਿਆਂ ਦੀ ਤਹਿ ਵਿਚ 'ਇਕ ਨਿਰੰਤਰ ਗਤੀ ਵਾਲੀ ਕਹਾਣੀ'ਦੇ ਸੂਤਰ ਮੌਜੂਦ ਹਨ। [2] ਇਹ ਕਥਾ-ਸੂਤਰ ਇਸ ਵਿਚਲੇ ਦੋ ਮੁੱਖ ਪਾਤਰਾਂ ਬਲਦੇਵ ਅਤੇ ਸ਼ੌਨ-ਦੇ ਸਮਾਨੰਤਰ ਪਰਿਵਾਰਕ ਬਿਰਤਾਂਤਾਂ ਦੀ ਉਸਾਰੀ ਕਰਦੇ ਹਨ। ਬਲਦੇਵ ਪੰਜਾਬ ਵਿਚੋਂ ਪ੍ਰਵਾਸ ਕਰਕੇ ਆਇਆ ਹੈ ਅਤੇ ਸ਼ੌਨ ਆਇਰਲੈਂਡ ਵਿਚੋਂ ਦੋਹਾਂ ਪਰਿਵਾਰਾਂ ਦੀ ਮਨੋ-ਸਮਾਜਿਕ ਬਣਤਰ ਵਿਚ ਆਪੋ ਆਪਣੀ ਪਿਤਰ-ਭੂਮੀ ਦੀਆਂ ਸਭਿਆਚਾਰਕ ਰਵਾਇਤਾਂ ਅਤੇ ਪ੍ਰਜਾਤੀਗਤ (ethnic) ਸੰਸਕਾਰ ਵਸੇ ਹੋਏ ਹਨ ਜੋ ਇਨ੍ਹਾਂ ਨੂੰ ਬਹੁ-ਸਭਿਆਚਾਰਕ ਬਰਤਾਨਵੀ ਸਮਾਜ ਨਾਲ ਪੂਰੀ ਤਰ੍ਹਾਂ ਇਕਸੁਰ ਹੋਣ ਵਿਚ ਰੁਕਾਵਟਾਂ ਪਾਉਂਦੇ ਹਨ। ਇਹ ਦੋਵੇਂ ਪਾਤਰ ਬਰਤਾਨਵੀ ਸਮਾਜ ਦੀ ਮੁੱਖਧਾਰਾ ਦੇ ਹਾਸ਼ੀਏ ਉੱਤੇ ਵਿਚਰਦੇ ਹੋਏ ਆਪੋ ਆਪਣੀਆਂ ਅਸਤਿਤਵੀ ਸਥਿਤੀਆਂ ਨਾਲ ਜੂਝਦੇ ਹਨ ਅਤੇ ਆਪਣੀ ਹੋਂਦ ਦਾ ਅਰਥ ਤਲਾਸ਼ ਕਰਦੇ ਹਨ। ਲੇਖਕ ਦੀ ਖੂਬੀ ਇਹ ਹੈ ਕਿ ਉਸਨੇ ਇਨ੍ਹਾਂ ਸਮਾਨੰਤਰ ਪਰਿਵਾਰਕ ਬਿਰਤਾਂਤਾਂ ਨੂੰ ਇੱਕਲੇ ਕਾਰੇ ਜਜ਼ੀਰਿਆਂ ਵਾਂਗ ਨਹੀਂ ਸਗੋਂ ਆਲ ਦੁਆਲੇ ਦੀ ਹਕੀਕਤ ਨਾਲ ਸਰਗਰਮ ਅੰਤਰ-ਕਿਰਿਆ ਵਿਚ ਰੱਖ ਕੇ ਪੇਸ਼ ਕੀਤਾ ਹੈ। ਇਹ ਅੰਤਰ-ਕਿਰਿਆ ਵਿਭੰਨ ਪਾਤਰਾਂ ਦੇ ਮਾਧਿਅਮ ਰਾਹੀਂ ਉਸ ਸਮੁੱਚੇ ਮਾਹੌਲ ਨਾਲ ਜਾ ਜੁੜਦੀ ਹੈ ਜਿਸ ਵਿਚ ਇਹ ਪਾਤਰ ਸਾਹ ਲੈਂਦੇ ਹਨ ਅਤੇ ਆਪਣੀ ਹੋਂਦ ਲਈ ਸੰਘਰਸ਼ ਕਰਦੇ ਹਨ।

ਹਰ ਲਿਖਤ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਵਿਰਸੇ ਜਾਂ ਵਰਤਮਾਨ ਨਾਲ ਸੰਵਾਦ ਰਚਾਉਂਦੀ ਹੈ ਅਤੇ ਅਰਥਾਂ ਦੇ ਉਤਪਾਦਨ ਵੱਲ ਰੁਚਿਤ ਹੁੰਦੀ ਹੈ। ਸਮਕਾਲੀ ਸਾਹਿਤ-ਚਿੰਤਕਾਂ ਨੇ ਲਿਖਤ ਦੀ ਇਸ ਸੰਵਾਦੀ ਸਥਿਤੀ ਨੂੰ ਪ੍ਰਵਚਨ ਦੇ ਸੰਕਲਪ ਰਾਹੀ ਪਰਿਭਾਸ਼ਿਤ ਕੀਤਾ ਹੈ। ਪ੍ਰਵਚਨ ਹਮੇਸ਼ਾਂ ਸਮੇਂ ਸਥਾਨ ਅਤੇ ਸਭਿਆਚਾਰ ਵਿਚ ਸਥਿਤ ਹੁੰਦਾ ਹੈ ਅਤੇ ਇਸੇ ਸੰਦਰਭ ਵਿਚ ਹੀ ਅਰਥ ਗ੍ਰਹਿਣ ਕਰਦਾ ਹੈ। ਇਸ ਲਈ ਮੁੱਖ ਮਸਲਾ ਇਕ ਨਾਵਲ ਨੂੰ ਪ੍ਰਵਚਨ (discourse) ਦੇ ਤੌਰ ਤੇ ਵਾਚਣ ਅਤੇ ਵਿਚਾਰਨ ਦਾ ਹੈ। ਇਸ ਮੰਤਵ ਲਈ ਇਸ ਨਾਵਲ ਦੇ ਕਥਾ-ਪ੍ਰਸੰਗਾਂ ਨੂੰ ਸਮਾਜਿਕ ਆਰਥਿਕ ਬਣਤਰ ਜੇ ਉਸ ਸਮੁੱਚੇ ਪਰਿਵੇਸ਼ ਵਿਚ ਰੱਖ ਕੇ ਵਾਚਣਾ ਪਵੇਗਾ। ਜਿਸ ਵਿਚ ਇਨ੍ਹਾਂ ਨੂੰ ਸਥਿਤ ਕੀਤਾ ਗਿਆ ਹੈ।

ਨਾਵਲ ਦਾ ਮੂਲ ਘਟਨਾ ਸਥਲ ਬਰਤਾਨੀਆ ਹੈ ਜਿਸਦਾ ਬਹੁ-ਸਭਿਆਚਾਰਕ ਸਮਾਜ

ਵਿਕਸਿਤ ਪੂੰਜੀਵਾਦੀ ਅਰਥ-ਵਿਵਸਥਾ ਅਤੇ ਗਲੋਬਲ ਸਰਮਾਏ ਦੀ ਪੇਸ਼ਕਦਮੀ ਕਾਰਣ ਉੱਤਰ-ਆਧੁਨਿਕ ਸਥਿਤੀ ਅਤੇ ਸੋਚ ਦੀ ਪ੍ਰਤਿਨਿਧਤਾ ਕਰਦਾ ਹੈ। ਵਿਅਕਤੀ ਕਦਰਾਂ-ਕੀਮਤਾਂ ਅਤੇ ਨਵੇਂ ਕਿਸਮ ਦੇ ਖਪਤ ਸਭਿਆਚਾਰ ਨੂੰ ਉਤਸਾਹਿਤ ਕਰਨ ਵਾਲਾ ਇਹ ਨਜ਼ਾਮ ਪਰੰਪਰਕ ਰਵਾਇਤਾਂ ਅਤੇ ਸੰਸਥਾਵਾਂ ਦਾ ਵਿਗਠਨ ਕਰਕੇ ਮਨੁੱਖੀ ਰਿਸ਼ਤਿਆਂ ਨੂੰ ਵੀ ਡੂੰਘੀ ਤਰ੍ਹਾਂ ਪ੍ਰਭਾਵਿਤ ਕਰਨ ਵਾਲਾ ਹੈ। ਖ਼ਾਸ ਤੌਰ ਤੇ ਅਣਵਿਕਸਿਤ ਜਾਂ ਘੱਟ-ਵਿਕਸਿਤ ਦੇਸ਼ਾਂ ਵਿਚੋਂ ਹਿਜ਼ਰਤ ਕਰਨ ਵਾਲੇ ਬਲਦੇਵ ਅਤੇ ਸ਼ੌਨ ਵਰਗੇ ਪ੍ਰਵਾਸੀਆਂ ਲਈ ਤਾਂ ਇਹ ਹੋਰ ਵੀ ਵਧੇਰੇ ਚੁਣੌਤੀ ਭਰਪੂਰ ਹੈ ਜਿਨ੍ਹਾਂ ਦੇ ਅਵਚੇਤਨ ਵਿਚ ਦੇਸੀ ਰਵਾਇਤਾਂ ਅਤੇ ਪ੍ਰਜਾਤਗਤ ਸੰਸਕਾਰ ਵਸੇ ਹੋਏ ਹਨ। ਇਹ ਨਾ ਤਾਂ ਮਾਨਸਿਕ ਤੌਰ ਤੇ ਆਪਣੇ ਦੇਸੀ ਵਿਰਸੇ ਨਾਲੋਂ ਟੁੱਟ ਸਕਦੇ ਹਨ ਅਤੇ ਨਾ ਨਵੇਂ ਮਾਹੌਲ ਨਾਲ ਪੂਰੀ ਤਰ੍ਹਾਂ ਇਕਸੁਰ ਹੋ ਸਕਦੇ ਹਨ। ਇਸੇ ਦੁਬਿਧਾ ਅਤੇ ਤਣਾਉ ਦੀ ਸਥਿਤੀ ਵਿਚ ਵਿਚਰਦੇ ਹੋਏ ਇਹ ਆਪਣੀਆਂ ਨਿੱਕੀਆਂ ਹਿਰਸਾਂ ਅਤੇ ਗ਼ਰਜ਼ਾਂ ਦੀ ਪੂਰਤੀ ਹਿਤ ਜੀਵਨ-ਵਿਹਾਰ ਦੇ ਦੂਹਰੇ ਮਾਪਦੰਡ ਅਪਣਾਉਂਦੇ ਦਿਖਾਈ ਦਿੰਦੇ ਹਨ। ਇਹ ਦੂਸਰਿਆਂ ਨਾਲ ਹੀ ਨਹੀਂ ਸਗੋਂ ਆਪਣੇ ਸਕੇ ਸਬੰਧੀਆਂ ਨਾਲ ਵੀ ਰਿਸ਼ਤਿਆਂ ਦੀ ਸਿਆਸਤ ਖੇਡਦੇ ਹਨ। ਬਲਦੇਵ ਦੇ ਪਰਿਵਾਰ ਵਿਚ ਰਿਸ਼ਤਿਆਂ ਦੀ ਇਸ ਸਿਆਸਤ ਦਾ ਸ਼ਿਕਾਰ ਹੋਣ ਵਾਲੇ ਪਾਤਰ ਹਨ ਸੋਹਣ ਸਿੰਘ, ਸ਼ਿੰਦਾ ਅਤੇ ਗਾਗੂ ਜਿੰਨ੍ਹਾਂ ਨੂੰ ਅਜਮੇਰ ਅਤੇ ਸਤਨਾਮ ਆਪਣੀ ਗ਼ਰਜ਼-ਪੂਰਤੀ ਦਾ ਸ਼ਿਕਾਰ ਬਣਾਉਣ ਵੱਲ ਰੁਚਿਤ ਹਨ। ਰਿਸ਼ਤਿਆਂ ਦੇ ਸਹਿਜ ਸਨੇਹ ਨਾਲੋਂ ਟੁੱਟੇ ਹੋਏ ਇਹ ਪਾਤਰ ਚਾਂਗਲੂ ਕਬੀਲੇ ਦੇ ਉਸ ਵਾਂਗਲੂ ਵਾਂਗ ਹਨ ਜਿਸਦਾ ਜ਼ਿਕਰ ਇਸ ਨਾਵਲ ਦੇ ਇਕ ਗੌਣ ਕਥਾ ਪ੍ਰਸੰਗ ਵਿਚ ਹੋਇਆ ਹੈ। ਇਸ ਖੇਡ ਵਿਚ ਮੁਕਾਬਲਾ ਦੋ ਖਿਡਾਰੀਆਂ ਵਿਚਕਾਰ ਨਹੀਂ ਸਗੋਂ ਦੋ ਸਹਿਯੋਗੀ ਖਿਡਾਰੀਆਂ ਅਤੇ ਵਾਂਗਲੂ ਵਿਚਕਾਰ ਹੁੰਦਾ ਹੈ ਜਿਸਦੀ ਅੰਤਿਮ ਹੋਣੀ ਸਿਰਫ਼ ਪਾਟਣਾ ਜਾਂ ਬਿਨਸ ਜਾਣਾ ਹੈ। ਅਸਲ ਵਿਚ ਇਹ ਸਮੁੱਚੇ ਬਿਰਤਾਂਤ ਦਾ ਬੀਜ-ਮੋਟਿਫ਼ ਸਿੱਧ ਹੁੰਦਾ ਹੈ। ਇਥੇ ਸਾਨੂੰ ਸਹਿਵਨ ਹੀ ਕਿੱਸਾ ਹੀਰ ਵਾਰਿਸ ਦੀਆਂ ਇਹ ਪੰਗਤੀਆਂ ਵੀ ਚੇਤੇ ਆਉਂਦੀਆਂ ਹਨ-

ਵਾਰਿਸ ਸ਼ਾਹ ਇਕ ਗ਼ਰਜ਼ ਹੈ ਬਹੁਤ ਪਿਆਰੀ,
ਹੋਰ ਸਾਕ ਨਾ ਸੈਨ ਨਾ ਅੰਗ ਦੇ ਨੇ।

ਇਸੇ ਕਿਸਮ ਦੀ ਗ਼ਰਜ਼-ਪੂਰਤੀ ਅਤੇ ਦੂਹਰੇ ਨੈਤਿਕ ਮਾਪ-ਦੰਡਾਂ ਦਾ ਪ੍ਰਗਟਾਵਾ ਸ਼ੌਨ ਦੇ ਪਰਿਵਾਰਕ ਬਿਰਤਾਂਤ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਸ਼ੌਨ ਅਤੇ ਉਸਦਾ ਪਰਿਵਾਰ ਆਪਣੀਆਂ ਆਇਰਿਸ਼-ਕੈਥੋਲਿਕ ਰਵਾਇਤਾਂ ਅਨੁਸਾਰ ਐਲੀਸਨ ਦੇ ਬਰਾਇਨ ਸਵੀਨੇ ਦੇ ਮੁੰਡੇ ਨਾਲ ਜੋੜੇ ਵਿਆਹ ਬਾਹਰੇ ਸੈਕਸ ਸੰਬੰਧ ਨੂੰ ਗੁਨਾਹ ਅਤੇ ਪਰਿਵਾਰਕ ਨਮੋਸ਼ੀ ਮੰਨਦਾ ਹੈ। ਇਸ ਤੋਂ ਇਲਾਵਾ ਸ਼ੌਨ ਨੂੰ ਆਪਣੀਆਂ ਰਾਜਨੀਤਕ ਆਕਾਂਖਿਆਵਾਂ ਦੇ ਰਸਤੇ ਵਿਚ ਵੀ ਇਹ ਸਭ ਤੋਂ ਵੱਡੀ ਰੁਕਾਵਟ ਪ੍ਰਤੀਤ ਹੁੰਦੀ ਹੈ। ਜਦੋਂ ਐਲੀਸਨ ਪਰਿਵਾਰਿਕ ਰੋਹ ਤੋਂ ਬਚਣ ਲਈ ਇੰਗਲੈਂਡ ਚਲੀ ਜਾਂਦੀ ਹੈ ਤਾਂ ਸ਼ੌਨ ਉਸਦਾ ਪਿੱਛਾ ਕਰਦਾ ਹੈ। ਉਹ ਐਲੀਸਨ ਨੂੰ ਮਾਰ ਮੁਕਾਉਣ ਜਾਂ ਧਾਰਮਿਕ ਪਸ਼ਚਾਤਾਪ (confession) ਰਾਹੀਂ ਉਸਨੂੰ ਇਸ 'ਪਾਪ-ਕਰਮ' ਤੋਂ ਮੁਕਤ ਕਰਾਉਣ ਦੀਆਂ ਵਿਉਂਤਾਂ ਘੜਦਾ ਹੈ। ਉਸਦੀ ਨਜ਼ਰ ਵਿਚ ਭੈਣ-ਭਰਾ ਦੇ ਰਿਸ਼ਤੇ ਨਾਲੋਂ ਕੈਥੋਲਿਕ ਰਵਾਇਤਾਂ ਵਧੇਰੇ ਮਹੱਤਵ ਰੱਖਦੀਆਂ ਹਨ। ਪਰ ਜਦੋਂ ਉਹ ਖ਼ੁਦ ਕੈਰਨ ਨਾਲ ਜੋੜੇ ਵਿਆਹ ਸੰਬੰਧ ਤੋਂ ਨਾ-ਖ਼ੁਸ਼ ਹੁੰਦਾ ਹੈ ਤਾਂ ਤਲਾਕ ਲੈਣ ਲਈ ਇਸੇ ਕੈਥੋਲਿਕ ਵਿਰਸੇ ਦੀਆਂ ਰਵਾਇਤਾਂ ਨੂੰ ਹਰ ਜਾਇਜ਼-ਨਾਜਾਇਜ਼ ਢੰਗ ਨਾਲ ਤੋੜਨਾ ਲੋਚਦਾ ਹੈ। ਸ਼ੌਨ ਦਾ ਇਹ ਵਿਵਹਾਰ ਉਸਦੇ ਦੰਭੀ ਚਰਿਤਰ (ਅੰਦਰੋਂ ਹੋਰ, ਬਾਹਰੋਂ ਹੋਰ ) ਨੂੰ ਹੀ ਉਘਾੜਦਾ ਹੈ।

ਇਸ ਨਾਵਲ ਦੀ ਬਿਰਤਾਂਤਕ ਸਪੇਸ ਵਿਚ ਸਭ ਤੋਂ ਵੱਧ ਵਿਸਤਾਰ ਔਰਤ-ਮਰਦ ਸੰਬੰਧਾਂ ਨੂੰ



ਮਿਲਿਆ ਹੈ। ਇਸ ਵਿਚਲੇ ਪਾਤਰ ਕਾਮਨਾ ਦੀ ਵਕਤੀ ਉਤੇਜਨਾ ਅਧੀਨ ਤੇਜ਼ੀ ਨਾਲ ਸਰੀਰਕ ਸੰਬੰਧ ਜੋੜਨ ਦੇ ਮੌਕੇ ਤਲਾਸ਼ ਕਰਦੇ ਹਨ। ਕਿਧਰੇ ਦੋਸਤੀ ਅਤੇ ਕਿਧਰੇ ਪਿਆਰ ਦੀ ਆੜ ਵਿਚ। ਮਨੋ-ਸਰੀਰਕ ਸੰਤੁਸ਼ਟੀ ਨਾ ਮਿਲਨ ਦੀ ਹਾਲਤ ਵਿਚ ਇਹ ਵਕਤੀ ਸੰਬੰਧ ਛੇਤੀ ਹੀ ਟੁੱਟ ਵੀ ਜਾਂਦੇ ਹਨ। ਸਮੁੰਦਰੀ ਜਹਾਜ਼ ਰਾਹੀ ਆਇਰਲੈਂਡ ਜਾਂਦਿਆਂ ਰਸਤੇ ਵਿਚ ਬਲਦੇਵ ਦਾ ਇਕ ਅਜਨਬੀ ਕੁੜੀ ਜੀਨ ਨਾਲ ਫੌਰੀ ਸੈਕਸ ਸੰਬੰਧ ਜੋੜਨਾ ਅਤੇ ਫੇਰ ਉਪਰੋਥਲੀ ਮੈਰੀ, ਲਿਜ਼ ਅਤੇ ਐਲੀਸਨ ਨਾਲ ਦੋਸਤੀ ਦੇ ਭਰਮ ਵਰਗੇ ਰਿਸ਼ਤੇ ਸਥਾਪਿਤ ਕਰਨਾ ਇਸੇ ਸਥਿਤੀ ਵੱਲ ਸੰਕੇਤ ਕਰਦਾ ਹੈ। ਉਧਰ ਬਲਦੇਵ ਦੀ ਪਤਨੀ ਵੀ ਆਪਣੇ ਕੁਲੀਗ ਲੀਹਾਰਵੇ ਨਾਲ ਇਹੋ ਜਿਹੇ 'ਦੋਸਤਾਨਾ' ਸੰਬੰਧ ਜੋੜਦੀ ਹੈ। ਇਸੇ ਤਰ੍ਹਾਂ ਕਈ ਹੋਰ ਪਾਤਰ ਵੀ ਇਸੇ ਕਿਸਮ ਦੇ ਵਿਆਹ-ਬਾਹਰੇ ਸੰਬੰਧ ਜੋੜਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਜਦੋਂ ਅਸੀਂ ਇਨ੍ਹਾਂ ਸੰਬੰਧਾਂ ਨੂੰ ਪੱਛਮੀ ਸਮਾਜ-ਸਭਿਆਚਾਰ ਦੀ ਵਰਤਮਾਨ ਸਥਿਤੀ ਦੇ ਪ੍ਰਸੰਗ ਵਿਚ ਰੱਖ ਕੇ ਵਾਚਦੇ ਹਾਂ ਤਾਂ ਇਨ੍ਹਾਂ ਦੇ ਸਮਾਜ-ਵਿਗਿਆਨਕ ਕਾਰਣ ਵੀ ਛੇਤੀ ਹੀ ਸਪੱਸ਼ਟ ਹੋ ਜਾਂਦੇ ਹਨ। ਵਿਕਸਿਤ ਸਰਮਾਇਦਾਰੀ ਪ੍ਰਬੰਧ ਅਤੇ ਉਸਦਾ ਵਿਚਾਰਧਾਰਾਈ ਉਸਾਰ ਜਿਸ ਕਿਸਮ ਦੇ ਨਿਰੰਕੁਸ਼ ਵਿਅਕਤੀਵਾਦ ਅਤੇ ਖਪਤ ਸਭਿਆਚਾਰ ਨੂੰ ਉਤਸਾਹਿਤ ਕਰਦਾ ਹੈ ਇਹ ਓਸੇ ਦਾ ਸੁਭਾਵਕ ਪ੍ਰਤਿਫਲ ਹੈ। ਪੈਸੇ ਦੀ ਸਰਦਾਰੀ ਸਥਾਪਿਤ ਕਰਨ ਵਾਲਾ ਅਤੇ ਮਸ਼ੀਨ ਨੂੰ ਮਨੁੱਖ ਉੱਤੇ ਤਰਜੀਹ ਦੇਣ ਵਾਲਾ ਇਹ ਨਵਾਂ ਨਜ਼ਾਮ ਪਰੰਪਰਕ ਰਵਾਇਤਾਂ ਅਤੇ ਸੰਸਥਾਵਾਂ ਦੀ ਪ੍ਰਸੰਗਿਕਤਾ ਉੱਤੇ ਸਵਾਲੀਆਂ ਨਿਸ਼ਾਨ ਲਾ ਦਿੰਦਾ ਹੈ ਅਤੇ ਸਮਾਜ-ਸਭਿਆਚਾਰ ਲਈ ਗੰਭੀਰ ਚੁਣੌਤੀਆਂ ਪ੍ਰਸਤੁਤ ਕਰਦਾ ਹੈ। ਇਹ ਕਾਮਨਾ ਦੀ ਨਿਰੰਕੁਸ਼ ਸ਼ਕਤੀ (libidinal energy) ਨੂੰ ਸਮਾਜ-ਪ੍ਰਵਾਨ ਢੰਗਾਂ ਨਾਲ ਸੰਚਾਲਿਤ ਕਰਨ ਵਾਲੀਆਂ ਪਰਿਵਾਰ ਅਤੇ ਵਿਆਹ ਵਰਗੀਆਂ ਸੰਸਥਾਵਾਂ ਨੂੰ ਬੇਦਖ਼ਲ ਕਰਨ ਵਲ ਤਾਂ ਰੁਚਿਤ ਹੈ ਪਰ ਮਨੋ-ਸਰੀਰਕ ਸੰਤੁਸ਼ਟੀ ਪ੍ਰਦਾਨ ਕਰਨ ਵਾਲੇ ਔਰਤ-ਮਰਦ ਸੰਬੰਧਾਂ ਦਾ ਕੋਈ ਵਿਵੇਕ ਪੂਰਣ ਬਦਲ ਪੇਸ਼ ਕਰਨ ਤੋਂ ਅਸਮਰੱਥ ਹੈ। ਇਨ੍ਹਾਂ ਸੰਸਥਾਵਾਂ ਦਾ ਵਿਗਠਨ ਅਤੇ ਵਿਸਥਾਪਨ ਔਰਤ-ਮਰਦ ਸੰਬੰਧਾਂ ਦੀ ਜਿਸ ਨਵੀਂ ਸੰਰਚਨਾ ਨੂੰ ਜਨਮ ਦੇ ਰਿਹਾ ਹੈ ਉਹ ਪਰਸਪਰ ਦੋਸਤੀ ਦੇ ਆਧਾਰ ਉੱਤੇ ਇਕੱਠੇ ਰਹਿਣ (live-in-relationship) ਦੇ ਸੰਕਲਪ ਉੱਪਰ ਅਧਾਰਿਤ ਹੈ। ਇਸ ਨਵੇਂ ਉੱਭਰ ਰਹੇ ਰੁਝਾਨ ਦੀ ਸਮੂਰਤ ਪੇਸ਼ਕਾਰੀ ਪੰਜਾਬੀ ਵਿਚ ਪਹਿਲੀ ਵਾਰੀ ਇੰਨੀ ਭਰਪੂਰਤਾ ਨਾਲ ਇਸੇ ਨਾਵਲ ਦੁਆਰਾ ਸਾਮ੍ਹਣੇ ਆਉਂਦੀ ਹੈ। ਇਸ ਵਿਚਲੇ ਅਨੇਕਾਂ ਮਰਦ ਔਰਤ ਪਾਤਰ ਇਸੇ ਕਿਸਮ ਦੀ live-in-relationship ਦੀ ਸਥਿਤੀ ਵਿਚ ਜਿਉਂ ਰਹੇ ਸਨ। ਪਰ ਰਿਸ਼ਤਿਆਂ ਦੀ ਇਹ ਨਵੀਂ ਸੰਰਚਨਾ ਮਨੁੱਖੀ ਰਿਸ਼ਤਿਆਂ ਨੂੰ ਮਨੋ-ਸਰੀਰਕ ਸੰਤੁਸ਼ਟੀ ਪ੍ਰਦਾਨ ਕਰਨ ਵਿਚ ਕਿੰਨੀ ਕੁ ਸਫ਼ਲ ਅਤੇ ਪਾਇਦਾਰ ਸਿੱਧ ਹੁੰਦੀ ਹੈ ਇਹ ਇਕ ਅਜਿਹਾ ਸਮਾਜ ਮਨੋ-ਵਿਗਿਆਨਕ ਮਸਲਾ ਹੈ ਜਿਸਦਾ ਨਿਰਣਾ ਹੋਣਾ ਅਜੇ ਬਾਕੀ ਹੈ। ਇਸ ਤਰ੍ਹਾਂ ਇਹ ਨਾਵਲ ਸਾਨੂੰ ਔਰਤ-ਮਰਦ ਸੰਬੰਧਾਂ ਦੇ ਹਵਾਲੇ ਨਾਲ ਪੱਛਮੀ ਸਮਾਜ-ਸਭਿਆਚਾਰ ਦੀ ਵਰਤਮਾਨ ਸਥਿਤੀ, ਇਸਦੇ ਵਿਚਾਰਧਾਰਾਈ ਵਿਰੋਧਾਂ ਅਤੇ ਸਾਮਾਜਿਕ ਸੰਕਟਾਂ ਦੀ ਝਾਕੀ ਦਿਖਾਉਂਦਾ ਹੈ।

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਹਰਜੀਤ ਅਟਵਾਲ ਦਾ ਇਹ ਨਾਵਲ ਬਰਤਾਨੀਆ ਦੇ ਬਹੁ-ਸਭਿਆਚਾਰਕ ਸਮਾਜ ਅਤੇ ਉੱਤਰ-ਆਧੁਨਿਕ ਸਥਿਤੀ ਵਿਚ ਜਿਉਂ ਰਹੇ ਮਨੁੱਖੀ ਭਾਈਚਾਰਿਆਂ ਦੀ ਹਕੀਕਤ ਨੂੰ ਫਰੋਲਦਾ ਹੈ ਜਿਸ ਵਿਚ ਪ੍ਰਵਾਸੀ ਪੰਜਾਬੀ ਭਾਈਚਾਰਾ ਵੀ ਬਰਾਬਰ ਦਾ ਸ਼ਰੀਕ ਹੈ। ਇਹ ਸਮਕਾਲੀ ਸਥਿਤੀ ਵਿਚ ਜਿਉਂ ਰਹੇ ਇਨ੍ਹਾਂ ਭਾਈਚਾਰਿਆਂ ਦੇ ਅਸਤਿਤਵੀ ਸੰਕਟਾਂ ਅਤੇ ਸਰੋਕਾਰਾਂ ਨੂੰ ਜ਼ੁਬਾਨ ਦਿੰਦਾ ਹੈ। ਇਸਦੇ ਨਾਲ ਹੀ ਇਹ ਆਪਣੇ ਬਿਰਤਾਂਤਕ ਪ੍ਰਵਚਨ ਰਾਹੀਂ ਮਨੁੱਖੀ ਰਿਸ਼ਤਿਆਂ ਦੀ ਉਸ ਸਿਆਸਤ ਨੂੰ ਵੀ ਉਘਾੜਦਾ ਹੈ ਜਿਹੜੀ ਦੂਸਰਿਆਂ ਨੂੰ

ਮਾਧਿਆਮ ਵਜੋਂ ਵਰਤਨ ਵਲ ਰੁਚਿਤ ਹੁੰਦੀ ਹੀ ਹੈ। ਹੋਰ ਤਾਂ ਹੋਰ ਇਹ ਆਪਣੀਆਂ ਹਿਰਸਾਂ ਅਤੇ ਗ਼ਰਜ਼ਾਂ ਦੀ ਪੂਰਤੀ ਹਿਤ ਆਪਣਿਆਂ ਉੱਤੇ ਵੀ ਸਵਾਰੀ ਕਰਨੋਂ ਸੰਕੋਚ ਨਹੀਂ ਸਕਦੀ।

**ਟਿਪਣੀਆਂ ਤੇ ਹਵਾਲੇ-**

*1. ਗੁਰਪਾਲ ਸਿੰਘ ਸੰਧੂ, 'ਸਵਾਰੀ' ਸਮੱਸਿਆਕਾਰ ਅਤੇ ਬਿਰਤਾਂਤ-ਵਿਧੀ, 'ਸਮਦਰਸ਼ੀ' 86, ਪੰਨਾ-78.*

*2. "ਭਾਵੇਂ ਸਤਹੀ ਤੌਰ ਤੇ ਇਸਦਾ ਬਿਰਤਾਂਤ-ਪ੍ਰਗਟਾ ਖਿੰਡਰਿਆ ਪੁੰਡਰਿਆ ਅਤੇ ਕਥਾ-ਸੰਦਰਭ ਉਖੜੀ ਹੋਈ ਰਚਨਾ-ਜੜਤ ਦਾ ਪ੍ਰਭਾਵ ਦਿੰਦਾ ਹਨ। ਪਰ ਇਨ੍ਹਾਂ ਖਿੰਡੇ ਹੋਏ ਕਥਾ ਸੰਦਰਭਾਂ ਦੀ ਤਹਿ ਵਿਚ ਇਕ ਸੰਗਠਿਤ ਅਤੇ ਨਿਰਤੰਰ ਗਤੀ ਵਾਲੀ ਕਹਾਣੀ ਗਤੀਸ਼ੀਲ ਰਹਿੰਦੀ ਹੈ... ਇਹ ਬਿਰਤਾਂਤ-ਪ੍ਰਗਟਾਅ ਅਜੋਕੇ ਪੱਛਮੀ ਬਹੁ-ਸਭਿਆਚਾਰਕ ਯਥਾਰਥ ਦੇ ਬਹੁ-ਪਾਸਾਰੀ ਅੰਤਰ-ਸੰਬੰਧਾਂ ਵਿਚ ਬੱਝੇ ਹੋਏ ਪੰਜਾਬੀ ਮਨੁੱਖ ਦੇ ਖਿਲਰੇ ਹੋਏ ਸਵੈ ਦੀ ਅਕਾਸੀ ਵਾਲੀ ਸਫਲ ਬਿਰਤਾਂਤ-ਵਿਧੀ ਦੇ ਰੂਪ ਵਿਚ ਉਜਾਗਰ ਹੁੰਦਾ ਹੈ।" ਓਹੀ , ਪੰਨਾ-88*

**ਸਾਬਕਾ ਪ੍ਰੋਫ਼ੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।**


**ਚਰਚਿਤ ਕਹਾਣੀਕਾਰ ਅਜਮੇਰ ਸਿੱਧੂ ਦਾ ਕਹਾਣੀ ਸੰਗ੍ਰਹਿ**

**ਖੂਹ ਗਿੜਦਾ ਹੈ**


**ਚੇਤਨਾ ਪ੍ਰਕਾਸ਼ਨ**
**ਮੁੱਲ- 50 ਰੁਪਏ**





## ਉਖ਼ੜੀਆਂ ਪੈੜਾਂ

### ਸੰਤੋਖ ਧਾਲੀਵਾਲ





ਚੇਤਨਾ ਪ੍ਰਕਾਸ਼ਨ, ਲੁਧਿਆਣਾ
ਮੁੱਲ 250 ਰੁਪਏ

ਇਹ ਨਾਵਲ ਸੰਤੋਖ ਧਾਲੀਵਾਲ ਦੇ ਗਲਪੀ ਸਫ਼ਰ ਦੀ ਗਤੀਸ਼ੀਲਤਾ ਦਾ ਸੂਚਕ ਹੈ। ਇਸ ਨਾਵਲ ਦਾ ਸਾਰਾ ਬਿਰਤਾਂਤ ਸਹਿਜਤਾ ਵਾਲੇ ਖ਼ਮੀਰ ਦਾ ਧਾਰਨੀ ਹੈ। ਯੂਰਪ ਨੂੰ ਖੁਸ਼ਹਾਲੀ ਦਾ ਸਰੋਤ ਸਮਝਣ ਵਾਲੇ ਲੋਕਾਂ ਦਾ ਦੁਖਾਂਤ ਇਸ ਦਾ ਕੇਂਦਰੀ ਸਰੋਕਾਰ ਹੈ। ਅਣਜੋੜ ਵਿਆਹ ਦੀਆਂ ਬਗ਼ਾਵਤੀ ਧੁਨੀਆਂ ਸਮੁੱਚੀ ਟੈਕਸਟ ਵਿਚ ਸਮਾਈਆਂ ਹੋਈਆਂ ਹਨ। ਯੂਰਪ ਵਿਚ ਵੱਸਣ ਦੀ ਖਿੱਚ, ਕਿਸਾਨੀ ਮਾਨਸਿਕਤਾ, ਪਰਵਾਸੀਆਂ ਦਾ ਸਭਿਆਚਾਰਕ ਟਕਰਾਅ, ਲੁੱਟ ਦੀ ਮਾਨਸਿਕਤਾ, ਨਵੀਂ ਪੀੜ੍ਹੀ ਦੀ ਨਸ਼ਿਆਂ ਦੀ ਸਮੱਸਿਆ, ਪੀੜ੍ਹੀਆਂ ਦਾ ਮਾਨਸਿਕ ਪਾੜਾ, ਯੂਰਪ ਦਾ ਗਲੈਮਰੀ ਸਭਿਆਚਾਰ, ਨਸਲੀ ਵਿਤਕਰਾ ਵਰਗੇ ਸਰੋਕਾਰ ਸਮੁੱਚੀ ਟੈਕਸਟ ਤੇ ਫੈਲੇ ਹੋਏ ਹਨ। ਧਾਲੀਵਾਲ ਪਾਤਰਾਂ ਨੂੰ ਸਮਾਨੰਤਰ ਵਿਕਾਸ ਵਿਧੀ ਰਾਹੀਂ ਸਿਰਜਦਾ ਹੋਇਆ ਉਹਨਾਂ ਦੀ ਖ਼ੁਦਮੁਖਤਿਆਰੀ ਨੂੰ ਕਾਇਮ ਰੱਖਦਾ ਹੈ। ਉਹ ਪਾਤਰਾਂ ਦੀ ਆਦਰਸ਼ਮੁਖੀ ਨਾਇਕ ਦੀ ਰੂੜੀ ਨੂੰ ਸਥਿਤੀਆਂ ਦੀ ਕਰੂਰਤਾ ਨਾਲ ਟਕਰਾਉਂਦਾ ਦਿਖਾਉਂਦਾ ਹੈ। ਉਸ ਵਿਚਲੀ ਦੁਆਬੀ ਬੋਲੀ ਅਤੇ ਮੁਹਾਵਰਾਮੁਖੀ ਸ਼ੈਲੀ ਪਾਤਰਾਂ ਦੀ ਸਹਿਜ ਜੀਵਨ ਸ਼ੈਲੀ ਨੂੰ ਬਲ ਬਖ਼ਸ਼ਦੀ ਹੈ। ਪਰਵਾਸੀਆਂ ਦੀਆਂ ਜੀਵਨ ਜਟਿਲਤਾਵਾਂ ਦੇ ਪਰਿਵੇਸ਼ ਦੀ ਪੇਸ਼ਕਾਰੀ ਇਸ ਨਾਵਲ ਦੀ ਵਿਲੱਖਣਤਾ ਹੈ।

**-ਰਜਨੀਸ਼ ਬਹਾਦਰ ਸਿੰਘ**



ਕਹਾਣੀਕਾਰ ਪਵਨ ਪਰਿੰਦਾ ਦੀਆਂ ਕਹਾਣੀਆਂ ਦੀਆਂ ਦੋ ਅਹਿਮ ਪੁਸਤਕਾਂ
ਮੱਸਿਆ ਦੀ ਰਾਤ
ਮੁੱਲ- 50 ਰੁਪਏ
ਤੇ
ਲਾਹੇ ਹੋਏ
(ਮੁੱਲ- 40 ਰੁਪਏ)
ਕੁਕਨੂਸ ਪ੍ਰਕਾਸ਼ਨ , ਜਲੰਧਰ




ਪਵਨ ਪਰਿੰਦਾ ਨਵੀਂ ਪੀੜ੍ਹੀ ਦਾ ਕਥਾਕਾਰ ਹੈ। ਇਹ ਕਹਾਣੀਆਂ ਉਸ ਦੇ ਕਲਾਤਮਕ ਵਿਕਾਸ ਅਤੇ ਵਸਤੂ-ਸਥਿਤੀ ਤੇ ਪੀਡੀ ਪਕੜ ਦੀਆਂ ਸੂਚਕ ਹਨ। ਇਨ੍ਹਾਂ ਕਹਾਣੀਆਂ ਨਾਲ ਉਹ ਵਸਤੂ-ਸਥਿਤੀ ਦੀ ਓਪਰੀ ਪਰਤ ਨੂੰ ਕਥਾ ਸੰਸਾਰ ਦਾ ਅਧਾਰ ਬਣਾਉਂਦਾ ਹੈ। ਇਨ੍ਹਾਂ ਕਹਾਣੀਆਂ ਦੇ ਪਾਤਰ ਵਿਪਰੀਤ ਸਥਿਤੀਆਂ ਵਿਚ ਡਟਣ ਦੇ ਨਾਲ ਅਮਾਨਵੀ ਮਰਿਆਦਾ ਨੂੰ ਚੁਣੌਤੀ ਦੇਣ ਦੀ ਸਮਰੱਥਾ ਵੀ ਰੱਖਦੇ ਹਨ। ਔਰਤ-ਮਰਦ ਸੰਬੰਧਾਂ ਤੋਂ ਲੈ ਭਾਰਤੀ ਸਮਾਜ ਵਿਚ ਆਈ ਗਿਰਾਵਟ ਦੇ ਵਿਭਿੰਨ ਪਹਿਲੂਆਂ ਨੂੰ ਉਹ ਆਪਣੇ ਕਲੇਵਰ ਵਿਚ ਸਮੇਟਦਾ ਹੈ, ਕਹਾਣੀ ਸੁਣਾਉਣ ਦੀ ਪਰੰਪਰਾਗਤ ਜੁਗਤ ਦੇ ਨਾਲ ਨਾਲ ਸਥਿਤੀ ਨੂੰ ਉਘਾੜਨ ਦੀ ਸਮਰੱਥਾ ਵੀ ਰੱਖਦਾ ਹੈ। **-ਡਾ. ਰਜਨੀਸ਼ ਬਹਾਦਰ ਸਿੰਘ**

SUR SANJH (Punjabi),Jan-Mar., 2006 , R.N.I. Regd. No. PUN PUN 1999/1490

